

ਇਕਵਾਕ ਸਿੰਘ ਪੱਟੀ

ਨੌਂਜਵਾਨ ਲੇਖਕ ਸ. ਇਕਵਾਕ ਸਿੰਘ ਪੱਟੀ ਨੇ ਆਪਣੀ ਸਖ਼ਤ ਮਿਹਨਤ ਅਤੇ ਲਗਨ ਨਾਲ ਆਪਣੀ ਖਾਸ ਪਹਿਚਾਣ ਬਣਾਈ ਹੈ। ਬਤੌਰ ਇੱਕ ਸਫਲ ਲੇਖਕ ਹੋਣ ਦੇ ਨਾਲ ਇੱਕ ਵਧੀਆ ਸੰਪਾਦਕ, ਰੇਡੀਉ ਆਰਟਿਸਟ, ਤਬਲਾ ਵਾਦਕ ਅਤੇ ਬੁਲਾਰੇ ਵੱਜੋਂ ਜਾਣੇ ਜਾਂਦੇ ਇਸ ਨੌਂਜਵਾਨ ਨੂੰ ਮੈਂ ਪਿਛਲੇ ਲੰਮੇ ਸਮੇਂ ਤੋਂ ਜਾਣਦਾ ਹਾਂ।

ਇਸ ਦਾ ਮੌਜੀ ਜਿਹਾ ਸੁਭਾਅ, ਖੁਸ਼-ਮਿਜਾਜ਼ ਅੰਦਾਜ ਅਤੇ ਬਾ-ਕਮਾਲ ਦੀ ਲੇਖਣੀ ਹਰ ਕਿਸੇ ਨੂੰ ਆਪਣੇ ਵੱਲ ਖਿੱਚਣ ਦੀ ਤਾਕਤ ਰੱਖਦੀ ਹੈ। ਇਸਦੀ ਪਹਿਲੀ ਸੰਪਾਦਿਤ ਕੀਤੀ ਪੁਸਤਕ 'ਨਸੀਬ' ਪੜ੍ਹਨ ਤੋਂ ਬਾਅਦ ਹੱਥਲੀ ਪੁਸਤਕ 'ਕਾਗਜ਼' ਦਾ ਬਹੁੱਤ ਇੰਤਜ਼ਾਰ ਸੀ। ਆਖੀਰ ਇੰਤਜ਼ਾਰ ਖਤਮ ਹੋਇਆ ਹੈ। ਇਕਵਾਕ ਸਿੰਘ ਪੱਟੀ ਵੱਲੋਂ ਰਚਿਤ ਕਹਾਣੀਆਂ ਨਾਲ ਪਾਠਕ ਇਸ ਤਰ੍ਹਾਂ ਜੁੜ ਜਾਂਦੇ ਹਨ, ਜਿਵੇਂ ਉਹਨਾਂ ਦੀਆਂ ਆਪਣੀਆਂ ਹੀ ਕਹਾਣੀਆਂ ਹੋਵਣ। ਸਮਾਜਿਕ ਵਲਵਲਿਆਂ ਨੂੰ ਸਿੱਧੇ ਅਤੇ ਸਪੱਸ਼ਟ ਰੂਪ ਵਿਚ ਪੇਸ਼ ਕਰਨ ਦੀ ਮੁਹਾਰਤ ਜੋ ਇਕਵਾਕ ਸਿੰਘ ਪੱਟੀ ਕੋਲ ਹੈ ਉਹ ਸ਼ਾਇਦ ਹੀ ਕਿਸੇ ਕੋਲ ਹੋਵੇ।

ਇਕਵਾਕ ਸਿੰਘ ਪੱਟੀ ਵੱਲੋਂ ਰਚਿਤ ਕਹਾਣੀਆਂ ਸਿਰਫ ਸਮਾਜ ਤੱਕ ਹੀ ਸੀਮਿਤ ਨਹੀਂ ਰਹਿੰਦੀਆਂ, ਸਗੋਂ ਆਪਣੇ ਆਲੇ-ਦੁਆਲੇ, ਘਰ-ਪਰਿਵਾਰ, ਰਿਸ਼ਤੇ-ਨਾਤੇ ,ਆਂਢ-ਗੁਆਂਢ ਵਿਚ ਆ ਚੁਕੀਆਂ ਕਮੀਆਂ ਨੂੰ ਵੀ ਦਰਸਾਉਂਦੀਆਂ ਹਨ ਅਤੇ ਇਹਨਾਂ ਕਮੀਆਂ ਜਾਂ ਘਾਟਾਂ ਨੂੰ ਦੂਰ ਕਰਨ ਲਈ ਉਤਸ਼ਾਹਿਤ ਕਰਦੀਆਂ ਹਨ।

ਹੱਥਲੀ ਪੁਸਤਕ ਵਿੱਚ ਦਰਜ਼ ਕਾਫੀ ਕਹਾਣੀਆਂ ਸਮਾਜ ਦੇ ਅਹਿਮ ਮੁੱਦਿਆਂ ਬਾਰੇ ਗੰਭੀਰ ਰੂਪ ਵਿੱਚ ਸੋਚਣ ਲਈ ਮਜ਼ਬੂਰ ਕਰਦੀਆਂ ਹਨ, ਉਥੇ ਨੌਂਜਵਾਨ ਪੀੜ੍ਹੀ ਅਤੇ ਪੁਰਾਣੀ ਪੀੜ੍ਹੀ ਵਿਚਲੇ ਆ ਰਹੇ ਬਦਲਾਵ ਬਾਰੇ ਵੀ ਬਹੁਤ ਕੁੱਝ ਦੱਸਦੀਆਂ ਹਨ। ਆਖੀਰ ਚੜ੍ਹਦੀ ਕਲਾ ਦੀ ਅਰਦਾਸ ਕਰਦੇ ਹੋਏ, ਇਕਵਾਕ ਸਿੰਘ ਪੱਟੀ ਦੀ ਤੰਦਰੁਸਤੀ ਦੀ ਦੁਆ ਅਕਾਲ ਪੁਰਖ ਅੱਗੇ ਕਰਦੇ ਹਾਂ। ਆਮੀਨ!

– ਦਮਨਦੀਪ ਸਿੰਘ, ਅੰਮ੍ਰਿਤਸਰ।


**Rattan Brothers**
Jodh Nagar, Sultanwind Road,
Amritsar. Punjab

ISBN : 978-93-5265-727-8


www.PunjabiLibrary.com

ਕਾਗਜ਼

ਇਕਵਾਕ ਸਿੰਘ ਪੱਟੀ

# ਕਾਗਜ਼



## ਇਕਵਾਕ ਸਿੰਘ ਪੱਟੀ

www.PunjabiLibrary.com

# ਕਾਗਜ਼

(ਕਹਾਣੀ ਸੰਗ੍ਰਹਿ)

## ਇਸੇ ਕਲਮ ਤੋਂ...

| | |
|---|---|
| ਆਓ! ਨਾਨਕਵਾਦ ਦੇ ਧਾਰਨੀ ਬਣੀਏ | 2009 |
| ਗੁਰ ਮੂਰਤਿ ਗੁਰ ਸਬਦੁ ਹੈ | 2011 |
| ਨਸੀਬ ਕਹਾਣੀ ਸੰਗ੍ਰਹਿ (ਸੰਪਾਦਤ) | 2013 |
| ਤਬਲਾ-ਸਿੱਧਾਂਤਕ ਪੱਖ | 2014 |
| ਕਾਗਜ਼ | 2014 |
| ਪ੍ਰਸਿੱਧ ਤਬਲਾ ਵਾਦਕ | ਛਪਾਈ ਅਧੀਨ |

# ਕਾਗਜ਼

(ਕਹਾਣੀ ਸੰਗ੍ਰਹਿ)

ਇਕਵਾਕ ਸਿੰਘ ਪੱਟੀ

Rattan Brothers

# KAGAZ

By: Ikwak Singh Patti

ISBN : 978-93-5265-727-8
Edition : First 2014

Published by
**Rattan Brothers**
L-2/28, Jodh Nagar,
Sultanwind Road,Amritsar. (Pb)
E-mail: rbamritsar@hotmail.com
www.facebook.com/rbamritsar

**Type Setting & Title Design by:**
Rattan Institute of Education, Amritsar
Samar Designz, Amritsar

**Price :150/-**
**$ : 7**

Copyright © Rattan Brothers

*This is a work of fiction. Names, characters, places and incidents are either the product of the author's imagination or are used fictitiously, and any resemblance to any actual persons, living or dead, events or locales is entirely coincidental.*

## ਸਮਰਪਣ

ਪਿਆਰੇ ਪਾਠਕਾਂ ਨੂੰ...



## ਪੁਸਤਕ ਇਥੋਂ ਪ੍ਰਾਪਤ ਕਰੋ :

1. ਰਤਨ ਇੰਸਟੀਚਿਊਟ
   ਜੋਧ ਨਗਰ, ਸੁਲਤਾਨਵਿੰਡ ਰੋਡ,
   ਅੰਮ੍ਰਿਤਸਰ।
2. ਅਜ਼ਾਦ ਬੁੱਕ ਡੀਪੂ
   ਹਾਲ ਬਾਜ਼ਾਰ,
   ਅੰਮ੍ਰਿਤਸਰ।
3. ਕੁਲਵੰਤ ਬੁੱਕ ਸਟਾਲ
   ਨੇੜੇ ਬੱਸ ਸਟੈਂਡ, ਪੱਟੀ।
4. ਕ੍ਰਿਪਾਲ ਬੁੱਕ ਡੀਪੂ,
   ਮੇਨ ਬਾਜ਼ਾਰ, ਅਨੰਦਪੁਰ ਸਾਹਿਬ,
   ਰੋਪੜ।
5. ਗੁਰੂ ਨਾਨਕ ਬੁੱਕ ਡੀਪੂ,
   ਨੇੜੇ ਸਬਜ਼ੀ ਮੰਡੀ, ਰਾਜਪੁਰਾ ।

ਅਤੇ ਆਪਣੇ ਇਲਾਕੇ ਦੇ ਪੁਸਤਕ ਵਿਕ੍ਰੇਤਾ ਪਾਸੋਂ

# ਦੋ ਸ਼ਬਦ

ਮੈਨੂੰ ਇਸ ਗੱਲ ਦਾ ਮਾਣ ਹੈ ਕਿ ਨੌਜਵਾਨ ਲੇਖਕ ਇਕਵਾਕ ਸਿੰਘ ਪੱਟੀ ਦਾ ਪਹਿਲਾ ਕਹਾਣੀ ਸੰਗ੍ਰਹਿ 'ਕਾਗਜ਼' ਰਤਨ ਬ੍ਰਦਰਜ਼ ਵੱਲੋਂ ਪ੍ਰਕਾਸ਼ਤ ਕੀਤਾ ਗਿਆ ਹੈ। ਬਤੌਰ ਤਬਲਾ ਵਾਦਕ (ਸੰਗੀਤ ਨਾਲ ਜੁੜਿਆ) ਹੋਣ ਦੇ ਨਾਲ-ਨਾਲ, ਇੱਕ ਵਧੀਆ ਬੁਲਾਰੇ ਵੱਜੋਂ ਤਾਂ ਇਕਵਾਕ ਸਿੰਘ ਨੂੰ ਪਹਿਲਾਂ ਤੋਂ ਹੀ ਜਾਣਦੇ ਸੀ, ਪਰ ਬਤੌਰ ਇੱਕ ਸਫਲ ਲੇਖਕ ਵੱਜੋਂ ਵੀ ਇਹ ਪੂਰੀ ਤਰ੍ਹਾਂ ਕਾਮਯਾਬ ਹੋਇਆ ਹੈ ਅਤੇ ਇਸ ਪਿੱਛੇ ਉਸ ਪ੍ਰਭੂ ਪ੍ਰਮਾਤਮਾ ਦੀ ਕ੍ਰਿਪਾ ਹੀ ਕਹੀ ਜਾ ਸਕਦੀ ਹੈ ਕਿ ਜਿਸ ਨੇ ਇੰਨੇ ਗੁਣ ਇਸ ਇਨਸਾਨ ਦੀ ਝੋਲੀ ਵਿੱਚ ਪਾਏ ਹੋਏ ਹਨ।

ਸਮਾਜ ਪ੍ਰਤੀ ਚਿੰਤਤ ਹੋਣਾ, ਉਸ ਚਿੰਤਾ ਨੂੰ ਖੂਬਸੂਰਤ ਲਫਜ਼ਾਂ ਰਾਹੀਂ ਬਿਆਨ ਕਰਕੇ, ਸਮਾਜ ਪ੍ਰਤੀ ਹਰ ਇੱਕ ਨੂੰ ਚਿੰਤਤ ਹੋਣ ਦੇ ਲਈ ਮਜਬੂਰ ਕਰਨਾ ਤਾਂ ਕਿ ਇੱਕ ਸਾਫ ਸੁਥਰਾ ਸਮਾਜ ਸਿਰਜਿਆ ਜਾ ਸਕੇ, ਇਹ ਸ. ਪੱਟੀ ਦੇ ਹਿੱਸੇ ਵਿੱਚ ਆਇਆ ਹੈ, ਜਿਸਨੇ ਛੋਟੀ ਉਮਰ ਵਿੱਚ ਹੀ ਵੱਡੀਆਂ ਪੁਲਾਂਘਾਂ ਪੁੱਟ ਕੇ ਵੱਡਿਆਂ ਨੂੰ ਹੈਰਾਨ ਕਰ ਦਿੱਤਾ ਹੈ।

ਪੁਸਤਕ 'ਕਾਗਜ਼' ਸਮਾਜਿਕ ਕਦਰਾਂ-ਕੀਮਤਾਂ ਵਿੱਚ ਆਉਂਦੇ ਜਾਂਦੇ ਉਤਰਾਅ-ਚੜਾਅ ਨੂੰ ਬੜੀ ਖੂਬਸੂਰਤੀ ਨਾਲ ਪੇਸ਼ ਕਰਦੀ ਹੈ। ਇਸ ਵਿੱਚ ਸ਼ਾਮਲ ਕਹਾਣੀਆਂ ਬਹੁਤ ਹੀ ਭਾਵਪੂਰਕ ਅਤੇ ਸਮਾਜ ਵਿੱਚਲੇ ਸੱਚ ਨੂੰ ਸਪੱਸ਼ਟ ਕਰਦੀਆਂ ਹਨ। ਪੁਸਤਕ ਵਿੱਚ ਸ਼ਾਮਲ ਰਚਨਾਵਾਂ ਬੜੇ ਸੋਹਣੇ ਢੰਗ ਨਾਲ ਆਪਣੇ ਵਿਸ਼ੇ ਨੂੰ ਪੇਸ਼ ਕਰਦੀਆਂ ਹੋਈਆਂ ਸਾਹਿਤਕ ਪੱਖੋਂ ਪੂਰੀ ਤਰ੍ਹਾਂ ਮਜਬੂਤ ਰਚਨਾਵਾਂ ਹਨ। ਅਰਦਾਸ ਕਰਦੇ ਹਾਂ ਕਿ ਪੰਜਾਬੀ ਮਾਂ-ਬੋਲੀ ਦੀ ਸੇਵਾ ਲਈ ਯਤਨਸ਼ੀਲ ਇਹ ਨੌਜਵਾਨ ਦਿਨ ਦੁੱਗਣੀ ਅਤੇ ਰਾਤ ਚੌਗੁਣੀ ਤਰੱਕੀ ਕਰੇ ਅਤੇ ਇਸਦੀ ਇਹ ਪਹਿਲੀ ਕਹਾਣੀ ਸੰਗ੍ਰਹਿ ਪੁਸਤਕ ਲਈ ਸ਼ੁੱਭ-ਇੱਛਾਵਾਂ।

**ਤਰਲੋਕ ਸਿੰਘ ਹੁੰਦਲ**

ਰਤਨ ਬ੍ਰਦਰਜ਼, ਅੰਮ੍ਰਿਤਸਰ।



# ਮੇਰੀ ਕਲਮ ਤੋਂ..

ਮੇਰੇ ਦੋਸਤਾਂ, ਸੱਜਣਾਂ-ਮਿੱਤਰਾਂ ਅਤੇ ਮੇਰੇ ਪਿਆਰੇ ਪਾਠਕਾਂ ਨੇ ਹਮੇਸ਼ਾਂ ਹੀ ਮੈਨੂੰ ਹੌਂਸਲਾ ਅਤੇ ਉਤਸ਼ਾਹ ਦਿੱਤਾ, ਮੇਰੀਆਂ ਰਚਨਾਵਾਂ ਨੂੰ ਸਲਾਹਿਆ, ਜਿਸਦੀ ਬਦੌਲਤ ਮੈਂ ਕੁੱਝ ਲਿਖਣ ਦੀ ਕੋਸ਼ਿਸ਼ ਕਰ ਸਕਿਆ ਹਾਂ।

ਮੇਰੀ ਹਮੇਸ਼ਾਂ ਇਹ ਕੋਸ਼ਿਸ਼ ਰਹੀ ਹੈ ਕਿ ਜਦ ਵੀ ਲਿਖਾਂ ਤਾਂ ਉਹ ਬੜਾ ਸਾਰਥਕ ਅਤੇ ਸੱਚਾਈ ਦੇ ਨੇੜੇ ਹੋਵੇ, ਸਮਾਜ ਨੂੰ ਦਿਸ਼ਾ ਦਿੰਦਾ ਹੋਵੇ, ਨੌਜਵਾਨੀ ਨੂੰ ਸਹੀ ਸੇਧ ਦਿੰਦਾ ਹੋਵੇ। ਮੇਰੀ ਪਹਿਲੀ ਕੋਸ਼ਿਸ਼ ਸੀ ਮੇਰਾ ਪਹਿਲਾ ਸੰਪਾਦਿਤ ਕਹਾਣੀ ਸੰਗ੍ਰਹਿ 'ਨਸੀਬ'। ਉਸ ਵਿੱਚ ਆਪਣੇ ਜਾਣ-ਪਹਿਚਾਣ ਵਾਲੇ ਉਹਨਾਂ ਦੋਸਤਾਂ ਦੀਆਂ ਕਹਾਣੀਆਂ ਨੂੰ ਸਮੇਤ ਆਪਣੀਆਂ ਤਿੰਨ ਕਹਾਣੀਆਂ ਦੇ, ਇੱਕ ਥਾਂ ਇਕੱਠੀਆਂ ਕਰਕੇ 'ਨਸੀਬ' ਨਾਮੀ ਕਿਤਾਬ ਪਿਛਲੇ ਸਾਲ ਪ੍ਰਕਾਸ਼ਿਤ ਕੀਤੀ ਸੀ। ਇਹ ਮੇਰੇ ਕਦੇ ਚਿੱਤ ਚੇਤੇ ਵਿੱਚ ਵੀ ਨਹੀਂ ਸੀ ਕਿ ਉਸ ਪੁਸਤਕ ਨੂੰ ਦੇਸ਼-ਵਿਦੇਸ਼ ਤੋਂ ਇੰਨਾ ਪਿਆਰ, ਉਤਸ਼ਾਹ ਅਤੇ ਹੁਲਾਰਾ ਮਿਲੇਗਾ ਕਿ ਮੈਨੂੰ ਦੁਬਾਰਾ ਨਸੀਬ ਵਰਗੀ ਹੋਰ ਕਿਤਾਬ ਪਾਠਕਾਂ ਦੀ ਝੋਲੀ ਵਿੱਚ ਪਾਉਣੀ ਪਵੇਗੀ। ਹਰ ਉਹ ਪਾਠਕ ਜਿਸਨੇ ਨਸੀਬ ਪੜ੍ਹੀ, ਪੁਸਤਕ ਬਾਰੇ ਆਪਣੀ ਵਿਚਾਰ ਸਾਂਝੇ ਕਰਨ ਤੋਂ ਪਹਿਲਾਂ ਇਹੀ ਪੁੱਛਿਆ (?) ਕਿ ਇਸ ਤੋਂ ਅਗਲੀ ਕਿਤਾਬ ਕਦੋਂ ਆਵੇਗੀ?

ਬੱਸ! ਉਹਨਾਂ ਦੇ ਇਸੇ ਸਵਾਲ ਨੇ ਮੇਰੀ ਕਲਮ ਨੂੰ ਤਾਕਤ ਬਖਸ਼ੀ। ਕਈ ਪਾਠਕਾਂ ਨੇ ਦਾਅਵਾ ਕੀਤਾ ਸੀ ਕਿ ਉਕਤ ਕਿਤਾਬ 'ਨਸੀਬ' ਵਿਚਲੀਆਂ ਕਹਾਣੀਆਂ ਉਹਨਾਂ ਦੀਆਂ ਆਪਣੀਆਂ ਹੱਢ-ਬੀਤੀਆਂ ਕਹਾਣੀਆਂ ਹਨ। ਇਹ ਉਸ ਕਾਦਰ ਦੀ ਕੁਦਰਤ ਹੈ ਕਿ ਉਸਨੇ ਕਲਮ ਰਾਹੀਂ ਉਹੀ ਲਿਖਵਾਇਆ ਜੋ ਆਏ ਦਿਨ ਸਮਾਜ ਵਿੱਚ ਵਾਪਰ ਰਿਹਾ ਹੈ।

ਇਸ ਵਾਰ ਵੀ ਹੱਥਲੀ ਪੁਸਤਕ 'ਕਾਗਜ਼' ਵਿੱਚ ਵੀ ਮੈਂ ਉਹੀ ਕੁੱਝ ਸ਼ਾਮਲ ਕੀਤਾ ਹੈ, ਜੋ ਸਮਾਜ ਵਿੱਚ ਅਕਸਰ ਹੀ ਵਾਪਰ ਰਿਹਾ ਹੈ। ਸਾਡੇ ਆਲੇ-ਦੁਆਲੇ, ਸਾਡੇ ਰਿਸ਼ਤੇਦਾਰਾਂ, ਸਾਕ-ਸਬੰਧੀਆਂ, ਆਂਢ-ਗੁਆਂਢ ਵਿੱਚ ਅਤੇ ਹੋ ਸਕਦਾ ਹੈ ਕਿ ਸਾਡੇ ਨਿੱਜੀ ਜੀਵਣ ਵਿੱਚ, ਸਾਡੇ ਨਾਲ ਵੀ। ਉਮੀਦ ਕਰਦਾ ਹਾਂ ਕਿ ਪੁਸਤਕ

'ਕਾਗਜ਼' ਪਾਠਕਾਂ ਦੀ ਪਸੰਦ ਤੇ ਪੂਰੀ ਤਰ੍ਹਾਂ ਖਰੀ ਉਤਰੇਗੀ ਅਤੇ ਨਸੀਬ ਜਿੰਨਾਂ ਪਿਆਰ ਹਾਸਲ ਕਰਨ ਵਿੱਚ ਜ਼ਰੂਰ ਕਾਮਯਾਬ ਹੋਵੇਗੀ।

ਮੈਂ ਸਪੱਸ਼ਟ ਕਰਦਾ ਹਾਂ ਕਿ ਮੈਂ ਕੋਈ ਲੇਖਕ ਨਹੀਂ ਹਾਂ ਅਤੇ ਨਾ ਹੀ ਕੋਈ ਵਿਦਵਾਨ ਹਾਂ, ਜੋ ਸੋਚਾਂ ਦੀਆਂ ਲੰਮੀਆਂ ਉਡਾਰੀਆਂ ਵਿੱਚੋਂ ਪਾਤਰਾਂ ਦੀ ਖੂਬਸੂਰਤ ਘਾੜਤ ਘੜਦੇ ਹਨ, ਫਿਰ ਉਹਨਾਂ ਦੀ ਗੱਲਬਾਤ ਨੂੰ ਸੋਹਣੇ-ਸੋਹਣੇ ਲਫਜ਼ਾਂ ਦਾ ਲਿਬਾਸ ਪੁਆ ਕੇ ਸ਼ਿੰਗਾਰਦੇ ਹਨ ਤੇ ਫਿਰ ਆਪਣੀ ਗੱਲ ਪਾਠਕਾਂ ਸਾਹਮਣੇ ਰੱਖਦੇ ਹਨ। ਇਹ ਮੇਰੀ ਕੋਈ ਆਰਟੀਫੀਸ਼ਲ ਨਿਮਰਤਾ ਨਹੀਂ, ਸਗੋਂ ਮੈਂ ਇੱਦਾਂ ਹੀ ਮੰਨਦਾ ਹਾਂ। ਮੈਂ ਤਾਂ ਬੱਸ ਕਲਮ ਰਾਹੀਂ ਕੁੱਝ ਸੱਚਾਈਆਂ ਹੀ ਬਿਆਨ ਕਰਦਾ ਹਾਂ, ਉਹ ਵਾਲੀਆਂ ਜੋ ਸਮਾਜ ਵਿੱਚ ਵਾਪਰਦੀਆਂ ਹਨ, ਜੋ ਦੇਖਦਾ ਹਾਂ। ਕਈ ਵਾਰ ਭਾਵਤਮਕਤਾ ਵਿੱਚ ਵੀ ਕੁੱਝ ਲਿਖਿਆ ਗਿਆ ਹੋਵੇਗਾ ਜਿਸਦਾ ਮਕਸਦ ਕੇਵਲ ਸਮਾਜ ਵਿੱਚ ਚੇਤਨਤਾ ਪੈਦਾ ਕਰਨਾ ਹੈ।

ਜੇਕਰ ਕਿਤੇ ਵੀ ਕੁੱਝ ਵੱਧ-ਘੱਟ ਜਾਂ ਕਿਸੇ ਦੇ ਦਿਲ ਨੂੰ ਦੁਖਾਉਣ ਵਾਲਾ ਚੁਭਵਾਂ ਲਿਖਿਆ ਗਿਆ ਹੋਵੇ ਤਾਂ ਉਸ ਲਈ ਮੈਂ ਅਗਾਉਂ ਮੁਆਫੀ ਮੰਗਦਾ ਹਾਂ। ਮੇਰੀ ਭਾਵਨਾ ਸਮਾਜ ਦੇ ਕਿਸੇ ਵੀ ਵਿਅਕਤੀ ਵਿਸ਼ੇਸ਼, ਵਰਗ ਜਾਂ ਤਬਕੇ ਨੂੰ ਦੁੱਖ ਪਹੁੰਚਾਉਣਾ ਨਹੀਂ ਹੈ।

ਅੰਤ ਵਿੱਚ ਆਪ ਸਾਰੇ ਪਾਠਕਾਂ ਦੇ ਉਸਾਰੂ ਸੁਝਾਵਾਂ ਨੂੰ ਤਹਿ ਦਿਲੋਂ ਜੀ ਆਇਆਂ ਆਖਦਾ ਹੋਇਆ ਆਪ ਜੀ ਦੇ ਸੁਝਾਵਾਂ, ਪ੍ਰਤਿਕ੍ਰਿਆਵਾਂ ਦੀ ਉਡੀਕ ਵਿੱਚ:

ਤੁਹਾਡਾ ਆਪਣਾ:

**ਇਕਵਾਕ ਸਿੰਘ ਪੱਟੀ**

ਅੰਮ੍ਰਿਤਸਰ।





# ਸ਼ੁਕਰਗੁਜ਼ਾਰ

ਸਾਮਜਿਕ ਢਾਂਚੇ ਵਿੱਚ ਰਹਿੰਦਿਆਂ ਹੋਇਆਂ, ਸਮਾਜ ਦੇ ਮਾਹੌਲ 'ਤੇ ਨਿਰਭਰ ਕਰਨਾ ਇਨਸਾਨ ਦੀ ਮਜ਼ਬੂਰੀ ਵੀ ਹੈ ਅਤੇ ਲੋੜ ਵੀ। ਬੱਸ ਇਸੇ ਤਰ੍ਹਾਂ ਇਸ ਸਾਮਜ ਵਿੱਚ ਵੱਸਣ ਵਾਲੇ ਬੇਅੰਤ ਆਜੀਜ਼ਾਂ, ਦੋਸਤਾਂ, ਪਿਆਰਿਆਂ, ਪਾਠਕਾਂ, ਸੱਜਣਾਂ/ਮਿੱਤਰਾਂ ਅਤੇ ਸਾਕ ਸਬੰਧੀਆਂ ਦਾ ਸਹਿਯੋਗ ਕਿਸੇ ਨਾ ਕਿਸੇ ਰੂਪ ਵਿੱਚ ਮੈਨੂੰ ਮਿਲਿਆ, ਉਹਨਾਂ ਦਾ ਧੰਨਵਾਦ ਕਰਨਾ ਮੇਰਾ ਪਹਿਲਾ ਫ਼ਰਜ਼ ਹੈ, ਪਰ ਉਸਤੋਂ ਵੀ ਪਹਿਲਾਂ ਸ੍ਰਿਸ਼ਟੀ ਦੇ ਕਰਤਾ ਪ੍ਰਭੂ-ਪ੍ਰਮਾਤਮਾ, ਅਕਾਲ ਪੁਰਖ ਦਾ ਤਹਿ ਦਿਲੋਂ ਧੰਨਵਾਦੀ ਹਾਂ, ਜਿਸਨੇ ਇਸ ਸੰਸਾਰ ਵਿੱਚ, ਇਸ ਦੁਨੀਆ ਦੇ ਰੰਗ ਤਮਾਸ਼ੇ ਵੇਖਣ ਵਾਲਿਆਂ ਵਿੱਚ, ਮੈਨੂੰ ਵੀ ਇਹ ਕੁਦਰਤ ਦੀ ਕਾਇਨਾਤ ਦੇਖਣ ਲਈ ਭੇਜਿਆ ਤੇ ਨਾਲ ਹੀ ਸਿਰ ਤੇ ਹੱਥ ਰੱਖ ਕੇ ਕਲਮ ਰਾਹੀਂ ਇਸ ਸਮਾਜ ਪ੍ਰਤੀ ਜਿੰਮੇਵਾਰੀਆਂ ਨਿਭਾਉਣ ਲਈ ਚੁਣਿਆ।

ਸੋਸ਼ਲ ਵੈੱਬ-ਸਾਈਟਾਂ ਤੋਂ ਫੇਸਬੁੱਕ ਅਤੇ ਟਵਿੱਟਰ ਆਦਿ ਤੇ ਜੁੜੇ ਮੇਰੇ ਬਹੁਤ ਸਾਰੇ ਦੋਸਤਾਂ ਦੇ ਪਿਆਰ ਅਤੇ ਉਤਸ਼ਾਹ ਦਾ ਹਮੇਸ਼ਾਂ ਰਿਣੀ ਹਾਂ। ਧੰਨਵਾਦੀ ਹਾਂ ਉਹਨਾਂ ਦਾ ਜਿਹਨਾਂ ਨੇ ਹਮੇਸ਼ਾਂ ਆਪਣੇ ਅਮੁੱਲ ਸੁਝਾਵਾਂ, ਦਿਸ਼ਾ-ਨਿਰਦੇਸ਼ਾਂ ਰਾਹੀਂ ਮੈਨੂੰ ਯੋਗ ਅਗਵਾਈ ਦਿੱਤੀ।

ਮੇਰੇ ਖਾਸ ਦੋਸਤਾਂ ਵਿੱਚੋਂ ਦਮਦਨਦੀਪ ਸਿੰਘ, ਮਨਦੀਪ ਕੌਰ, ਸੰਦੀਪ ਕੌਰ ਸੋਫੀਆ, ਅਵਤਾਰ ਸਿੰਘ ਘਰਿਆਲਾ, ਬਲਜਿੰਦਰ ਸਿੰਘ ਟੰਬਰ, ਸ੍ਰੀ ਵਰਿੰਦਰ ਅਜ਼ਾਦ ਜੀ, ਪ੍ਰਿੰ. ਯਾਦਵ ਰਾਇ ਜਿਨ੍ਹਾਂ ਨੇ ਹਮੇਸ਼ਾਂ ਹੀ ਮੈਨੂੰ ਆਅਮਾਲ-ਏ-ਪਸੰਦੀਦਾ (ਨੇਕ ਤੇ ਚੰਗੇ ਕੰਮ) ਕਰਨ ਵਾਸਤੇ ਪ੍ਰੇਰਿਤ ਕੀਤਾ ਅਤੇ ਉਤਸ਼ਾਹ ਦੇ ਕੇ ਮੇਰੀ ਹਿੰਮਤ ਨੂੰ ਵਧਾਇਆ।

ਉਪਰੋਕਤ ਸਾਥੀਆਂ ਦੇ ਨਾਲ ਆਪਣੇ ਪਰਿਵਾਰਕ ਮੈਂਬਰਾਂ ਦਾ ਵਿਸ਼ੇਸ਼ ਤੌਰ ਤੇ ਧੰਨਵਾਦੀ ਅਤੇ ਸ਼ੁਕਰਗੁਜ਼ਾਰ ਹਾਂ।

**-ਇਕਵਾਕ ਸਿੰਘ ਪੱਟੀ**

# ਪੰਨਿਆਂ ਦੀ ਦਾਸਤਾਨ


| | |
|---|---|
| ਗੁਲਾਬ ਤੋਂ.....!! | 12 |
| ਮੁਆਫ ਕਰ ਦੇਵੀ... | 18 |
| ਤਲਾਕ | 26 |
| ਮੁਕੰਮਲ ਲਾਸ਼ | 37 |
| ਨਸੀਬ | 48 |
| ਅਣਸੁੱਲਝੀ ਮੁਹੱਬਤ | 56 |
| ਮੈਡਮ ਸਾਹਿਬਾ | 63 |
| ਡਬਲ ਸਟੈਂਡਰਡ | 71 |
| ਬਾਪੂ | 79 |
| ਭਲਾ ਕਰੀਂ ਦਾਤਿਆ | 86 |
| ਕੁਪੱਤ | 92 |
| ਕਾਗਜ਼ | 100 |
| ਇਨਸਾਨੀਅਤ | 110 |
| ਤਿੜਕੇ ਰਿਸ਼ਤੇ | 112 |
| ਗਲਤ ਜਾਂ ਠੀਕ | 122 |
| ਜਿੰਦਗੀ ਦੇ ਪਹਿਲੂ | 131 |








...ਤੇ ਮਨ ਵਿੱਚ ਪੱਕਾ ਫੈਸਲਾ ਕਰ ਲਿਆ ਕਿ ਅੱਜ ਉਹ ਆਪਣੀ ਜ਼ਿੰਦਗੀ ਦੇ ਪਲਾਂ ਨੂੰ ਯਾਦਗਾਰ ਬਣਾ ਲਵੇਗਾ ਅਤੇ ਜੇ ਅੱਜ ਮੀਤ ਨੇ 'ਹਾਂ' ਕਰ ਦਿੱਤੀ ਤਾਂ ਇਹ ਗੁਲਾਬ ਗੋਡਿਆਂ ਭਾਰ ਝੁਕ ਕੇ ਆਪਣੀ ਜਾਨ ਨੂੰ ਦਿੰਦਿਆਂ ਹੋਇਆ, 'ਆਈ ਲਵ ਯੂ ਮੀਤ' ਆਖ ਕੇ ਹਮੇਸ਼ਾਂ ਲਈ ਉਸਨੂੰ ਆਪਣੀ ਬਣਾ ਲਵੇਗਾ।

# ਗੁਲਾਬ ਤੋਂ .....!!

ਹਰਮੀਤ ਛੋਟੇ ਹੁੰਦੇ ਤੋਂ ਹੀ ਬੜੀ ਸੁਸ਼ੀਲ, ਕੰਮਕਾਜੀ, ਫੁਰਤੀਲੀ ਤੇ ਸਿਆਣੀ ਕੁੜੀ ਸੀ। ਉਸਦੇ ਬਾਪ ਨੇ ਉਸਨੂੰ ਪੁੱਤਾਂ ਵਾਂਗ ਪਾਲਿਆ-ਪੋਸਿਆ ਅਤੇ ਵੱਡਿਆਂ ਕੀਤਾ। ਹਰਮੀਤ, ਬਲਦੇਵ ਸਿੰਘ ਦੀ ਇਕਲੌਤੀ ਧੀ ਸੀ। ਉਸਦੀ ਮਾਂ ਗੁਰਮੀਤ ਦੀ, ਮੀਤ ਦੇ ਛੋਟੇ ਹੁੰਦਿਆਂ ਹੀ ਮੌਤ ਹੋ ਗਈ ਸੀ ਅਤੇ ਬਲਦੇਵ ਨੇ ਮਾਂ-ਪਿਉ ਦਾ ਫਰਜ਼ ਵੀ ਬਾਖੂਬੀ ਨਿਭਾਇਆ, ਉੱਥੇ ਪੁੱਤਾਂ ਵਾਂਗ ਆਪਣੀ ਧੀ ਨੂੰ ਜਿੰਦਗੀ ਦੇ ਹਰ ਖੇਤਰ ਵਿੱਚ ਕਾਮਯਾਬ ਬਨਾਉਣ ਵਾਸਤੇ ਸਿਖਲਾਈ ਦਿੱਤੀ। ਵਧੀਆ ਪੜ੍ਹਾਈ ਲਈ, ਵਧੀਆ ਸਕੂਲ ਵਿੱਚ ਭੇਜਿਆ। ਉਸਦੀ ਹਰ ਖੁਆਇਸ਼, ਰੀਝ, ਚਾਅ ਪੂਰਾ ਕੀਤਾ।

ਅੱਜ ਜਦ +2 ਵਿੱਚੋਂ ਮੀਤ ਫਸਟ ਕਲਾਸ ਫਸਟ ਆਈ ਤਾਂ ਮਾਨੋਂ ਬਲਦੇਵ ਸਿੰਘ ਨੇ ਦੁਨੀਆ ਜਿੱਤ ਲਈ ਹੋਵੇ। ਪਰ ਨਾਲ ਹੀ ਹੁਣ ਜਵਾਨ ਹੁੰਦੀ ਜਾ ਰਹੀ ਧੀ ਨੂੰ ਆਪਣੇ ਘਰ ਤੋਰਨ ਦਾ ਸਮਾਂ ਵੀ ਨਜ਼ਦੀਕ ਆ ਰਿਹਾ ਸੀ, ਜੋ ਆਏ ਦਿਨ ਬਲਦੇਵ ਨੂੰ ਚਿੰਤਤ ਕਰਦਾ। ਬੱਸ ਇਹੋ ਅਰਦਾਸ ਕਰਦਾ ਕਿ ਕੋਈ ਰਾਜਕੁਮਾਰ ਵਰਗਾ ਸੋਹਣਾ ਗੱਭਰੂ ਆ ਕੇ ਉਸਦੀ ਮੀਤ ਨੂੰ ਲੈ ਜਾਵੇ।

ਅੱਜ ਮੀਤ ਵੀ ਬਹੁਤ ਖੁਸ਼ ਸੀ ਤੇ ਆਪਣੇ ਪਾਪਾ ਨੂੰ ਕਹਿਣ ਲੱਗੀ, 'ਪਾਪਾ ਮੇਰੀ ਮਾਂ ਵੀ ਤੁਸੀਂ, ਤੇ ਬਾਪ ਵੀ ਤੁਸੀਂ ਹੋ, ਅੱਜ ਮੈਂ ਤੁਹਾਡੇ ਕੋਲੋਂ ਕੁੱਝ ਮੰਗਣਾ ਚਾਹੁੰਦੀ ਹਾਂ, ਜੇ ਤੁਸੀਂ ਹਾਂ ਕਰੋ ਤਾਂ....! ਬਲਦੇਵ ਸਿੰਘ ਕਹਿਣ ਲੱਗਾ, 'ਬੋਲ ਧੀਏ!! ਮੀਤ ਕਹਿਣ ਲੱਗੀ ਤੁਸੀਂ ਆਪ ਹੀ ਦੱਸਿਆ ਸੀ ਕਿ ਮੰਮੀ ਕਹਿੰਦੀ ਹੁੰਦੀ ਸੀ, ਕਿ ਆਪਾਂ ਮੀਤ ਨੂੰ ਅਫਸਰ ਬਨਾਉਣਾ ਹੈ, ਇਸ ਕਰਕੇ ਮੰਮੀ ਦਾ ਸੁਪਨਾ ਪੂਰਾ ਕਰਨ ਲਈ ਮੈਂ ਹੋਰ ਪੜ੍ਹਨਾ ਚਾਹੁੰਦੀ ਹਾਂ, ਜਿਸ ਕਰਕੇ ਮੈਨੂੰ ਪੜ੍ਹਨ ਲਿਖਣ ਲਈ ਸ਼ਹਿਰ ਕਾਲਜ ਵਿੱਚ ਦਾਖਲਾ ਲੈਣਾ ਪਵੇਗਾ ਤੇ ਉੱਥੇ ਹੀ ਹੋਸਟਲ ਵਿੱਚ ਰਹਿਣਾ ਪੈਣਾ ਹੈ।'

ਇਹ ਸੁਣ ਕੇ ਇੱਕ ਵਾਰ ਤਾਂ ਬਲਦੇਵ ਜਿਵੇਂ ਠਠੰਬਰ ਜਿਹਾ ਗਿਆ ਹੋਵੇ, ਪਰ ਫਿਰ ਇਹ ਸੋਚਿਆ ਕਿ ਇਕ-ਨਾ-ਇੱਕ ਦਿਨ ਤਾਂ ਧੀ ਨੂੰ ਆਪਣੇ ਘਰ ਤੋਰਨਾ ਹੀ ਹੈ, ਚੱਲ ਇਸੇ ਬਹਾਨੇ ਇਕੱਲਿਆਂ ਰਹਿਣ ਦੀ ਆਦਤ ਪਾਉਣ ਦੀ ਕੋਸ਼ਿਸ਼





ਕਰਾਂਗਾ, ਕਿਉਂਕਿ ਇਸ ਦੇ ਪੜ੍ਹਾਈ ਖਤਮ ਕਰਨ ਤੋਂ ਬਾਅਦ ਰਹਿਣਾ ਤਾਂ ਇਕੱਲਿਆਂ ਈ ਪੈਣਾ ਹੈ। ਉਹ ਡਰਦਾ ਸੀ ਕਿ ਸ਼ਹਿਰ ਦੇ ਮਾਹੌਲ ਦਾ ਅਸਰ ਕਿਤੇ ਮੀਤ ਨੂੰ.... ਨਹੀਂ ਨਹੀਂ, ਮੈਂ ਇਸ ਦੀ ਪਰਵਰਿਸ਼ ਬਹੁਤ ਵਧੀਆ ਕੀਤੀ ਹੈ, ਮੈਨੂੰ ਪਤਾ ਮੇਰੀ ਮੀਤ ਆਪਣੇ ਬਾਬੁਲ ਦੀ ਪੱਗ ਨੂੰ ਦਾਗ਼ ਨਹੀਂ ਲੱਗਣ ਦੇਵੇਗੀ।

ਆਖਿਰ ਧੀ ਦੀ ਇਹ ਮੰਗ ਵੀ ਪੁਗਾਉਣ ਵਾਸਤੇ ਬਲਦੇਵ ਨੇ ਹਾਂ ਕਰ ਦਿੱਤੀ ਤੇ ਕਾਲਜ ਭੇਜਣ ਦਾ ਵਾਅਦਾ ਕਰ ਕੇ ਅਗਲੇ ਦਿਨ ਹੀ ਕਾਲਜ ਵਿੱਚ ਮੀਤ ਦਾ ਦਾਖਲਾ ਕਰਵਾ ਆਇਆ। ਕਈ ਤਰ੍ਹਾਂ ਦੀਆਂ ਸਿੱਖਿਆਵਾਂ, ਤਾਕੀਦਾਂ ਕਰ ਕੇ ਆਪਣੇ ਜਿਗਰ ਦੇ ਟੁਕੜੇ ਨੂੰ ਨਾਂਹ-ਚਾਹੁੰਦਿਆਂ ਹੋਇਆਂ ਹੋਸਟਲ ਵਿੱਚ ਛੱਡ ਦਿੱਤਾ। ਅਤੇ ਉਸਦੀ ਪੜ੍ਹਾਈ ਉਪਰੰਤ ਜੋ ਸੁਪਨੇ ਮੀਤ ਨੇ ਦੇਖੇ ਸੀ, ਉਹਨਾਂ ਸੁਪਨਿਆਂ ਨੂੰ ਅਤੇ ਆਪਣੀ ਘਰਵਾਲੀ ਦੀਆਂ ਗੱਲਾਂ ਨੂੰ ਕਾਲਪਨਿਕ ਰੂਪ ਦਿੰਦਾ ਹੋਇਆ ਵਾਪਿਸ ਪਿੰਡ ਨੂੰ ਪਰਤ ਗਿਆ।

ਹਰਮੀਤ ਉੱਚੀ-ਲੰਬੀ, ਪਤਲੀ ਜਿਹੀ ਮੁਟਿਆਰ ਸੀ, ਜਿਸ ਉੱਤੇ ਜਵਾਨੀ ਵੀ ਆ ਕੇ ਮੀਤ ਤੋਂ ਵੱਧ ਆਪਣੇ ਆਪ ਨੂੰ ਮਾਣ ਰਹੀ ਸੀ। ਸੁਰਾਹੀ ਵਰਗੀ ਧੌਣ ਵਿੱਚ ਬਰੀਕ ਚਾਂਦੀ ਦੀ ਜੰਜੀਰੀ, ਲੰਬੀ ਗੁੱਤ, ਗੋਰੀਆਂ ਗੱਲਾਂ ਨੂੰ ਛੂਹਣ ਦੀ ਕੋਸ਼ਿਸ਼ ਵਿੱਚ ਬੇਤਾਬ ਹੋਈ ਵਾਲਾਂ ਦੀ ਇੱਕ ਲੰਮੀ ਲਿੱਟ, ਉਸਦੀ ਸੁੰਦਰਤਾ ਨੂੰ ਚਾਰ ਚੰਨ ਲਗਾਉਂਦੀ ਸੀ। ਤੀਖਾ ਨੱਕ ਤੇ ਤੀਖੇ ਨੈਣ-ਨਕਸ਼ ਨੂੰ ਵੇਖ ਕੇ ਹਰ ਗੱਭਰੂ ਉਸਦਾ ਪਾਣੀ ਭਰਨ ਨੂੰ ਤਿਆਰ ਰਹਿੰਦਾ ਸੀ। ਦੂਜੇ ਪਾਸੇ ਹਰਮੀਤ ਆਪਣੇ ਰੁੜ-ਰੁੜ ਪੈਂਦੇ ਹੁਸਨ ਤੋਂ ਬੇਖਬਰ ਆਪਣੀ ਮਾਂ ਦੇ ਸੁਪਨੇ, ਬਾਪ ਦੀਆਂ ਆਸਾਂ ਤੇ ਖਰਾ ਉਤਰਨ ਲਈ ਤੱਤਪਰ ਆਪਣੀ ਪੜ੍ਹਾਈ ਵਿੱਚ ਮਗਨ ਰਹਿੰਦੀ। ਇਹੀ ਕਾਰਣ ਸੀ ਕਿ ਕਾਲਜ ਦੇ ਸਾਰੇ ਅਧਿਆਪਕਾਂ ਦੀ ਉਹ ਚਾਹੇਤੀ ਬਣ ਗਈ ਸੀ।

ਯੂਨੀਵਰਸਿਟੀ ਲੈਵਲ ਤੇ ਹੋਏ ਮੁਕਾਬਲਿਆਂ ਵਿੱਚ ਉਸਨੇ ਪਹਿਲਾ ਸਥਾਨ ਲੈ ਕੇ ਕਾਲਜ ਦਾ ਨਾਮ ਉੱਚਾ ਕੀਤਾ। ਮੁਕਾਬਲੇ ਦੌਰਾਨ ਹੀ ਉਸਦੀ ਮੁਲਾਕਾਤ ਗੁਰਬਿੰਦਰ ਨਾਲ ਹੋਈ ਜੋ ਕਿਸੇ ਦੂਸਰੇ ਕਾਲਜ ਤੋਂ ਮੁਕਾਬਲੇ ਵਿੱਚ ਹਿੱਸਾ ਲੈਣ ਆਇਆ ਸੀ ਅਤੇ ਦੂਜੇ ਸਥਾਨ ਤੇ ਰਿਹਾ ਸੀ। ਇੱਕ ਦੂਜੇ ਨਾਲ ਕੁੱਝ ਪਲਾਂ ਲਈ ਹੋਈ ਗੁਫਤਗੂ ਨੇ ਗੁਰਬਿੰਦਰ ਨੂੰ, ਮੀਤ ਦਾ ਗੁਲਾਮ ਬਣਾ ਛੱਡਿਆ ਅਤੇ ਗੁਰੀ (ਗੁਰਬਿੰਦਰ) ਹੁਣ ਉਸਨੂੰ ਆਪਣੇ ਦਿਲ ਦੀ ਮੀਤ ਬਣਾ ਲੈਣ ਲਈ ਬੇਤਾਬ ਹੋਣ ਲੱਗ ਪਿਆ। ਉਹ ਉਸਦੇ ਜਿਸਮ ਦੇ ਨਸ਼ੇ ਨੂੰ ਪਾਉਣ ਲਈ ਬੇਸਬਰਾ ਹੋ ਕੇ, ਕਾਮ ਵੱਸ ਆਪਣੇ ਇਸ ਇਕ ਪਾਸੜ ਝੁਕਾਅ ਨੂੰ ਇਸ਼ਕ ਸਮਝਣ ਲੱਗਾ ਪਿਆ।

ਕਿਸੇ ਨਾ ਕਿਸੇ ਕਾਰਣ ਉਸਦੇ ਸਾਹਮਣੇ ਆਉਣਾ, ਹੋਸਟਲ ਦੇ ਮੂਹਰੇ ਗੇੜੇ ਮਾਰਨੇ ਤੇ ਮੀਤ ਦੀ ਸਹੇਲੀਆਂ ਹੱਥ ਸੁਨੇਹੇ ਭੇਜਣਾ। ਪਰ ਹਰਮੀਤ ਨੂੰ ਇਹ ਸੱਭ ਕੁੱਝ ਪਸੰਦ ਨਹੀਂ ਸੀ ਅਤੇ ਉਸਨੇ ਆਪਣੀਆਂ ਸਹੇਲੀਆਂ ਨੂੰ ਵੀ ਕਹਿ ਦਿੱਤਾ ਹੋਇਆ ਸੀ ਕਿ ਮੇਰੇ ਵਾਸਤੇ ਗੁਰੀ ਦਾ ਕੋਈ ਸੁਨੇਹਾ ਨਾ ਲੈ ਕੇ ਆਇਆ ਕਰੋ, ਮਰੇ ਕੋਲ ਅਜਿਹੇ ਫਾਲਤੂ ਕੰਮਾਂ ਲਈ ਨਾ ਤਾਂ ਸਮਾਂ ਹੈ ਨਾ ਹੀ ਕੋਈ ਮੈਨੂੰ ਕੋਈ ਇਸ ਵਿੱਚ ਇੰਟਰਸਟ ਹੈ।

ਜਦ ਇਸ ਗੱਲ ਦਾ ਪਤਾ ਗੁਰੀ ਨੂੰ ਲੱਗਾ ਤਾਂ ਉਹ ਬੜਾ ਨਿਰਾਸ਼ ਹੋਇਆ। ਅੱਜ ਸਾਰੀ ਰਾਤ ਨਾ ਸੁੱਤਾ ਤੇ ਮੀਤ ਨੂੰ ਆਪਣੀ ਬਨਾਉਣ ਲਈ ਹਰ ਹਰਬੇ (ਢੰਗ) ਨੂੰ ਵਰਤਣ ਦੀ ਪਲਾਨਿੰਗ (ਜੁਗਤ) ਕਰਦਾ ਰਿਹਾ। ਬੜਾ ਕੁੱਝ ਸੋਚਿਆ, ਛੱਡਿਆ, ਫਿਰ ਸੋਚਿਆ ਤੇ ਫਿਰ ਛੱਡਿਆ, ਕਦੀ ਆਹ ਕਰਾਂ ਤੇ ਕਦੀ ਉਹ। ਪਰ ਇੱਕ ਸਵਾਲ ਉਸਦੇ ਮਨ ਨੂੰ ਜਿਆਦਾ ਪ੍ਰੇਸ਼ਾਨ ਕਰ ਰਿਹਾ ਸੀ ਕਿ ਆਖੀਰ ਮੀਤ ਉਸਨੂੰ ਮਨ੍ਹਾਂ ਕਿਉਂ ਕਰ ਰਹੀ ਹੈ? ਇਸ ਲਈ ਅੱਜ ਰਸਤੇ ਵਿੱਚ ਮੀਤ ਜਦ ਕੰਟੀਨ ਜਾ ਰਹੀ ਸੀ ਤਾਂ ਉਸਨੂੰ ਰੋਕ ਕੇ, ਸਿਰਫ ਤੇ ਸਿਰਫ ਇੱਕ ਆਖਰੀ ਵਾਰ, ਮੀਤ ਨੂੰ ਨਿੱਜੀ ਤੌਰ ਤੇ ਇਕੱਲਿਆਂ ਮਿਲਣ ਵਾਸਤੇ ਤਰਲੇ ਪਾਉਣ ਲੱਗ ਪਿਆ ਤਾਂ ਮੀਤ ਨੇ ਆਉਂਦੇ ਐਤਵਾਰ ਨੂੰ ਮਿਲਣ ਲਈ ਕਹਿ ਦਿੱਤਾ।

ਦੋ ਦਿਨ ਬਾਅਦ ਆਉਣ ਵਾਲਾ ਐਤਵਾਰ ਵੀ, ਗੁਰੀ ਨੂੰ ਇਵੇਂ ਲੱਗ ਰਿਹਾ ਸੀ, ਜਿਵੇਂ ਉਹ ਸਦੀਆਂ ਦਾ ਟਾਈਮ ਪਾ ਕੇ ਮਿਲਣ ਨੂੰ ਕਹਿ ਗਈ ਹੋਵੇ। ਖੈਰ! ਉਹ ਬੇਸਬਰੀ ਨਾਲ ਉਸ ਦਿਨ ਦਾ ਇੰਤਜ਼ਾਰ ਕਰਨ ਲੱਗਾ।

ਦੂਜੇ ਪਾਸੇ ਮੀਤ ਨੇ ਵੀ ਸੋਚਿਆ ਕਿ ਇਸ ਵਾਰ ਉਹ ਗੁਰੀ ਨੂੰ ਆਪਣੀ ਮੋਈ ਮਾਂ ਦੇ ਸੁਪਨੇ, ਬਾਪ ਦੀਆਂ ਆਸਾਂ-ਸੱਧਰਾਂ ਬਾਰੇ ਬੜੇ ਸਲੀਕੇ ਨਾਲ ਸਮਝਾਵੇਗੀ ਅਤੇ ਸਪੱਸ਼ਟ ਕਰ ਦੇਵੇਗੀ ਕਿ ਉਸ ਦੇ ਰਾਹ ਵਿੱਚ ਰੋੜਾ ਨਾ ਬਣੇ, ਪਿਆਰ ਪਾਇਆ ਜਾਂਦਾ ਹੈ, ਖੋਹਿਆ ਨਹੀਂ। ਮੈਨੂੰ ਤੇਰੇ ਨਾਲ ਪਿਆਰ ਨਹੀਂ ਹੈ, ਕਿਉਂਕਿ ਮੈਂ ਕਦੀ ਇਸ ਬਾਰੇ ਸੋਚਿਆ ਵੀ ਨਹੀਂ। ਬਾਕੀ ਤੂੰ ਵੀ ਅਜੇ ਪੜ੍ਹ ਲਿਖ ਤੇ ਸਮਾਜ ਵਿੱਚ ਕੋਈ ਰੁਤਬਾ ਹਾਸਲ ਕਰਕੇ, ਮੇਰੇ ਘਰ ਆਪਣੇ ਮਾਂ-ਬਾਪ ਨੂੰ ਭੇਜ ਦੇਵੀਂ, ਜੇ ਮੇਰੇ ਪਾਪਾ ਨੂੰ ਤੂੰ ਪਸੰਦ ਆ ਗਿਆ ਤਾਂ ਜਦ ਮਰਜ਼ੀ ਆਪਣੇ ਹੱਕ ਨਾਲ ਆਪਣੇ ਘਰ ਲੈ ਜਾਵੀਂ ਪਰ ਅਜੇ ਜਿੰਦਗੀ ਵਿੱਚ ਬਹੁਤ ਕੁੱਝ ਕਰਨਾ ਬਾਕੀ ਹੈ, ਮੇਰੇ ਲਈ ਵੀ ਤੇ ਤੇਰੇ ਲਈ ਵੀ। ਆਖਿਰ ਇਹ ਸੋਚਦੀ ਹੋਈ ਉਸਨੇ ਮੁੜ ਆਪਣੀਆਂ ਕਿਤਾਬਾਂ ਚੁੱਕੀਆਂ ਅਤੇ ਪੜ੍ਹਨ ਲਈ ਬੈਠ ਗਈ।





ਐਤਵਾਰ ਠੀਕ ਸ਼ਾਮੀਂ 5 ਵਜੇ ਪਹੁੰਚਣ ਲਈ ਘੜੀ ਪਹਿਲਾਂ ਹੀ ਮੀਤ ਤਿਆਰ ਹੋ ਕੇ ਮਿਲਣ ਲਈ ਦੱਸੀ ਥਾਂ ਵੱਲ ਚੱਲ ਪਈ। ਉੱਧਰ ਗੁਰੀ ਨੇ ਆਪਣੇ ਖਾਸ ਦੋਸਤ ਨੂੰ ਸੱਭ ਕੁੱਝ ਦੱਸਿਆ ਹੋਇਆ ਸੀ, ਤਾਂ ਆਪਣੇ ਦੋਸਤ ਦੇ ਕਹਿਣ ਤੇ ਕਿ ਪਹਿਲੀ ਵਾਰ ਕੁੜੀ ਨੂੰ ਮਿਲਣ ਚੱਲਿਆ ਏਂ, ਗੁਲਾਬ ਦਾ ਫੁੱਲ ਜੋ ਪਿਆਰ ਦਾ ਪ੍ਰਤੀਕ ਹੈ ਜ਼ਰੂਰ ਲੈ ਕੇ ਜਾਵੀਂ। ਤਾਂ ਗੁਰਬਿੰਦਰ ਨੇ ਮਨ ਵਿੱਚ ਸੋਚਿਆ ਮੈਂ ਇੱਕ ਨਹੀਂ ਦੋ-ਦੋ ਤੋਹਫੇ ਉਸ ਲਈ ਲੈ ਕੇ ਜਾਵਾਂਗਾ। ਤੇ ਮਨ ਵਿੱਚ ਪੱਕਾ ਫੈਸਲਾ ਕਰ ਲਿਆ ਕਿ ਅੱਜ ਉਹ ਆਪਣੀ ਜ਼ਿੰਦਗੀ ਦੇ ਪਲਾਂ ਨੂੰ ਯਾਦਗਾਰ ਬਣਾ ਲਵੇਗਾ ਅਤੇ ਜੇ ਅੱਜ ਮੀਤ ਨੇ 'ਹਾਂ' ਕਰ ਦਿੱਤੀ ਤਾਂ ਇਹ ਗੁਲਾਬ ਗੋਡਿਆਂ ਭਾਰ ਝੁਕ ਕੇ ਆਪਣੀ ਜਾਨ ਨੂੰ ਦਿੰਦਿਆਂ ਹੋਇਆ, 'ਆਈ ਲਵ ਯੂ ਮੀਤ' ਆਖ ਕੇ ਹਮੇਸ਼ਾਂ ਲਈ ਉਸਨੂੰ ਆਪਣੀ ਬਣਾ ਲਵੇਗਾ, ਪਰ ਜੇ ਉਸਨੇ ਨਾਂਹ ਕਰ ਦਿੱਤੀ ਤਾ ਵੀਂ ਉਸਨੂੰ ਬਿਨ੍ਹਾਂ ਕੁੱਝ ਕਹੇ ਦੂਜਾ ਤੋਹਫਾ ਦੇ ਕੇ ਉਸ ਦੀ ਜਿੰਦਗੀ ਦੇ ਇਸ ਦਿਨ ਨੂੰ ਹਮੇਸ਼ਾਂ ਲਈ ਯਾਦਗਾਰ ਬਣਾ ਕੇ, ਕਦੇ ਵੀ ਮੁੜ ਉਸ ਦੀਆਂ ਪੈੜਾਂ ਨਹੀਂ ਦੱਬੇਗਾ।

ਠੀਕ ਪੰਜ ਵਜੇ ਉਹ ਦੋਵੇਂ ਇੱਕ ਦੂਜੇ ਦੇ ਸਾਹਮਣੇ ਸਨ। ਇਸ ਤੋਂ ਪਹਿਲਾਂ ਕਿ ਮੀਤ ਕੁੱਝ ਬੋਲਦੀ ਗੁਰੀ ਨੇ ਆਪਣੇ ਅੰਦਰ ਦੀਆਂ ਭਾਵਨਾਵਾਂ ਨੂੰ ਬਿਆਨਣਾ ਸ਼ੁਰੂ ਕਰ ਦਿੱਤਾ। ਮੀਤ ਨੇ ਦੋ ਚਾਰ ਵਾਰ ਰੋਕਿਆ ਕਿ ਇੱਕ ਵਾਰ ਪਹਿਲਾਂ ਗੁਰੀ ਉਸਦੀ ਗੱਲ ਨੂੰ ਸੁਣ ਲਵੇ, ਪਰ ਉਹ ਆਪਣੀ ਜ਼ਿੱਦ ਤੇ ਅੜੇ ਨੇ ਇਹ ਕਹਿ ਕੇ ਗੱਲ ਮੁਕਾ ਦਿੱਤੀ, 'ਜੇ ਤੂੰ ਮੇਰਾ ਇਹ ਗੁਲਾਬ ਅਕਸੈਪਟ ਕਰਦੀ ਹਾਂ ਤਾਂ ਠੀਕ ਨਹੀਂ ਤਾਂ ਮੈਂ ਮੁੜ ਤੇਰੀ ਜਿੰਦਗੀ ਵਿੱਚ ਕਦੇ ਨਹੀਂ ਆਵਾਂਗਾ...।'

ਮੀਤ ਨੂੰ ਗੁਰੀ ਦਾ ਇਹ ਕਾਹਲਾਪਣ, ਇਹ ਬੇਹੂਦਾ ਢੰਗ ਬਿਲਕੁਲ ਵੀ ਪਸੰਦ ਨਾ ਆਇਆ ਤੇ ਉਸਨੇ ਸਾਫ ਸ਼ਬਦਾਂ ਵਿੱਚ ਉਸਨੂੰ ਮਨ੍ਹਾਂ ਕਰ ਦਿੱਤਾ ਤੇ ਉੱਥੋਂ ਉੱਠ ਕੇ ਵਾਪਿਸ ਆਪਣੇ ਕਾਲਜ ਨੂੰ ਟੁਰਨਾ ਸ਼ੁਰੂ ਕਰ ਦਿੱਤਾ। ਗੁਰੀ ਬੁਰੀ ਤਰ੍ਹਾਂ ਟੁੱਟਿਆ ਆਪਣੇ ਪਿਆਰ ਦੇ ਇਜ਼ਹਾਰ ਨੂੰ ਲੈ ਕੇ ਲਏ ਹੋਏ ਸੁਪਨਿਆਂ ਵਿੱਚ ਝੰਜੋੜਿਆ ਗਿਆ ਤੇ ਭੱਜ ਕੇ ਆਪਣੀ ਗੱਡੀ ਵੱਲ ਗਿਆ, ਜਿੱਥੇ ਕੁ ਮੀਤ ਵੀ ਪਹੁੰਚ ਚੁੱਕੀ ਸੀ, ਗੁਰੀ ਨੇ ਹੱਥ ਦੇ ਘਸੁੰਨ ਨਾਲ ਕਾਰ ਦੀ ਤਾਕੀ ਦਾ ਸ਼ੀਸ਼ਾ ਤੋੜ ਦਿੱਤਾ, ਹੱਥ ਵਿੱਚੋਂ ਖੂਨ ਵੱਗਦਾ ਵੇਖ, ਮੀਤ ਨੇ ਤੁਰੰਤ ਆਪਣੇ ਦੁਪੱਟੇ ਦੀ ਨੁਕੱਰ ਤੋਂ ਕੱਪੜਾ ਫਾੜ ਕੇ, ਅਜੇ ਇੱਕ ਕਦਮ ਹੀ ਗੁਰੀ ਵੱਲ ਵਧਾਇਆ ਹੀ ਸੀ ਕਿ ਗੁਰੀ ਨੇ ਟੁੱਟੇ ਸ਼ੀਸ਼ੇ ਰਾਹੀਂ ਹੱਥ ਪਾ ਕੇ, ਕਾਰ ਵਿੱਚ ਰੱਖੇ ਕੈਨ ਵਿੱਚ ਪਿਆ ਤੇਜ਼ਾਬ ਮੀਤ ਦੇ ਮੂੰਹ ਉੱਤੇ ਛਿੜਕ ਦਿੱਤਾ ਅਤੇ ਮੁੱਹਬਤ ਦਾ ਇਜ਼ਹਾਰ ਕਰਦਿਆਂ, ਉੱਚੀ ਉੱਚੀ ਅਈ ਲਵ ਯੂ

ਮੀਤ, ਆਈ ਲਵ ਯੂ ਮੀਤ ਕਹਿਣਾ ਸ਼ੁਰੂ ਕਰ ਦਿੱਤਾ।

ਮੀਤ ਦੀਆਂ ਅਸਮਾਨ ਚੀਰਦੀਆਂ ਚੀਕਾਂ ਸੁਣ ਕੇ, ਹੀਰ-ਰਾਂਝਾ, ਸੱਸੀ-ਪੰਨੂੰ, ਮਿਰਜ਼ਾ-ਸਾਹਿਬਾ ਦੀਆਂ ਆਤਮਾਵਾਂ ਤੜਫ ਉਠੀਆਂ, ਆਲੇ ਦੁਆਲੇ ਦੇ ਲੋਕ ਇਕੱਠੇ ਹੋਣ ਲੱਗੇ ਤਾਂ ਗੂਰੀ ਤੁਰੰਤ ਗੱਡੀ ਵਿੱਚ ਬੈਠ ਕੇ ਗੱਡੀ ਨੂੰ ਭਜਾ ਕੇ ਲੈ ਗਿਆ ਅਤੇ ਮੀਤ ਦੀਆਂ ਅੱਖਾਂ ਸਾਹਮਣੇ ਹੀ ਕਾਰ ਦਾ ਸੰਤੁਲਨ ਗੁਆ ਲੈਣ ਕਰਕੇ ਦੂਜੇ ਪਾਸਿਉਂ ਆ ਰਹੇ ਭਾਰੀ ਟਰੱਕ ਟਰਾਲੇ ਨਾਲ ਟਕਰਾ ਗਿਆ, ਮੌਕੇ ਤੇ ਹੀ ਗੂਰੀ ਦੀ ਮੌਤ ਹੋ ਗਈ। ਜਿਸ ਕਰਕੇ ਇੱਕ ਝੂਠੇ ਤੇ ਜਿਸਮਾਨੀ ਇਸ਼ਕ ਕਾਰਣ, ਗੂਰੀ ਨੇ 'ਗੁਲਾਬ ਤੋਂ ਤੇਜ਼ਾਬ ਤੱਕ' ਦਾ ਸਫਰ ਕਰਨ ਵਿੱਚ ਦੇਰੀ ਨਾ ਲਾਈ ਅਤੇ ਦੋ ਜਿੰਦਗੀਆਂ ਨੂੰ ਖਤਮ ਕਰਕੇ ਖੋਰੇ ਕਿਹੜਾ ਇਸ਼ਕ ਕਮਾਉਂਦਿਆਂ, ਇਸ਼ਕ ਨੂੰ ਦਾਗ਼ਦਾਰ ਕਰ ਕੇ ਇਸ਼ਕ ਦੀ ਤੌਹੀਨ ਕਰ ਗਿਆ।

ਸ਼ਾਇਦ ਇਹੀ ਕਾਰਣ ਹੈ ਕਿ ਅੱਜ ਕਈ ਮੀਤਾਂ ਗੁਲਾਬ ਨੂੰ ਤੇਜ਼ਾਬ ਬਣਨ ਤੋਂ ਪਹਿਲਾਂ ਹੀ ਕਈਆਂ ਦੀ ਹਵਸ ਨੂੰ, ਪਿਆਰ ਜਾਂ ਇਸ਼ਕ ਦੇ ਨਾਮ ਤੇ ਪੂਰਾ ਕਰ ਰਹੀਆਂ ਹਨ।







ਹਰਨੂਰ ਆਪਣੇ ਮਾਤਾ-ਪਿਤਾ ਦੀ ਲਾਡਲੀ ਧੀ ਸੀ। ਮਾਂ ਨੇ ਉਸਨੂੰ ਘਰ ਦੇ ਹਰ ਕੰਮ ਵਿੱਚ ਨਿਪੁੰਨ ਕੀਤਾ ਹੋਇਆ ਸੀ ਅਤੇ ਪੜ੍ਹਾਈ ਦੌਰਾਨ ਭਾਵੇਂ ਸਕੂਲ ਟਾਈਮ ਸੀ ਜਾਂ ਫਿਰ ਕਾਲਜ, ਉਹ ਹਮੇਸ਼ਾਂ ਅੱਵਲ ਹੀ ਰਹੀ ਸੀ, ਜਿਸਦਾ ਕਿ ਉਸਦੇ ਘਰ ਪਰਿਵਾਰ ਨੂੰ ਮਾਣ ਸੀ। ਉਹ ਬਹੁਤ ਹੀ ਸ਼ਹਿਨਸ਼ੀਲ ਕੁੜੀ ਸੀ। ਹੱਸੂੰ-ਹੱਸੂੰ ਕਰਦਾ ਚਿਹਰਾ, ਗੋਰਾ ਰੰਗ, ਲੰਬੇ ਵਾਲ, ਸਰੂ ਜਿਹੇ ਕੱਦ ਦੀ, ਸੋਹਣੇ ਨੈਣ-ਨਕਸ਼ਾਂ ਵਾਲੀ ਇਸ ਕੁੜੀ ਨੂੰ ਸੱਭ ਦੇ ਦਿਲਾਂ ਤੇ ਰਾਜ ਕਰਨਾ ਆਉਂਦਾ ਸੀ।

# ਮੁਆਫ ਕਰ ਦੇਵੀਂ

ਹਰਨੂਰ ਨੂੰ ਅੱਜ ਆਪਣੇ ਪਾਪਾ ਦੇ ਪੁਰਾਣੇ ਅਤੇ ਖਾਸ ਮਿੱਤਰ ਸ. ਸੁਰਜੀਤ ਸਿੰਘ ਦੇ ਘਰ ਗਿਆ ਨੂੰ ਤਿੰਨ ਦਿਨ ਹੋ ਗਏ ਸਨ ਅਤੇ ਅੱਜ ਉਸਦੀ ਆਪਣੇ ਘਰ ਵਾਪਸੀ ਸੀ। ਪਿਛਲੇ ਲੰਘੇ ਤਿੰਨ ਦਿਨ ਉਸਦੀ ਜਿੰਦਗੀ ਦੇ ਕਦੇ ਨਾ ਭੁੱਲਣ ਵਾਲੇ ਪਲਾਂ ਵੱਜੋਂ ਆਪਣੀ ਛਾਪ ਉਸ ਦੇ ਦਿਲ ਉੱਤੇ ਛੱਡ ਗਏ ਸਨ। ਉਹ ਇੱਥੇ ਆਪਣੇ ਅੰਕਲ ਦੀ ਬੇਟੀ ਨਵਰੀਤ ਦੇ ਵਿਆਹ ਦੇ ਸਬੰਧ ਵਿੱਚ ਗਈ ਹੋਈ ਸੀ ਅਤੇ ਕੱਲ੍ਹ ਉਸ (ਨਵਰੀਤ) ਦੀ ਡੋਲੀ ਘਰੋਂ ਉਠ ਗਈ ਸੀ। ਵਿਆਹੁਣ ਵਾਲੇ ਪੰਜਾਬ ਤੋਂ ਦੂਰ ਰਾਜਸਥਾਨ ਦੇ ਕਿਸੇ ਵੱਡੇ ਸ਼ਹਿਰ ਵਿੱਚੋਂ ਆਏ ਸਨ।

ਇਸ ਵਿਆਹ ਦੌਰਾਨ ਹਰਨੂਰ ਨੇ ਆਪਣੇ ਮਨ ਵਿੱਚ ਕਈ ਤਰ੍ਹਾਂ ਦੇ ਸੁਪਨਿਆਂ, ਇੱਛਾਵਾਂ, ਚਾਵ੍ਹਾਂ ਨੂੰ ਜਨਮ ਦੇ ਦਿੱਤਾ ਸੀ। ਹਰਨੂਰ ਜਲੰਧਰ ਦੀ ਰਹਿਣ ਵਾਲੀ ਸੀ। ਉਸਦੇ ਪਾਪਾ ਦਾ ਆਪਣਾ ਛੋਟਾ ਜਿਹਾ ਹੋਲਸੇਲ ਦਾ ਬਿਜ਼ਨਸ ਸੀ ਅਤੇ ਇੱਕ ਭਰਾ ਆਪਣੀ ਪੜ੍ਹਾਈ ਤੋਂ ਬਾਅਦ ਆਪਣੇ ਪਾਪਾ ਨਾਲ ਹੀ ਕੰਮ ਵਿੱਚ ਹੱਥ ਵਟਾਉਂਦਾ ਸੀ। ਹਰਨੂਰ ਆਪਣੇ ਮਾਤਾ-ਪਿਤਾ ਦੀ ਲਾਡਲੀ ਧੀ ਸੀ। ਮਾਂ ਨੇ ਉਸਨੂੰ ਘਰ ਦੇ ਹਰ ਕੰਮ ਵਿੱਚ ਨਿਪੁੰਨ ਕੀਤਾ ਹੋਇਆ ਸੀ ਅਤੇ ਪੜ੍ਹਾਈ ਦੌਰਾਨ ਭਾਵੇਂ ਸਕੂਲ ਟਾਈਮ ਸੀ ਜਾਂ ਫਿਰ ਕਾਲਜ, ਉਹ ਹਮੇਸ਼ਾਂ ਅੱਵਲ ਹੀ ਰਹੀ ਸੀ, ਜਿਸਦਾ ਕਿ ਉਸਦੇ ਘਰ ਪਰਿਵਾਰ ਨੂੰ ਮਾਣ ਸੀ। ਉਹ ਬਹੁਤ ਹੀ ਸ਼ਹਿਨਸ਼ੀਲ ਕੁੜੀ ਸੀ। ਹੱਸੂੰ-ਹੱਸੂੰ ਕਰਦਾ ਚਿਹਰਾ, ਗੋਰਾ ਰੰਗ, ਲੰਬੇ ਵਾਲ, ਸਰੂ ਜਿਹੇ ਕੱਦ ਦੀ, ਸੋਹਣੇ ਨੈਣ-ਨਕਸ਼ਾਂ ਵਾਲੀ ਇਸ ਕੁੜੀ ਨੂੰ ਸੱਭ ਦੇ ਦਿਲਾਂ ਤੇ ਰਾਜ ਕਰਨਾ ਆਉਂਦਾ ਸੀ। ਸਿਲਾਈ ਕਢਾਈ ਦਾ ਕੋਰਸ ਕਰਨ ਦੇ ਨਾਲ ਕੰਪਿਊਟਰ ਦਾ ਵੀ ਡਿਪਲੋਮਾ ਕੀਤਾ ਹੋਇਆ ਸੀ ਅਤੇ ਪੇਂਟਿੰਗ ਦੀ ਕਲਾ ਆਪਣੀ ਇੱਕ ਖਾਸ ਸਹੇਲੀ ਕੋਲੋਂ ਸਿੱਖੀ ਹੋਈ ਸੀ।

ਇਸ਼ਕ ਮਿਜਾਜੀ ਦੇ ਚੱਕਰਾਂ ਤੋਂ ਦੂਰ ਆਪਣੇ ਬਾਬੁਲ ਦੀ ਪੱਗ ਨੂੰ ਪਿਆਰ ਕਰਨ ਅਤੇ ਪਹਿਲ ਦੇਣ ਵਾਲੀ ਹਰਨੂਰ ਨੇ ਕਦੇ ਵੀ ਕਿਸੇ ਦਾ ਦਿਲ ਨਹੀਂ ਸੀ ਦੁਖਾਇਆ ਅਤੇ ਹੋਰਨਾਂ ਲਈ ਪ੍ਰੇਰਣਾ ਸਰੋਤ ਸੀ। ਪਰ ਨਵਰੀਤ ਦੇ ਵਿਆਹ ਵਿੱਚ





ਬਰਾਤੀਆਂ ਨਾਲ ਆਏ ਲਾੜੇ ਦੇ ਇੱਕ ਖਾਸ ਦੋਸਤ ਗੁਰਬੀਰ ਵੱਲ ਕੁੱਝ ਖਾਸ ਝੁਕਾਅ ਜਿਹਾ ਹੋ ਗਿਆ। ਗੁਰਬੀਰ ਇੱਕ ਅਮੀਰ ਘਰ/ਖਾਨਦਾਨ ਦਾ ਮੁੰਡਾ ਸੀ। ਉਸਨੇ ਆਪਣੀ ਇੰਜੀਨਿਅਰਿੰਗ ਦੀ ਪੜ੍ਹਾਈ ਪੂਰੀ ਕੀਤੀ ਅਤੇ ਵਧੀਆ ਨੌਕਰੀ ਤੇ ਲਗਾ ਹੋਇਆ ਸੀ। ਤਿੰਨ ਦਿਨ ਇਹ ਅੱਖ-ਮਟੱਕਾ ਹੁੰਦਾ ਰਿਹਾ। ਇਹਨਾਂ ਅੱਖਾਂ ਰਾਹੀਂ ਹੀ ਸਾਰੀਆਂ ਗੱਲਾਂ ਹੁੰਦੀਆਂ ਰਹੀਆਂ ਜੋ ਸਿੱਧੀਆਂ ਦਿਲ ਵਿੱਚ ਉਤਰਦੀਆਂ ਗਈਆਂ ਅਤੇ ਕਈ ਤਰ੍ਹਾਂ ਦੇ ਕੌਲ ਕਰਾਰ ਹੋ ਗਏ 'ਤੇ ਜਾਂਦੀ ਵਾਰ ਉਹ ਆਪਣਾ ਮੋਬਾਇਲ ਨੰਬਰ ਦੇ ਗਿਆ।

ਘਰ ਆ ਕੇ ਉਹ ਨੇ ਆਪਣੇ ਦਿਲ ਦੀ ਸਾਰੀ ਗੱਲ ਆਪਣੀ ਖਾਸ ਸਹੇਲੀ ਮਨਮੀਤ ਨੂੰ ਦੱਸੀ ਅਤੇ ਦਿੱਤਾ ਹੋਇਆ ਮੋਬਾਇਲ ਨੰਬਰ ਦੱਸ ਦਿੱਤਾ। ਮਨਮੀਤ ਨੇ ਕਿਹਾ, 'ਇੱਕ ਵਾਰ ਫਿਰ ਸੋਚ ਲੈ, ਅੱਜ ਕੱਲ੍ਹ ਦੇ ਮੁੰਡਿਆਂ ਦਾ ਕੋਈ ਭਰੋਸਾ ਨਹੀਂ, ਇੱਧਰ ਯਾਰੀ ਲਾਉਂਦੇ ਹਨ ਤੇ ਉੱਧਰ ਤੜੱਕ ਕਰਕੇ ਤੋੜ ਵੀ ਦਿੰਦੇ ਨੇ। ਹੀਰ-ਰਾਂਝੇ, ਸੱਸੀ-ਪੰਨੂੰ, ਮਿਰਜ਼ਾ ਸਾਹਿਬਾਂ ਦੀਆਂ ਗੱਲਾਂ ਅੱਜ ਦੇ ਸਮੇਂ ਵਿੱਚ ਸਿਰਫ ਕਿਤਾਬੀ ਗੱਲਾਂ ਬਣ ਕੇ ਰਹਿ ਗਈਆਂ ਨੇ।'

ਹਰਨੂਰ ਬੋਲੀ, 'ਨਹੀਂ ਮਨਮੀਤ, ਮੈਂ ਗੁਰਬੀਰ ਨੂੰ ਬਹੁਤ ਚੰਗੀ ਤਰ੍ਹਾਂ ਦੇਖਿਆ ਹੈ, ਉਸਦੀਆਂ ਅੱਖਾਂ ਨੂੰ ਪੜ੍ਹਿਆ ਹੈ, ਉਹ ਧੋਖੇਬਾਜ਼ ਨਹੀਂ ਹੋ ਸਕਦਾ। ਉਹ ਬਹੁਤ ਹੀ ਚੰਗੇ ਖਾਨਦਾਨ ਨਾਲ ਸਬੰਧ ਰੱਖਦਾ ਹੈ, ਪੜ੍ਹਿਆ ਲਿਖਿਆ, ਸਮਝਦਾਰ ਇਨਸਾਨ ਹੈ। ਉਹ ਅਜਿਹਾ ਨਹੀਂ ਕਰ ਸਕਦਾ । ਉਹ ਵੀ ਤਾਂ ਮੇਰੇ ਲਈ ਕਮਲਾ ਹੋਈ ਫਿਰਦਾ ਹੈ । ਉਹ ਜਾਤ-ਪਾਤ ਵਿੱਚ ਵਿਸ਼ਵਾਸ਼ ਨਹੀਂ ਰੱਖਦਾ। ਉਹ ਇੱਕ ਸੁਲਝਿਆ ਇਨਸਾਨ ਲੱਗਦਾ ਹੈ।'

ਮਨਮੀਤ ਬੋਲੀ, 'ਓ.ਕੇ. ਮਾਈ ਡੀਅਰ ਨੂਰ ਜੀ, ਹੁਣ ਉਸਦਾ ਨੰਬਰ ਤੁਸੀਂ ਘੁਮਾਉਗੇ ਜਾਂ ਫਿਰ ਮੈਂ ਡਾਇਲ ਕਰਾਂ?'

ਦੋਵੇਂ ਹੱਸਦੀਆਂ ਹੋਈਆਂ ਨੇ ਗੁਰਬੀਰ ਨੂੰ ਫੋਨ ਲਗਾ ਦਿੱਤਾ ਅਤੇ ਹਰਨੂਰ ਨੇ ਗੁਰਬੀਰ ਨਾਲ ਗੱਲ ਕੀਤੀ। ਗੁਰਬੀਰ ਵੀ ਜਿਵੇਂ ਹਰਨੂਰ ਦੇ ਫੋਨ ਦਾ ਇੰਤਜ਼ਾਰ ਕਰ ਰਿਹਾ ਸੀ। ਦੋਹਾਂ ਨੇਂ ਬੜੀ ਹੀ ਖੁਸ਼ੀ ਨਾਲ ਇੱਕ ਦੂਜੇ ਨੂੰ ਦੁਆ ਸਲਾਮ ਕਰਨ ਤੋਂ ਬਾਅਦ ਨਵਰੀਤ ਦੇ ਵਿਆਹ ਦੀਆਂ ਕੁੱਝ ਗੱਲਾਂ ਕਰਨ ਉਪਰੰਤ ਕੁੱਝ ਨਿੱਜੀ ਗੱਲਾਂ ਕੀਤੀਆਂ ਤੇ ਫੋਨ ਕੱਟ ਦਿੱਤਾ।

ਫੋਨ 'ਤੇ ਹੋਣ ਵਾਲੀਆਂ ਇਹਨਾਂ ਗੱਲਾਂ ਵਿੱਚ ਲਗਾਤਾਰ ਵਾਧਾ ਹੁੰਦਾ ਗਿਆ। ਇਸੇ ਤਰ੍ਹਾਂ ਛੇ ਮਹੀਨੇ ਤੇ ਫਿਰ ਇੱਕ ਸਾਲ ਬੀਤ ਗਿਆ। ਗੁਰਬੀਰ ਨੇ

ਦੱਸਿਆ ਕਿ ਉਸਦੇ ਘਰ ਹੁਣ ਉਸਦੇ ਵਿਆਹ ਦੀ ਗੱਲ ਚੱਲ ਰਹੀ ਹੈ ਤੇ ਕੋਈ ਲੜਕੀ ਦੀ ਤਲਾਸ਼ ਹੋ ਰਹੀ ਹੈ, ਇਹ ਸਹੀ ਸਮਾਂ ਹੈ ਕਿ ਆਪਾਂ ਆਪਣੇ ਘਰਦਿਆਂ ਨਾਲ ਇੱਕ ਦੂਜੇ ਬਾਰੇ ਗੱਲ ਕਰੀਏ ਤੇ ਉਹਨਾਂ ਦੀ ਤਲਾਸ਼ ਨੂੰ ਖਤਮ ਕਰੀਏ, ਮੁਸਕਰਾਉਂਦਿਆ ਹੋਇਆਂ ਗੁਰਬੀਰ ਨੇ ਕਿਹਾ।

'ਹਾਂ ! ਮੈਂ ਘਰ ਗੱਲ ਕਰਾਂਗੀ।' ਕਹਿ ਕੇ ਹਰਨੂਰ ਨੇ ਫੋਨ ਕੱਟ ਦਿੱਤਾ।

ਘਰ ਆਉਂਦਿਆਂ ਨੇ ਹਰਨੂਰ ਨੇ ਪਹਿਲਾਂ ਆਪਣੇ ਮੰਮੀ ਜੀ ਨਾਲ ਸਾਰੀ ਗੱਲ ਕੀਤੀ ਅਤੇ ਗੁਰਬੀਰ ਬਾਰੇ ਸੱਭ ਕੁੱਝ ਸੱਚੋ-ਸੱਚ ਦੱਸ ਦਿੱਤਾ। ਉਸਦੇ ਪਰਿਵਾਰ, ਉਸਦੀ ਪੜ੍ਹਾਈ-ਲਿਖਾਈ ਅਤੇ ਕਾਰੋਬਾਰ ਬਾਰੇ। ਪਰ ਹਰਨੂਰ ਦੀ ਮੰਮੀ ਨੇ ਕੁੱਝ ਸ਼ੰਕੇ ਜਿਹੇ ਵਿੱਚ ਪੈਂਦਿਆਂ ਕਿਹਾ ਕਿ 'ਉਹਨਾਂ ਨੂੰ ਆਪਣੀ ਹੈਸੀਅਤ ਬਾਰੇ ਪਤਾ ਹੈ?'

ਤਾਂ ਹਰਨੂਰ ਜ਼ਰਾ ਨਰਾਜ਼ ਜਿਹਾ ਹੁੰਦੇ ਬੋਲੀ, 'ਮੰਮੀ ਜੀ, ਤੁਸੀਂ ਵੀ ਨਾ ਕਮਾਲ ਕਰਦੇ ਹੋ? ਉਹ ਬਹੁਤ ਹੀ ਪੜ੍ਹਿਆਲਿਖਿਆ ਅਤੇ ਅਗਾਂਹਵਧੂ ਪਰਿਵਾਰ ਹੈ। ਸਮਾਜ ਦੇ ਇਸ ਊਚ-ਨੀਚ ਤੇ ਵਿਤਕਰੇ, ਜਾਤ-ਪਾਤ ਦੀ ਪੁਰਾਣੀ ਅਤੇ ਰੂੜੀਵਾਦੀ ਸੋਚ ਤੋਂ ਨਿਰਲੇਪ ਪਰਿਵਾਰ ਹੈ। ਨਾਲੇ ਗੁਰਬੀਰ ਨੇ ਮੈਨੂੰ ਕਈ ਵਾਰ ਦੱਸਿਆ ਕਿ ਉਹਨਾਂ ਦਾ ਪਰਿਵਾਰ ਬਿਲਕੁਲ ਵੀ ਲਾਲਚੀ ਨਹੀਂ ਹੈ ਅਤੇ ਰੱਬ ਦਾ ਦਿੱਤਾ ਸੱਭ ਕੁੱਝ ਉਹਨਾਂ ਦੇ ਕੋਲ ਹੈ, ਉਹਨਾਂ ਨੂੰ ਤਾਂ ਚੰਗੀ ਤਰ੍ਹਾਂ ਘਰ ਸੰਭਾਲਣ ਲਈ ਇੱਕ ਸੁਚੱਜੀ ਨੂੰਹ ਚਾਹੀਦੀ ਹੈ ਨਾ ਕਿ ਵਿਹਲੀਆਂ ਖਾਣ ਵਾਲੀ ਗਹਿਣੇ ਗੱਟੇ ਨਾਲ ਲੱਦੀ ਹੋਈ ਕੋਈ ਸ਼ੋਅ ਪੀਸ 'ਚ ਰੱਖਣ ਵਾਲੀ ਕੁੜੀ। ਨਾਲੇ ਮੰਮਾ ਜਿਸ ਗੱਲੋਂ ਤੁਸੀਂ ਡਰ ਰਹੇ ਹੋ ਨਾ ਦਾਜ ਦਹੇਜ ਤੋਂ, ਇੱਦਾਂ ਦੀ ਕੋਈ ਚਿੰਤਾ ਵਾਲੀ ਗੱਲ ਨਹੀਂ ਹੈ, ਅਸੀਂ ਦੋਵੇ ਜੀਅ, ਮਿਹਨਤ ਨਾਲ ਕਮਾ ਕੇ ਸੱਭ ਕੁੱਝ ਬਣਾ ਲਵਾਂਗੇ। ਤੇ ਇਹਨਾਂ ਗੱਲਾਂ ਨਾਲ ਗੁਰਬੀਰ ਵੀ ਸਹਿਮਤ ਹੈ।'

'ਪਰ, ਬੇਟਾ ਹਰਨੂਰ!'

'ਨੋ ਮੰਮਾ ਕੋਈ ਪਰ ਪੁਰ ਨਹੀਂ, ਹੁਣ ਬੱਸ ਤੁਸੀਂ ਪਾਪਾ ਨਾਲ ਆਪਣੇ ਹਿਸਾਬ ਨਾਲ ਗੱਲ ਕਰ ਲੈਣਾ।'

'ਓ.ਕੇ. ਬੇਟਾ, 'ਡੌਂਟ ਵਰੀ, ਅੱਜ ਸ਼ਾਮ ਨੂੰ ਹੀ ਗੱਲ ਕਰਾਂਗੀ।' ਤੇਰੀ ਖੁਸ਼ੀ ਚਾਹੀਦੀ ਹੈ ਸਾਨੂੰ ਬੱਸ।'

ਜਦ ਸ਼ਾਮੀਂ ਹਰਨੂਰ ਦੇ ਪਾਪਾ ਘਰ ਆਏ ਤਾਂ ਹਰਨੂਰ ਵਾਲੀ ਸਾਰੀ ਗੱਲ ਉਹਨਾਂ ਨਾਲ ਸ਼ੇਅਰ ਹੋਈ। ਉਹਨਾਂ ਨੇ ਕਿਹਾ ਅੱਜ ਕੱਲ ਬੱਚੇ ਪੜ੍ਹੇ ਲਿਖੇ ਹਨ,





ਆਪਣਾ ਚੰਗਾ ਬੁਰਾ ਸਮਝਦੇ ਹਨ। ਮੈਨੂੰ ਕੋਈ ਦਿੱਕਤ ਨਹੀਂ ਹੈ ਪਰ ਆਪਾਂ ਪਹਿਲਾਂ ਸੁਰਜੀਤ ਸਿੰਘ ਨਾਲ ਗੱਲ ਕਰ ਲਈਏ, ਉਹ ਸਿਆਣਾ ਹੈ ਤੇ ਹੁਣ ਤਾਂ ਉਸਦੇ ਕੁੜਮ ਵੀ ਉਸੇ ਸ਼ਹਿਰ ਦੇ ਹਨ, ਨਾਲੇ ਬੰਦਿਆਂ ਬਾਰੇ ਪਤਾ ਲੱਗ ਜਾਵੇਗਾ ਕਿ ਉਹ ਕਿੱਦਾਂ ਦੇ ਹਨ, ਨਾਲੇ ਜਾਂਚ ਪਰਖ ਹੋ ਜਾਵੇਗੀ।' ਹਰਨੂਰ ਇਹ ਸੱਭ ਕੁੱਝ ਕੰਧ ਓਹਲੇ ਹੋ ਕੇ ਸੁਣ ਰਹੀ ਸੀ ਤੇ ਪਾਪਾ ਦੇ ਗੱਲ ਖਤਮ ਕਰਦਿਆਂ ਹੀ, ਪਾਪਾ ਦੇ ਗੱਲ ਲੱਗ ਕੇ ਬੋਲੀ, 'ਸੋ ਨਾਈਸ ਆਫ ਯੂ ਪਾਪਾ, ਥੈਂਕਸ ਯੂ ਸੋ ਮੱਚ, ਆਈ ਲਵ ਯੂ ਪਾਪਾ।'

ਤਾਂ ਪਾਪਾ ਨੇ ਕਿਹਾ ਕਿ, 'ਉਹ ਕੱਲ ਸਵੇਰੇ ਹੀ ਸੁਰਜੀਤ ਨੂੰ ਫੋਨ ਕਰਨਗੇ ਅਤੇ ਸਾਰੀ ਗੱਲਬਾਤ ਹੋਣ ਉਪਰੰਤ ਪਹਿਲਾਂ ਆਪ ਗੁਰਬੀਰ ਦੇ ਘਰ ਰਾਜਸਥਾਨ ਜਾਣਗੇ।'

ਅਗਲੇ ਦਿਨ ਸੁਰਜੀਤ ਸਿੰਘ ਨਾਲ ਗੱਲ ਹੋਈ ਤੇ ਦੋ ਦਿਨ ਬਾਅਦ ਰਾਜਸਥਾਨ ਜਾਣ ਦਾ ਪ੍ਰੋਗਰਾਮ ਬਣ ਗਿਆ। ਸਾਰੇ ਬਹੁਤ ਖੁਸ਼ ਸਨ। ਦੋ ਦਿਨਾਂ ਬਾਅਦ ਸੁਰਜੀਤ ਸਿੰਘ ਨੇ ਦੱਸਿਆ ਕਿ ਉਸਨੇ ਰਾਜਸਥਾਨ ਆਪਣੇ ਕੁੜਮਾਂ ਨਾਲ ਗੱਲ ਕੀਤੀ ਸੀ, ਉਹਨਾਂ ਨੇ ਦੱਸਿਆ ਹੈ ਕਿ ਲੜਕਾ ਪਰਿਵਾਰ ਬਹੁਤ ਚੰਗਾ ਅਤੇ ਉੱਚਾ ਖਾਨਦਾਨ ਹੈ। ਇਲਾਕੇ ਵਿੱਚ ਉਹਨਾਂ ਦਾ ਚੰਗਾ ਨਾਮ ਹੈ। ਉਹਨਾਂ ਨੇ ਵੀ ਇਸ ਰਿਸ਼ਤੇ ਲਈ ਹਾਮੀ ਭਰ ਦਿੱਤੀ ਹੈ ਹੁਣ ਬੱਸ ਆਪਾਂ ਜਾ ਕੇ ਗੱਲ ਹੀ ਕਰਨੀ ਹੈ।

ਲੰਮੇ ਸਫਰ ਤੋਂ ਬਾਅਦ ਰਾਤ ਸਮੇਂ ਹਰਨੂਰ ਦੇ ਪਾਪਾ ਅਤੇ ਸੁਰਜੀਤ ਅੰਕਲ ਰਾਜਸਥਾਨ ਸੁਰਜੀਤ ਦੇ ਕੁੜਮਾਂ ਦੇ ਘਰ ਪੁੱਜ ਗਏ। ਅਗਲੀ ਸਵੇਰ ਗੁਰਬੀਰ ਦੇ ਘਰ ਜਾ ਕੇ ਸਾਰੀ ਗੱਲਬਾਤ ਸ. ਸੁਰਜੀਤ ਸਿੰਘ ਹੁਰਾਂ ਨੇ ਕੀਤੀ ਅਤੇ ਲੜਕੇ ਪਰਿਵਾਰ ਨੇ ਪੂਰੀ ਤਰ੍ਹਾਂ ਸਹਿਮਤੀ ਪ੍ਰਗਟਾਈ। ਗੁਰਬੀਰ ਦੇ ਪਿਤਾ ਨੇ ਖੁਸ਼ੀ ਮਨਾਉਂਦਿਆਂ ਸੁਰਜੀਤ ਸਿੰਘ ਤੇ ਹਰਨੂਰ ਦੇ ਪਾਪਾ ਨੂੰ ਕਿਹਾ ਕਿ, 'ਜੇਕਰ ਇਹੋ ਜਿਹੀ ਸਿਆਣੀ, ਸਮਝਦਾਰ, ਸਹਿਣਸ਼ੀਲ ਅਤੇ ਪੜ੍ਹੀ-ਲਿਖੀ ਕੁੜੀ ਸਾਡੇ ਬੇਟੇ ਗੁਰਬੀਰ ਲਈ ਤੁਹਾਡੇ ਕੋਲ ਹੈ ਤਾਂ ਅਸੀਂ ਉਸ ਨੂੰ ਨੂੰਹ ਨਹੀਂ, ਧੀ ਬਣਾ ਕੇ ਲਿਆਵਾਂਗੇ।' ਸਾਰਿਆਂ ਨੇ ਮੁਸਕਰਾਉਂਦਿਆਂ ਹੋਇਆਂ ਸਹਿਮਤੀ ਦਿੱਤੀ ਤਾਂ ਗੁਰਬੀਰ ਦੇ ਪਿਉ ਨੇ ਗੁਰਬੀਰ ਦੀ ਮਾਂ ਵੱਲ ਮਠਿਆਈ ਦੀ ਪਲੇਟ ਵਧਾਉਂਦਿਆਂ ਕਿਹਾ, ਲੈ ਹਰਬੰਸ ਕੌਰ, ਤੂੰ ਹਮੇਸ਼ਾਂ ਕਹਿੰਦੀ ਸੀ ਕਿ ਮੇਰੇ ਗੁਰਬੀਰ ਵਾਸਤੇ ਸੋਹਣੀ ਜਿਹੀ ਕੁੜੀ ਤੇ ਸੁੱਚਜੀ ਨੂੰਹ ਚਾਹੀਦੀ ਹੈ, ਆਹ ਲੈ, ਮੂੰਹ ਮਿੱਠਾ ਕਰ ਤੇ ਉਸਦੇ ਆਉਣ ਦੇ ਸਵਾਗਤ ਦੀਆਂ ਤਿਆਰੀਆਂ ਸ਼ੁਰੂ ਕਰ।'

ਇਸ ਤਰ੍ਹਾਂ ਹਰਨੂਰ ਦੇ ਪਾਪਾ ਅਤੇ ਦੋਸਤ ਸ. ਸੁਰਜੀਤ ਸਿੰਘ ਨੇ ਵਿਦਾਈ

ਲਈ ਤੇ ਫਿਰ ਖੁਸ਼ੀ ਖੁਸ਼ੀ ਉਹਨਾਂ ਨੂੰ ਪੰਜਾਬ ਲਈ ਵਿਦਾ ਕੀਤਾ।

ਉੱਧਰ ਹਰਬੰਸ ਕੌਰ ਨੇ ਪ੍ਰਾਹੁਣਿਆਂ ਦੇ ਜਾਂਦਿਆਂ ਹੀ, ਗੁਰਬੀਰ ਦੇ ਪਾਪਾ ਦੀ ਕਲਾਸ ਲਗਾ ਦਿੱਤੀ। "ਤੁਹਾਨੂੰ ਕੁੱਝ ਪਤਾ ਵੀ ਹੈ? ਰਿਸ਼ਤੇ ਕਿਵੇਂ ਕਰੀਦੇ ਹਨ? ਨਾ ਕੁੜੀ ਦਾ ਘਰ-ਬਾਹਰ ਦੇਖਿਆ ਨਾ ਕੁੜੀ, ਬੱਸ ਹਾਂ ਕਰ ਦਿੱਤੀ। ਨਾ ਹੀ ਕੁੱਝ ਮੁੰਡੇ ਨੂੰ ਪੁਛਿਆ?"

ਗੁਰਬੀਰ ਦਾ ਬਾਪ ਪ੍ਰਗਟ ਸਿੰਘ ਬੋਲਿਆ, "ਭਾਗਵਾਨੇ! ਉਹਨਾਂ ਦੱਸਿਆ ਹੈ ਕਿ ਮੁੰਡਾ ਕੁੜੀ ਇੱਕ ਦੂਜੇ ਨੂੰ ਪਹਿਲਾਂ ਵੀ ਜਾਣਦੇ ਹਨ ਤੇ ਜਦ ਸੁਰਜੀਤ ਦੀ ਕੁੜੀ ਵਿਆਹੁਣ ਗਏ ਸਾਂ ਤਾਂ ਇਹਨਾਂ ਦੋਹਾਂ ਦੀ ਗਿਟਮਿੱਟ ਤੇ ਮੈਨੂੰ ਉਦੋਂ ਹੀ ਸ਼ੱਕ ਸੀ, ਪਰ ਮੈਂ ਬੋਲਿਆ ਕੁੱਝ ਨਹੀਂ, ਕਿ ਐਨਾ ਤਾਂ ਅੱਜ ਕੱਲ ਆਮ ਚੱਲਦਾ ਹੀ ਏ। ਹੁਣ ਆਪਣੇ ਜ਼ਮਾਨੇ ਤਾਂ ਗਏ। ਕੁੜੀ ਦਾ ਘਰ ਬਾਹਰ ਦੇਖਣ ਦੀ ਗੱਲ, ਉਹ ਹਰਨੂਰ ਦੇ ਬਾਪ ਦੀ ਗੱਲਬਾਤ ਤੋਂ ਪਤਾ ਲੱਗਦਾ ਹੈ ਕਿ ਕੁੜੀ ਕਿਸ ਘਰ-ਬਾਹਰ ਵਿੱਚ ਰਹਿ ਕੇ ਵੱਡੀ ਹੋਈ ਹੋਵੇਗੀ ਤੇ ਪਲੀ ਹੋਵੇਗੀ ਤੇ ਕਿੰਨੀ ਲਿਆਕਤ ਉਸਨੂੰ ਹੋਵੇਗੀ। ਰਹੀ ਗੱਲ ਕੁੜੀ ਵੇਖਣ ਦੀ ਤਾਂ ਇਹ ਹਰਨੂਰ ਬੇਟੀ ਉਹੀ ਹੈ, ਜਦ ਵਿਆਹ ਵਿੱਚ ਜਿਆਦਾ ਖਾ ਲੈਣ ਕਰਕੇ ਤੇਰੇ ਪੇਟ ਖਰਾਬ ਹੋ ਗਿਆ ਸੀ ਤੇ ਥਕਾਵਟ ਨਾਲ ਚੂਰ ਹੋਈ ਪਈ ਸੀ, ਤਾਂ ਤੈਨੂੰ ਦਵਾਈ, ਪਾਣੀ ਤੇ ਤੇਰਾ ਖਿਆਲ ਰੱਖਣ ਵਾਲੀ ਕੁੜੀ, ਹਰਨੂਰ ਹੀ ਸੀ।'

"ਅੱਛਾ! ਤਾਂ ਉਹ ਹੈ ਹਰਨੂਰ!! ਕੁੜੀ ਤਾਂ ਵਾਕੇਈ ਬੜੇ ਸਲੀਕੇ ਵਾਲੀ ਸੀ ਉਹ ਤਾਂ, ਪਰ... ਗੁਰਬੀਰ ਦੇ ਪਾਪਾ....??"

'ਹੁਣ ਪਰ ਕੀ ??'

'ਉਹ ਮੈਨੂੰ ਬਾਹਲੇ ਤਕੜੇ ਜਿਹੇ ਬੰਦੇ ਨਹੀਂ ਲੱਗਦੇ, ਕੁੜੀ ਨੂੰ ਕੁੱਝ ਨਾ ਕੁੱਝ ਤਾਂ ਦੇਣਗੇ ਈ ਨਾ....?? ਆਪਣਾ ਕਿੰਨਾ ਨੱਕ ਹੈ ਮੁਹੱਲੇ ਅਤੇ ਰਿਸ਼ਤੇਦਾਰੀ ਵਿੱਚ..' ਹਰਬੰਸ ਕੌਰ ਬੋਲੀ।

'ਮੈਂ ਵੀ ਸੋਚ ਰਿਹਾ ਸੀ ਕਿ ਅਜੇ ਤੱਕ ਇਹ ਬੋਲੀ ਕਿਉਂ ਨਹੀਂ.. 'ਵੇਖ ਗੁਰਬੀਰ ਦੀ ਮਾਂ! ਜਦ ਤੇਰਾ ਵਿਆਹ ਹੋਇਆ ਸੀ ਤਾਂ ਤੂੰ ਘਰੋਂ ਕੀ ਲੈ ਕੇ ਆਈ ਸੀ?? ਤੈਨੂੰ ਪਤਾ ਈ ਹੈ। ਆਪਾਂ ਵੀ ਤਾਂ ਮਿਹਨਤ ਨਾਲ ਸੱਭ ਕੁੱਝ ਬਣਾ ਹੀ ਲਿਆ। ਅੱਜ ਕਲ ਦੇ ਬੱਚੇ ਸਾਡੇ ਨਾਲੋਂ ਜਿਆਦਾ ਪੜ੍ਹੇ-ਲਿਖੇ ਤੇ ਸਿਆਣੇ ਨੇ, ਖੁਦ ਆਪਣਾ ਭਲਾ-ਬੁਰਾ ਵਿਚਾਰ ਕੇ ਜੀਅ ਸਕਦੇ ਨੇ। ਜੇ ਅਸੀਂ ਐਨਾ ਕੁੱਝ ਬਣਾ ਸਕਦੇ ਹਾਂ ਤਾਂ ਇਹ ਆਉਣ ਵਾਲੇ ਸਮੇਂ ਵਿੱਚ ਇਸ ਨੂੰ ਦੂਣਾ ਤੀਣਾ ਵੀ ਕਰ ਸਕਦੇ ਹਨ।'





ਬੱਸ ਜੀ! ਮੈਨੂੰ ਨਾ ਸਮਝਾਉ, ਉਦੋਂ ਸਮਾਂ ਹੋਰ ਸੀ। ਮੈਂ ਤਾਂ ਇਹੀ ਸੋਚਿਆ ਸੀ ਕਿ ਪੁੱਤ ਵਿਆਹਵਾਂਗੇ ਤੇ ਇੱਕ ਅਮੀਰ ਘਰ ਦੀ ਕੁੜੀ ਲਿਆਵਾਂਗੇ, ਜਿਹੜੀ ਇਸ ਘਰ ਦੀ ਹਰ ਖਾਲੀ ਨੁੱਕਰ ਨੂੰ ਭਰ ਦੇਵੇ, ਨਾਲੇ ਅਸੀਂ ਥੋੜਾ ਵਰਤਣਾ ਉਸਦੀਆਂ ਚੀਜ਼ਾਂ ਨੂੰ, ਮੈਨੂੰ ਤਾਂ ਬੱਸ ਇਹੋ ਜਿਹੀ ਸੁਚੱਜੀ ਨੂੰਹ ਹੀ ਚਾਹੀਦੀ ਹੈ..।' ਕਹਿ ਕੇ ਹਰਬੰਸ ਕੌਰ ਉੱਠ ਕੇ ਚਲੀ ਗਈ।

ਸ਼ਾਮਾਂ ਪਈਆਂ ਤਾਂ ਦਿੱਲੀ ਤੋਂ ਹਰਬੰਸ ਦੀ ਭੈਣ ਨੇ ਫੋਨ ਤੇ ਦੱਸਿਆ ਕਿ, 'ਦਿੱਲੀ ਦੇ ਇੱਕ ਬਹੁਤ ਵੱਡੇ ਅਤੇ ਅਮੀਰ ਪਰਿਵਾਰ ਦੇ ਘਰੋਂ ਇੱਕ ਲੜਕੀ ਦੀ ਦੱਸ ਆਪਣੇ ਗੁਰਬੀਰ ਲਈ ਪਈ ਹੈ, ਜੇ ਹਾਂ ਕਰੇਂ ਤਾਂ ਮੈਂ ਗੱਲ ਤੋਰਾਂ? ਤਾਂ ਹਰਬੰਸ ਨੇ ਪਹਿਲਾਂ ਤਾਂ ਹਰਨੂਰ ਵਾਲੇ ਰਿਸ਼ਤੇ ਬਾਰੇ ਸਾਰੀ ਗੱਲ ਆਪਣੀ ਭੈਣ ਨੂੰ ਦੱਸੀ ਤੇ ਫਿਰ ਦਿੱਲੀ ਵਾਲੀ ਕੁੜੀ ਦੇ ਅਮੀਰਪੁਣੇ ਬਾਰੇ ਵੇਰਵੇ ਨਾਲ ਪੁੱਛਿਆ।

ਤਾਂ ਉਸਦੀ ਭੈਣ ਨੇ ਦੱਸਿਆ ਕਿ, 'ਉਹ ਇੱਕ ਬਹੁਤ ਅਮੀਰ ਪਰਿਵਾਰ ਹੈ, ਕੁੜੀ ਪੜ੍ਹੀ ਲਿਖੀ ਤਾਂ ਘੱਟ ਹੀ ਹੈ ਤੇ ਨਾ ਹੀ ਕੋਈ ਕੰਮ ਕਾਰ ਆਉਂਦਾ ਹੈ, ਨਾਲੇ ਭਲਾ ਨੌਕਰਾਂ-ਚਾਕਰਾਂ ਦੇ ਹੁੰਦਿਆਂ ਉਸਨੂੰ ਕੋਈ ਕੰਮ ਕਰਨ ਦੀ ਕੀ ਲੋੜ ਹੈ? ਦਾਜ ਵਿੱਚ ਅਗਲੇ ਸਫਾਰੀ ਵਰਗੀ ਵੱਡੀ ਗੱਡੀ ਤੇ ਹਰ ਸ਼ਰਤ ਪੂਰੀ ਕਰਨ ਨੂੰ ਤਿਆਰ ਨੇ। ਕੁੜੀ ਤਾਂ ਅਗਲਿਆਂ ਨੇ ਘਰੋਂ ਹੀ ਸੋਨੇ ਨਾਲ ਲੱਦ ਕੇ ਤੋਰਨੀ ਹੈ ਵਿਆਹ ਵੀ ਰਾਜਿਆਂ-ਮਾਹਰਾਜਿਆਂ ਵਾਂਗ ਕਰਨਾ ਅਗਲਿਆਂ ਨੇ। ਜੇ ਕਹੇਂ ਤਾਂ ਹਾਂ ਕਰਾਂ? ਮੁੜ ਨਹੀਉਂ ਲੱਭਣੀ ਕਿਤੋਂ ਇਹੋ ਜਿਹੀ ਕੁੜੀ।"

ਹਰਬੰਸ ਕੌਰ ਕਹਿਣ ਲੱਗੀ ਤੁਸੀਂ ਹਾਂ ਕਰ ਦਿਉ। ਕੰਮ ਕੁੜੀ ਨੂੰ ਨਹੀਂ ਆਉਂਦਾ, ਤਾਂ ਆਪੇ ਆ ਜਾਵੇਗਾ, ਨਾਲੇ ਆਪਣੇ ਕਿਹੜਾ ਇੱਥੇ ਨੌਕਰਾਂ ਚਾਕਰਾਂ ਦੀ ਘਾਟ ਹੈ, ਜੋ ਉਸਨੂੰ ਆਪਣੇ ਹੱਥ ਖਰਾਬ ਕਰਨੇ ਪੈਣ। ਗੁਰਬੀਰ ਦੇ ਪਾਪਾ ਨੂੰ ਮੈਂ ਆਪੇ ਸਮਝਾ ਲਵਾਂਗੀ।

ਅਗਲੇ ਦਿਨ ਹੀ ਹਰਬੰਸ ਨੇ ਘਰ ਵਿੱਚ ਕਲੇਸ਼ ਪਾ ਕੇ, ਆਪਣੀ ਗੱਲ ਜ਼ਬਰੀਂ ਮਨਵਾ ਲਈ ਤੇ ਦਿੱਲੀ ਵਾਲੀ ਕੁੜੀ ਲਈ 'ਹਾਂ' ਕਰਵਾ ਲਈ। ਗੁਰਬੀਰ ਦੇ ਪਾਪਾ ਕਹਿਣ ਲੱਗੇ, 'ਭਲੀਏ ਮਾਣਸੇ! ਦੱਸ ਹਰਨੂਰ ਦੇ ਪਰਿਵਾਰ ਨੂੰ ਕੀ ਜੁਆਬ ਦੇਵਾਂ?'


ਜੁਆਬ ਕੀ ਦੇਣਾ ਹੈ, 'ਕਹਿ ਦਿਉ ਬਾਕੀ ਸੱਭ ਤਾਂ ਠੀਕ ਹੈ ਪਰ ਕੁੜੀ ਦਾ ਕੱਦ ਜ਼ਰਾ ਮੁੰਡੇ ਨਾਲੋਂ ਛੋਟਾ ਹੈ, ਇਸ ਲਈ ਮੁੰਡੇ ਦੇ ਰਿਸ਼ਤੇਦਾਰਾਂ ਨੂੰ ਇਹ ਰਿਸ਼ਤਾ ਪਸੰਦ ਨਹੀਂ ਹੈ।'

ਜਦ ਇਸ ਗੱਲ ਦਾ ਪਤਾ ਹਰਨੂਰ ਦੇ ਪਰਿਵਾਰ ਨੂੰ ਲੱਗਾ ਤਾਂ ਉਹਨਾਂ ਦੇ ਮਨ ਨੂੰ ਬੜਾ ਧੱਕਾ ਲੱਗਾ, ਤੇ ਉਹ ਵਿਚਲੀ ਸਾਰੀ ਗੱਲ ਵੀ ਸਮਝ ਚੁੱਕੇ ਸਨ। ਪ੍ਰਮਾਤਮਾ ਦਾ ਭਾਣਾ ਮੰਨਦਿਆਂ ਹਰਨੂਰ ਦੇ ਪਾਪਾ ਨੇ ਉਸਨੂੰ ਸਮਝਾਇਆ ਕਿ ਬੇਟਾ! ਉਸ ਪਰਿਵਾਰ ਨੂੰ ਭੁੱਲ ਜਾਵੋ, ਜੋ ਵਿਆਹ ਤੋਂ ਪਹਿਲਾਂ ਹੀ ਇੰਨੇ ਲਾਲਚੀ ਹਨ ਤਾਂ ਜੇ ਵਿਆਹ ਹੋ ਜਾਂਦਾ ਤਾਂ ਤੇਰੇ ਨਾਲ ਪਤਾ ਨਹੀਂ ਕੀ ਕੁੱਝ ਕਰਦੇ। ਹਰਨੂਰ ਨੇ ਝੱਟ ਗੱਲ ਸਮਝ ਗਈ ਕਿ ਗੁਰਬੀਰ ਦੀ ਮਾਂ ਨੂੰ ਕਿਹੜੀ ਸੁਚੱਜੀ ਨੂੰਹ ਚਾਹੀਦੀ ਸੀ?

ਸ਼ਾਮਾਂ ਪਈਆਂ ਤਾਂ ਗੁਰਬੀਰ ਦਾ ਫੋਨ ਆ ਗਿਆ ਤੇ ਹਰਨੂਰ ਨੂੰ ਕਹਿਣ ਲੱਗਾ ਕਿ ਮੇਰਾ ਪਿਆਰ ਮੇਰੀ ਮਾਂ ਦੀ ਜਿੱਦ ਅੱਗੇ ਮਜਬੂਰ ਹੋ ਗਿਆ ਹੈ, ਹੋ ਸਕੇ ਤਾਂ ਮੁਆਫ ਕਰ ਦੇਵੀਂ।







ਜੇ ਤੁਹਾਡੀ ਹਾਂ ਨਾਲ ਕਿਸੇ ਕੁੜੀ ਨੂੰ ਜੀਵਨ ਮਿਲ ਸਕਦਾ ਹੈ, ਉਸਨੂੰ ਉਹ ਸਾਰੀਆਂ ਖੁਸ਼ੀਆਂ ਮੁਫਤ ਵਿੱਚ ਮਿਲ ਸਕਦੀਆਂ ਹਨ ਜੋ ਤੁਸੀਂ ਮੈਨੂੰ ਹਰ ਕੀਮਤ ਤਾਰ ਕੇ ਦੇਣਾ ਚਾਹੁੰਦੇ ਹੋ ਤਾਂ ਜ਼ਰੂਰ ਉਸ ਕੁੜੀ ਨੇ ਪਿਛਲੇ ਜਨਮ ਵਿੱਚ ਮੋਤੀ ਦਾਨ ਕੀਤੇ ਹੋਣਗੇ। ਇਸ ਲਈ ਮੇਰੇ ਸਵੀਟੂ ਜੀ! ਜਿਆਦਾ ਚਿੰਤਾ ਨਹੀਂ ਲਾਉਣੀ, ਮੇਰਾ ਪਿਆਰ ਤੁਹਾਡੇ ਲਈ ਸੀ ਤੇ ਰਹੇਗਾ, ਜ਼ਰੂਰੀ ਨਹੀਂ ਕਿ ਦੋ ਸਰੀਰਾਂ ਦੇ ਮਿਲਣ ਨਾਲ ਹੀ ਰਿਸ਼ਤੇ ਨਿਭਦੇ ਹਨ, ਕੁੱਝ ਰਿਸ਼ਤੇ ਰੂਹਾਂ ਦੇ ਵੀ ਹੁੰਦੇ ਹਨ। ਸਾਡਾ ਰਿਸ਼ਤਾ ਰੂਹਾਂ ਦਾ ਹੈ ਅਤੇ ਹਮੇਸ਼ਾਂ ਰਹੇਗਾ।

# ਤਲਾਕ

ਸੁਣ ਜੀਤੋ! 'ਕਿਉਂ ਨਾ ਆਪਾਂ ਆਪਣੀ ਮਨੀ ਦਾ ਰਿਸ਼ਤਾ ਓਹ ਲੁਧਿਆਣੇ ਵਾਲੇ ਮੁੰਡੇ ਸ਼ੁੱਭਨੂਰ ਨਾਲ ਕਰ ਦੇਈਏ? ਖਾਨਦਾਨ ਵੀ ਚੰਗਾ ਹੈ, ਕਿਸੇ ਤਰ੍ਹਾਂ ਦੀ ਭੁੱਖ ਨਹੀਂ ਹੈ, ਰੱਜਿਆ-ਪੁੱਜਿਆ ਪਰਿਵਾਰ ਹੈ, ਨਾਲੇ ਪਿਛਲੇ ਲੰਮੇ ਸਮੇਂ ਤੋਂ ਜਾਣ-ਪਹਿਚਾਣ ਵੀ ਚੰਗੀ ਬਣੀ ਹੋਈ ਹੈ ਆਪਣੀ ਉਹਨਾਂ ਨਾਲ'....।

'ਖਿਆਲ ਤਾਂ ਵਧੀਆ ਹੈ, ਪਰ ਮਨੀ ਦੇ ਬਾਪੂ ਅੱਜ ਕੱਲ੍ਹ ਗੱਲ ਸਿਰਫ ਦੋ ਪਰਿਵਾਰਾਂ ਦੇ ਮੰਨਣ ਨਾਲ ਨਹੀਂ, ਬਲਕਿ ਕੁੜੀ-ਮੁੰਡੇ ਦੀ ਵੀ ਮਰਜ਼ੀ ਹੋਵੇ ਤਾਂ ਹੀ ਬਣਦੀ ਹੈ। ਜ਼ਮਾਨਾ ਬੜਾ ਅੱਗੇ ਵੱਧ ਗਿਐ ਹੁਣ, ਉਦਾਂ ਮੁੰਡਾ ਤਾਂ ਮੈਨੂੰ ਵੀ ਪਸੰਦ ਹੈ, ਹੱਸਮੁੱਖ ਸੁਭਾਅ ਅਤੇ ਵਧੀਆ ਪੜ੍ਹਾਈ ਲਿਖਾਈ ਨਾਲ ਸਕੂਲ ਵਿੱਚ ਬਤੌਰ ਅਧਿਆਪਕ ਨੌਕਰੀ ਕਰ ਰਿਹਾ ਹੈ। ਹੈ ਵੀ ਅਤਿ ਦਰਜੇ ਦਾ ਸ਼ਰੀਫ ਨਾਲੇ ਸੋਹਣਾ ਸਰਦਾਰ ਮੁੰਡਾ ਹੈ।' ਜੀਤ ਕੌਰ ਬੋਲੀ।

ਤਾਂ ਹੀ ਤਾਂ ਮੇਰੇ ਮਨ ਵਿੱਚ ਖਿਆਲ ਆਇਆ ਜੀਤੋ! ਨਾਲੇ ਇੱਕ ਧੀ ਦਾ ਬੋਝ ਸਿਰੋਂ ਲੱਥ ਜਾਊ ਤੇ ਜਿੱਥੋਂ ਤੱਕ ਮੈਂ ਜਾਣਦਾ, ਉਹਨਾਂ ਨੇ ਚਾਰ ਕਪੜਿਆਂ ਵਿੱਚ ਹੀ ਕੁੜੀ ਲੈ ਜਾਣੀ ਹੈ, ਬੱਸ ਰੱਬ ਕਰੇ ਆਪਣੀ ਸਕੀਮ ਚੱਲ ਜਾਵੇ। ਮੈਂ ਕੱਲ ਜਾਣਾ ਲੁਧਿਆਣੇ, ਗੱਲਾਂ ਵਿੱਚ ਗੱਲ ਕਰੂੰ, ਜੇ ਕੋਈ ਹੁੰਗਾਰਾ ਮਿਲਿਆ ਤਾਂ....।'

ਸ਼ੁੱਭਨੂਰ ਗ੍ਰੈਜੂਏਸ਼ਨ ਤੋਂ ਬਾਅਦ ਮਾਨਤਾ ਪ੍ਰਾਪਤ ਸਕੂਲ ਵਿੱਚ ਚੰਗੀ ਨੌਕਰੀ ਕਰ ਰਿਹਾ ਸੀ ਅਤੇ ਨਾਲ ਅਗਲੇਰੀ ਪੜ੍ਹਾਈ ਵੀ ਜਾਰੀ ਰੱਖੀ ਹੋਈ ਸੀ। ਇੱਕ ਉਸਦਾ ਛੋਟਾ ਭਰਾ ਸੀ ਅਤੇ ਭੈਣ ਕੋਈ ਨਾ ਸੀ। ਉਹ ਕਈ ਵਾਰ ਮਨਪ੍ਰੀਤ ਕੌਰ (ਮਨੀ) ਹੁਣਾਂ ਦੇ ਘਰ ਗਿਆ ਹੋਇਆ ਸੀ ਤੇ ਉਹ ਵੀ ਕਈ ਵਾਰ ਕਿਸੇ ਨਾ ਕਿਸੇ ਕੰਮ ਲਈ ਸ਼ੁੱਭਨੂਰ ਦੇ ਘਰ ਆਈ ਹੋਈ ਸੀ। ਉਹ ਇਕ ਦੂਜੇ ਨੂੰ ਚੰਗੀ ਤਰ੍ਹਾਂ ਜਾਣਦੇ ਸਨ ਅਤੇ ਆਪਸ ਵਿੱਚ ਕੁੱਝ ਪਰਿਵਾਰਕ ਸਬੰਧ ਵੀ ਸਨ।

ਅੱਜ ਸ਼ਾਮੀਂ ਜਦ ਸਕੂਲ ਤੋਂ ਸ਼ੁੱਭਨੂਰ ਵਾਪਿਸ ਆਇਆ ਤਾਂ ਉਸਦੇ ਮਾਂ-ਬਾਪ ਨੇ ਦੱਸਿਆ ਕਿ, 'ਅੱਜ ਅੰਮ੍ਰਿਤਸਰ ਤੋਂ ਤਰਲੋਕ ਸਿੰਘ ਹੁਰੀਂ ਘਰ ਆਏ ਸੀ ਤੇ ਗੱਲਾਂ-ਗੱਲਾਂ ਵਿੱਚ ਤੇਰਾ ਰਿਸ਼ਤਾ ਆਪਣੀ ਮਨੀ ਲਈ ਮੰਗਦੇ ਸਨ ਫਿਲਹਾਲ ਅਸੀਂ





ਗੱਲ ਟਾਲ ਦਿੱਤੀ ਹੈ, ਤੂੰ ਆਪਣੀ ਗੱਲ ਵੀ ਦੱਸ ਦੇ ਤੇਰਾ ਕੀ ਇਰਾਦਾ ਹੈ? ਕੁੜੀ ਤਾਂ ਸਾਨੂੰ ਉਸ ਤਰ੍ਹਾਂ ਬਹੁਤ ਪਸੰਦ ਹੈ, ਸੋਹਣੀ ਸੁਨੱਖੀ ਤੇ ਸਰੂ ਜਿਹੇ ਕੱਦ ਵਾਲੀ, ਬੜੀ ਹੀ ਪਿਆਰੀ ਜਿਹੀ ਹੈ, ਬੋਲ ਬਾਣੀ ਵੀ ਸੋਹਣਾ ਉਸਦਾ, ਨਾਲੇ ਪਰਿਵਾਰ ਵੀ ਚੰਗਾ ਹੀ ਹੈ ਆਉਣ ਜਾਣ ਤਾਂ ਬਣਿਆ ਹੀ ਹੋਇਆ ਆਪਣਾ ਪਿਛਲੇ 1-2 ਸਾਲਾਂ ਤੋਂ, ਬੰਦੇ ਵੀ ਠੀਕ ਨੇ, ਨਾਲੇ ਆਪਾਂ ਕਿਹੜਾ ਉਹਨਾਂ ਕੋਲੋਂ ਕੁੱਝ ਲੈਣਾ ਹੈ? ਨਾਲੇ ਪਹਿਲਾ ਰਿਸ਼ਤਾ ਆਇਆ ਹੈ ਨਾਂਹ ਕਾਹਨੂੰ ਕਰਨੀ ਹੈ?'

ਸ਼ੁੱਭਨੂਰ ਵਿੱਚੋਂ ਹੀ ਟੋਕਦਿਆਂ ਬੋਲਿਆ, 'ਤੁਸੀਂ ਮੇਰੇ ਉੱਪਰ ਆਪਣਾ ਫੈਸਲਾ ਦੱਸ ਰਹੇ ਹੋ ਜਾਂ ਮੇਰੇ ਕੋਲੋਂ ਮੇਰੀ ਮਰਜ਼ੀ ਪੁੱਛ ਰਹੇ ਹੋ? ਹੱਦ ਹੋ ਗਈ, ਨਾ ਜਾਣ ਨਾ ਪਹਿਚਾਣ, ਵਿਆਹ ਤੁਸੀਂ ਕਰਵਾਉਣਾ ਜਾਂ ਮੈਂ? ਉਸਦੀਆਂ ਤਾਰੀਫਾਂ ਕਰੀ ਜਾ ਰਹੇ ਹੋ ਤੁਹਾਡੇ ਮੁੰਡੇ 'ਚ ਕਿਹੜਾ ਕੋਈ ਕਮੀ ਹੈ (?) ਜੋ ਪਹਿਲਾਂ ਰਿਸ਼ਤਾ ਆਇਆ ਹੈ। ਹੋਰ ਕਈ ਆਉਣਗੇ ਅਜੇ....।' ਨਾਲੇ ਮੈਨੂੰ ਪਹਿਲਾਂ ਹੀ ਇੱਕ ਕੁੜੀ ਪਸੰਦ ਹੈ ਤੇ ਤੁਸੀਂ ਵੀ ਉਸਨੂੰ ਜਾਣਦੇ ਹੋ ਚੰਗੀ ਤਰ੍ਹਾਂ, ਜਿੰਨ੍ਹੀਆਂ ਖੂਬੀਆਂ ਮਨੀ ਦੀਆਂ ਦੱਸ ਰਹੇ ਹੋ ਉਸ ਤੋਂ ਵੱਧ ਨੂਰਪ੍ਰੀਤ ਕੌਰ ਵਿੱਚ ਨੇ.....।

"ਤੇਰਾ ਦਿਮਾਗ ਤਾਂ ਨਹੀਂ ਖਰਾਬ, ਉਹ ਪ੍ਰੀਤ ਦੀ ਗੱਲ ਕਰ ਰਿਹਾ ਤੂੰ? ਜਿਸਦਾ ਬਾਪ ਵੀ ਆਪਣੀ ਕਮਾਈ ਘਰ ਨਹੀਂ ਦਿੰਦਾ, ਚਾਰ ਧੀਆਂ ਨੇ ਉਹਨਾਂ ਦੀਆਂ ਇੱਕ ਉਹਨਾਂ ਮਸੀਂ ਵਿਆਹੀ, ਰਿਸ਼ਤੇਦਾਰਾਂ ਨੇ ਵਿਆਹ ਕੀਤਾ ਸੀ ਉਸਦਾ, ਨਾਲੇ ਉਸਦੀ ਜਾਤ ਵੀ ਹੋਰ ਹੈ, ਤੇ ਹੈ ਵੀ ਪਿਛਲੇ ਮੁਹੱਲੇ ਦੀ। ਥੂ-ਥੂ ਕਰਵਾਉਣੀ ਸਾਡੀ? ਕੋਈ ਮਾਂ-ਬਾਪ ਦੀ ਇੱਜ਼ਤ ਦਾ ਖਿਆਲ ਵੀ ਹੈਗਾ ਕਿ ਨਹੀਂ? ਪੜ੍ਹਾਈ ਲਿਖਾਈ ਨੂੰ ਖੂਹ ਵਿੱਚ ਪਾ ਦਿੱਤਾ ਈ, ਆਹ ਗੱਲ ਕਰਕੇ.." ਬਲਬੀਰ ਕੌਰ ਲਗਾਤਾਰ ਬੋਲੀ ਜਾ ਰਹੀ ਸੀ ।

ਮੰਮੀ ਤੁਸੀਂ ਸਿਰਫ ਉਸਦੀਆਂ ਉਹ ਬੁਰਾਈਆਂ ਕਰ ਰਹੇ ਹੋ ਜੋ ਉਸਦੀਆਂ ਨਾ ਹੋ ਕੇ ਉਸਦੇ ਪਰਿਵਾਰ ਦੀਆਂ ਹਨ, ਵਿਆਹੀ ਤਾਂ ਉਸਨੇ ਵੀ ਜਾਣਾ ਈ ਹੈ, ਜੇ ਆਪਣੇ ਘਰ ਆ ਜਾਉਗੀ ਤਾਂ ਜੋ ਸੁੱਖ, ਉਹ ਤੁਹਾਨੂੰ ਦੇਵੇਗੀ ਉਹ ਕਿਸੇ ਹੋਰ ਨੇ ਨਹੀਂ ਦੇਣੇ ਜੇ, ਕਦੀ ਉਸ ਵੱਲੋਂ ਆਪਣੇ ਘਰ ਪ੍ਰਤੀ ਨਿਭਾਈਆਂ ਜਾ ਰਹੀਆਂ ਜਿੰਮੇਵਾਰੀਆਂ ਨੂੰ ਨਹੀਂ ਦੇਖਿਆ, ਕਿਸ ਤਰ੍ਹਾਂ ਉਹ ਆਪਣੇ ਪਰਿਵਾਰ ਪ੍ਰਤੀ ਸੰਜੀਦਾ ਹੈ, ਮਿਹਨਤੀ ਹੈ ਪਿਉ ਦੇ ਬਰਾਬਰ ਕੰਮ ਕਰਦੀ ਹੈ, ਸਹਿਨਸ਼ੀਲ ਹੈ, ਸਿਆਣੀ, ਸੂਝਵਾਨ ਅਤੇ ਅਪਣੱਤ ਵਾਲੀ ਕੁੜੀ ਹੈ। ਮੈਂ ਇਹ ਨਹੀਂ ਕਹਿੰਦਾ ਕਿ ਮਨੀ ਬੁਰੀ ਹੈ, ਪਰ ਉਹਨਾਂ ਦੋਹਾਂ ਵਿੱਚ ਫਰਕ ਜ਼ਰੂਰ ਹੈ।

ਤੁਸੀਂ ਦੋਵੇਂ ਚੁੱਪ ਕਰਦੇ ਕਿ ਨਹੀਂ, ਰੌਲਾ ਪਾਇਆ ਵਿੱਚੋਂ ਹੀ ਸ਼ੁੱਭ ਦੇ ਪਾਪਾ ਬੋਲੇ, ਗੱਲ ਅਜੇ ਕੋਈ ਬਣੀ ਨਹੀਂ ਤੇ ਤੁਸੀਂ ਆਪਣੇ ਘਰ ਕਲੇਸ਼ ਪਾ ਕੇ ਬਹਿ ਗਏ ਹੋ। ਇਸ ਵਿਸ਼ੇ ਤੇ ਹੁਣ ਕੋਈ ਗੱਲ ਨਹੀਂ ਹੋਣੀ ਚਾਹੀਦੀ।

ਉੱਧਰ ਵਾਪਸ ਘਰ ਪੁੱਜ ਕੇ ਤਰਲੋਕ ਨੇ ਉਦਾਸ ਹੁੰਦਿਆ ਕਿਹਾ ਕਿ, 'ਜੀਤ ਕੁਰੇ, ਗੱਲਾਂ ਵਿੱਚ ਮੈਂ ਆਪਣੀ ਮਨੀ ਦੀ ਗੱਲ ਸ਼ੁੱਭਨੂਰ ਲਈ ਕਰ ਤਾਂ ਆਇਆ ਤੇ ਉਹਨਾਂ ਦੇ ਚਿਹਰੇ ਤੋਂ ਲੱਗ ਰਿਹਾ ਸੀ ਕਿ ਉਹਨਾਂ ਵੱਲੋਂ 'ਹਾਂ' ਹੀ ਹੈ, ਪਰ ਉਹ ਗੱਲ ਨੂੰ ਟਾਲ ਜਿਹਾ ਗਏ ਨੇ....।'

'ਉਹ ਤਾਂ ਕੋਈ ਗੱਲ ਨਹੀਂ ਮਨੀ ਦੇ ਬਾਪੂ ਜੀ, ਮੈਂ ਤੁਹਾਨੂੰ ਚੰਗੀ ਤਰ੍ਹਾਂ ਜਾਣਦੀ ਹਾਂ, ਗੱਲ ਤਾਂ ਤੁਸੀਂ ਵੀ ਬਣਾ ਕੇ ਹੀ ਹਟੋਗੇ। ਆਪਾਂ ਇੱਦਾਂ ਕਰੀਏ ਮਨੀ ਨੂੰ ਪਹਿਲਾਂ ਮਨਾ ਲਈਏ ਉਹ ਨਾ ਹੋਵੇ ਬਗਾਵਤ ਪਹਿਲਾਂ ਆਪਣੇ ਘਰੋਂ ਹੀ ਹੋ ਤੁਰੇ।...''

ਹਾਂ! ਇਹ ਤਾਂ ਮੈਂ ਸੋਚਿਆ ਹੀ ਨਹੀਂ ਅੱਜ ਜਦੋਂ ਹੀ ਬੁਟੀਕ ਤੋਂ ਕਲਾਸ ਲਗਾ ਕੇ ਮਨਪ੍ਰੀਤ ਵਾਪਿਸ ਆਵੇ ਤਾਂ ਉਸਨੂੰ ਪੁੱਛ ਲਵਾਂਗੇ।

ਮਨੀ ਦੇ ਆਉਂਦਿਆਂ ਹੀ ਚਾਹ ਪਾਣੀ ਪੀਣ ਮਗਰੋਂ ਮਨੀ ਦੇ ਮਾਂ-ਬਾਪ ਨੇ ਗੱਲ ਸ਼ੁਰੂ ਕਰ ਦਿੱਤੀ ਕਿ, 'ਬੇਟਾ! ਧੀਆਂ ਤਾਂ ਬੇਗਾਨਾ ਧਨ ਹੁੰਦੀਆਂ ਹਨ, ਚੰਗੇ ਘਰ ਵਿੱਚ ਸਮੇਂ ਨਾਲ ਧੀਆਂ ਵਿਆਹੀਆਂ ਜਾਣ ਤਾਂ ਮਾਂ-ਬਾਪ ਵੀ ਸੁੱਖ ਦਾ ਸਾਹ ਲੈ ਲੈਂਦੇ ਹਨ। ਸਮਾਂ ਬੜਾ ਖਰਾਬ ਹੈ ਅੱਜ ਕੱਲ੍ਹ ਚੰਗੇ ਰਿਸ਼ਤੇ ਲੱਭਣੇ ਵੀ ਬੜੇ ਔਖੇ ਹੁੰਦੇ ਨੇ, ਬੰਦੇ ਦਿੱਸਦੇ ਕੁੱਝ ਨੇ ਤੇ ਹੁੰਦੇ ਕੁੱਝ ਹੋਰ ਨੇ, ਧੀਆਂ ਦੇ ਮਾਪਿਆਂ ਦੀ ਕਮਰ ਤਾਂ ਆਹ ਚੰਦਰਾ ਦਾਜ ਹੀ ਤੋੜ ਦਿੰਦਾ ਹੈ। ਮਨੀ ਬੇਟਾ ਜੇ ਤੇਰੇ ਦਿਲ ਵਿੱਚ ਕੋਈ ਗੱਲ ਹੈ ਤਾਂ ਸਾਨੂੰ ਪਹਿਲਾਂ ਹੀ ਦੱਸ ਦੇਵੀਂ। ਉਂਝ ਅਸੀਂ ਤੇਰੇ ਲਈ ਵਰ ਲੱਭ ਰਹੇ ਹਾਂ ਅਤੇ ਸਾਡੀ ਅੱਖ ਇੱਕ ਬੜੇ ਹੀ ਹੋਣਹਾਰ ਮੁੰਡੇ ਉੱਪਰ ਟਿਕੀ ਹੈ, ਤੈਨੂੰ ਦੱਸਣਾ ਤਾਂ ਕਰਕੇ ਜ਼ਰੂਰੀ ਸਮਝਿਆ ਕਿ ਅੱਜ ਕੱਲ੍ਹ ਮਾਡਰਨ ਜ਼ਮਾਨਾ ਹੈ ਨਾਲੇ ਮੁੰਡੇ ਨੂੰ ਤੂੰ ਵੀ ਚੰਗੀ ਤਰ੍ਹਾਂ ਜਾਣਦੀ ਹੈ ਉਹ ਆਪਣੇ ਲੁਧਿਆਣੇ ਵਾਲੇ ਅੰਕਲ ਪ੍ਰਤਾਪ ਸਿੰਘ ਹੁਰਾਂ ਦਾ ਵੱਡਾ ਬੇਟਾ ਸ਼ੁੱਭਨੂਰ ਹੈ...।'

ਨਹੀਂ ਪਾਪਾ! ਮੇਰੀ ਜਿੰਦਗੀ ਵਿੱਚ ਕੁੱਝ ਵੀ ਐਸਾ ਨਹੀਂ ਚੱਲ ਰਿਹਾ, ਜਿੱਥੇ ਆਪ ਜੀ ਤੋਰੋਗੇ ਮੈਂ ਤੁਰ ਜਾਵਾਂਗੀ। ਮੈਨੂੰ ਪਤਾ ਤੁਸੀਂ ਮੇਰੇ ਲਈ ਭਲਾ ਹੀ ਸੋਚੋਗੇ। ਨਾਲੇ ਪ੍ਰਤਾਪ ਅੰਕਲ ਜੀ ਦੇ ਸਾਰੇ ਪਰਿਵਾਰ ਨੂੰ ਮੈਂ ਵੀ ਚੰਗੀ ਤਰ੍ਹਾਂ ਜਾਣਦੀ ਹਾਂ ਨਾਲੇ ਸ਼ੁੱਭਨੂਰ ਦਾ ਵੀ ਮੈਨੂੰ ਪਤਾ ਹੈ।





ਸ਼ੁਕਰ ਹੈ ਰੱਬਾ! ਇਹੋ ਜਿਹੀ ਧੀ ਸੱਭ ਨੂੰ ਦੇਵੀਂ! ਧੀਏ ਰੱਬ ਕਰੇ ਤੇਰਾ ਹਰ ਸੁਪਨਾ ਪੂਰਾ ਹੋਵੇ ਤੇ ਤੈਨੂੰ ਸਾਰੀਆਂ ਖੁਸ਼ੀਆਂ ਮਿਲਣ, ਪਰ ਇੱਕ ਮੁਸ਼ਕਲ ਹੈ ਬੇਟਾ! ਮੈਂ ਉਹਨਾਂ ਨਾਲ ਗੱਲ ਕੀਤੀ ਸੀ, ਉਹ ਗੱਲ ਜ਼ਰਾ ਟਾਲ ਜਿਹੀ ਗਏ ਸ਼ਾਇਦ ਉਹ ਵੀ ਹਾਂ ਕਰਨ ਤੋਂ ਪਹਿਲਾਂ ਸਾਡੇ ਵਾਂਗ ਸ਼ੁੱਭਨੂਰ ਨੂੰ ਪੁੱਛਣਾ ਚਾਹੁੰਦੇ ਹੋਣ। ਬੱਸ ਰੱਬ ਮਿਹਰ ਕਰੇ ਉਸਦੀ 'ਹਾਂ' ਹੋਵੇ ਪਰ ਜੇ ਉਸਦੀ ਨਾਂਹ ਹੋਈ ਤਾਂ ਉਸ ਕੋਲੋਂ ਹਾਂ ਕਰਵਾਉਣ ਦੀ ਡਿਊਟੀ ਤੇਰੀ ਹੋਵੇਗੀ।

ਪਾਪਾ ਇਹ ਕੀ ਕਹਿ ਰਹੇ ਹੋ? ਇੱਦਾਂ ਨਹੀਂ ਹੋ ਸਕੇਗਾ! ਇਹ ਤਾਂ ਗਲਤ ਹੋਵੇਗਾ ।

ਕਿਉਂ ਨਹੀਂ ਹੋ ਸਕਦਾ? ਸੱਭ ਕੁੱਝ ਹੋ ਸਕਦਾ ਹੈ ਜੇ ਨਹੀਂ ਹੋਵੇਗਾ ਤਾਂ ਇਹੋ ਜਿਹੀ ਜਗ੍ਹਾ ਵਿਆਹ ਦੇਵਾਂਗਾ ਜਿੱਥੇ ਸਾਰੀ ਉਮਰ ਧੱਕੇ ਖਾਂਦੀ ਰਹੇਂਗੀ, ਮਾਂ ਦੀ ਘੂਰੀ ਵੇਖ ਕੇ ਮਨੀ ਚੁੱਪ ਰਹੀ, ਤੇ ਉਸਦਾ ਪਿਉ ਤਰਲੋਕ ਬੋਲਦਾ ਬੋਲਦਾ ਉੱਠ ਕੇ ਚਲਿਆ ਗਿਆ।

ਅਗਲੇ ਦਿਨ ਮਨੀ ਨੇ ਸਾਰੀ ਗੱਲ ਆਪਣੀ ਖਾਸ ਸਹੇਲੀ ਮਨਵੀਰ ਨੂੰ ਦੱਸੀ ਤੇ ਕਿਹਾ ਕਿ, 'ਲੜਕਾ ਮੈਨੂੰ ਪਸੰਦ ਹੈ ਤੇ ਪਰਿਵਾਰ ਵੀ ਚੰਗਾ ਹੈ, ਪਰ ਜੇ ਮੁੰਡਾ ਨਾ ਮੰਨਿਆ ਤਾਂ ਪਾਪਾ ਕਹਿੰਦੇ ਨੇ ਕਿ ਮੈਂ ਉਸ ਨੂੰ ਜ਼ਬਰੀ ਮਨਾਵਾਂ, ਇਹ ਕਿੱਦਾਂ ਹੋ ਸਕਦਾ ਮਨਵੀਰ?'

'ਹਾਂ ਯਾਰ ਇਹ ਕਿਵੇਂ ਹੋ ਸਕਦਾ? ਨਾਲੇ ਉਹ ਇੰਝ ਕਿਉਂ ਚਾਹੁੰਦੇ ਹਨ?' ਮਨੀ ਨੇ ਪੁਛਿਆ।

ਦਰਅਸਲ ਮੇਰੇ ਮੰਮੀ ਜੀ ਦੀ ਇਹ ਸੈਕਿੰਡ ਮੈਰਿਜ਼ ਹੈ ਤੇ ਇਹ ਮੇਰੇ ਅਸਲੀ ਪਾਪਾ ਨਹੀਂ ਨੇ, ਘਰ ਵਿੱਚ ਬੱਸ ਇਹਨਾਂ ਦੀ ਹੀ ਚੱਲਦੀ ਹੈ। ਪਾਪਾ ਦੀ ਇਹ ਸਕੀਮ ਹੈ ਕਿ ਮੇਰਾ ਵਿਆਹ ਸ਼ੁੱਭਨੂਰ ਨਾਲ ਹੋ ਜਾਵੇ ਤੇ ਮੈਂ ਵੱਡੇ ਘਰ ਚਲੀ ਜਾਵਾਂ, ਕਿਉਂਕਿ ਉਹਨਾਂ ਨੇ ਵਿਆਹ ਬਿਨ੍ਹਾਂ ਦਾਜ-ਦਹੇਜ ਜਾਂ ਲੈਣਦੇਣ ਤੋਂ ਕਰਨਾ ਹੈ ਤੇ ਪਾਪਾ ਚਾਹੁੰਦੇ ਹਨ ਕਿ ਮੈਂ ਫ੍ਰੀ ਵਿੱਚ ਵਿਆਹੀ ਵੀ ਜਾਵਾਂ ਤੇ ਬਾਅਦ ਵਿੱਚ ਉਸ ਘਰ ਵਿੱਚ ਜਾ ਕੇ, ਉਸਦੇ ਘਰ ਨੂੰ ਇਸ ਘਰ ਵਿੱਚ ਲੈ ਆਵਾਂ ਤਾਂ ਕਿ ਇਹ ਵੀ ਅਮੀਰ ਹੋ ਜਾਣ ਤੇ ਮੇਰੀ ਵਰਤੋਂ ਇੱਕ ਵਸਤੂ ਵਾਂਗ ਹੋ ਸਕੇ। ਵਿਚਲਾ ਸੱਚ ਇਹ ਹੈ।'

ਮਨਵੀਰ ਇੱਕ ਦਮ ਬੋਲੀ, 'ਓ ਸ਼ਿੱਟ! ਇੰਨੀ ਵੱਡੀ ਪਲਾਨਿੰਗ?' ਤੇਰਾ ਕੁੱਝ ਨਹੀਂ ਹੋ ਸਕਦਾ ਮਨੀ। ਚੱਲ ਇਹ ਦੱਸ ਤੂੰ ਸ਼ੁੱਭ ਨੂੰ ਪਸੰਦ ਕਰਦੀ ਹੈਂ? ਜੇ ਤਾਂ ਤੈਨੂੰ

ਪਸੰਦ ਹੈ ਤਾਂ ਵਧੀਆ ਗੱਲ ਹੈ, ਜਿੰਦਗੀ ਸੌਖੀ ਰਹੇਗੀ ਨਹੀਂ ਤਾਂ ਤੇਰੇ ਪਾਪਾ ਦਾ ਕੀ ਪਤਾ ਜੋ ਇੰਨਾਂ ਨੀਵਾਂ ਸੋਚ ਸਕਦੇ ਹਨ ਕੱਲ ਨੂੰ ਤੈਨੂੰ ਕਿੱਥੇ ਤੇਰੀ ਮਰਜ਼ੀ ਦੇ ਬਗੈਰ ਤੋਰ ਦੇਣ।

ਕੁੱਝ ਦਿਨਾਂ ਬਾਅਦ ਇਤਫਾਕ ਵੱਸ ਸ਼ੁੱਭਨੂਰ, ਮਨਪ੍ਰੀਤ ਹੁਣਾਂ ਦੇ ਘਰ ਗਿਆ ਅਤੇ ਉਸਦੇ ਘਰਵਾਲੇ ਘਰ ਨਹੀਂ ਸਨ ਤੇ ਸਿਰਫ ਮਨਪ੍ਰੀਤ ਅਤੇ ਉਸਦੇ ਛੋਟੇ ਭੈਣ-ਭਰਾ ਹੀ ਸਨ ਜੋ ਬਾਹਰ ਖੇਲ ਰਹੇ ਸਨ। ਮਨਪ੍ਰੀਤ ਨੇ ਮੌਕਾ ਜਾਣ ਕੇ ਪਹਿਲ ਕਰਦਿਆਂ ਆਪਣੇ ਦਿਲ ਦੇ ਵਲਵਲੇ ਸ਼ੁੱਭਨੂਰ ਨਾਲ ਖੋਲ੍ਹ ਦਿੱਤੇ। ਉਸਨੇ ਸੱਭ ਕੁੱਝ ਦੱਸ ਦਿੱਤਾ ਕੇ ਜੇਕਰ ਤੁਸੀਂ ਵਿਆਹ ਲਈ ਹਾਂ ਨਹੀਂ ਕੀਤੀ ਤਾਂ ਮੇਰੇ ਪਾਪਾ ਮੇਰੀ ਡੋਲੀ ਕਿਤੇ ਹੋਰ ਤੋਰ ਦੇਣਗੇ ਕਿਉਂਕਿ ਉਹ ਮੇਰੇ ਨਾਲ ਨਫਰਤ ਕਰਦੇ ਹਨ ਕਿਉਂਕਿ ਮੈਂ ਉਹਨਾਂ ਦੀ ਸਕੀ ਬੇਟੀ ਨਹੀਂ ਹਾਂ। ਮੈਂ ਵੀ ਇਹੀ ਚਾਹਵਾਂਗੀ ਕਿ ਮੈਨੂੰ ਤੁਹਾਡੇ ਵਰਗਾ ਇਨਸਾਨ ਮਿਲੇ ਅਤੇ ਚੰਗਾ ਪਰਿਵਾਰ ਮਿਲੇ।' ਇਹ ਸੱਭ ਕੁੱਝ ਸੁਣ ਕੇ ਸ਼ੁੱਭਨੂਰ ਦਾ ਦਿਲ ਪਸੀਜ ਗਿਆ। 'ਮੈਂ ਕੁੱਝ ਦਿਨ ਸੋਚ ਵਿਚਾਰ ਕੇ ਫੈਸਲਾ ਕਰਾਂਗਾ। ਤੂੰ ਕਿਸੇ ਤਰ੍ਹਾਂ ਦੀ ਚਿੰਤਾ ਨਾ ਲਾਵੀਂ।' ਸ਼ੁੱਭਨੂਰ ਨੇ ਕਿਹਾ ਤੇ ਚਲਿਆ ਗਿਆ।

ਅਗਲੇ ਦਿਨ ਸ਼ੁੱਭਨੂਰ ਨੂਰਪ੍ਰੀਤ ਨੂੰ ਮਿਲਿਆ ਤੇ ਉਸਨੂੰ ਸਾਰੀ ਗੱਲ ਦੱਸੀ ਕਿ, 'ਕਿਸ ਤਰ੍ਹਾਂ ਉਸਨੂੰ ਇੱਕ ਜਾਣਪਹਿਚਾਣ ਵਿੱਚੋਂ ਰਿਸ਼ਤਾ ਆਇਆ ਹੈ। ਮੈਂ ਉਸ ਕੁੜੀ ਨੂੰ ਮਿਲਿਆਂ ਹੋਇਆਂ ਹਾਂ ਉਸਦਾ ਨਾਮ ਮਨਪ੍ਰੀਤ ਹੈ ਅਤੇ ਰਿਸ਼ਤਾ ਉਹਨਾਂ ਨੇ ਹੀ ਮੰਗਿਆ ਹੈ। ਕੁੜੀ ਦਾ ਬਾਪ ਸੌਤੇਲਾ ਹੈ। ਜੇ ਉਹ ਕੁੜੀ ਦੀ ਮੈਰਿਜ਼ ਮੇਰੇ ਨਾਲ ਨਾ ਹੋਈ ਤਾਂ ਉਹ ਉਸ ਨੂੰ ਕਿਸੇ ਵੀ ਸ਼ਰਾਬੀ-ਕਬਾਬੀ ਨਾਲ ਤੋਰਨ ਲਈ ਤਿਆਰ ਹੈ, ਕਿਉਂਕਿ ਉਸਦੀ ਜਿੱਦ ਹੈ ਕਿ ਮਨਪ੍ਰੀਤ ਸਾਡੇ ਘਰ ਦੀ ਨੂੰਹ ਬਣੇ। ਵਿਚਲੀ ਗੱਲ ਦਾ ਤਾਂ ਪਤਾ ਨਹੀਂ ਪਰ ਉਸਦਾ ਬਾਪ ਬੜਾ ਜਿੱਦੀ ਤੇ ਬੇਵਕੂਫ ਜਿਹਾ ਇਨਸਾਨ ਹੈ ਤੇ ਉਸਦੀ ਜਿੱਦ ਇੱਕ ਮਾਸੂਮ ਕੁੜੀ ਦੀ ਜਿੰਦਗੀ ਨੂੰ ਪੀਸ ਸਕਦੀ ਹੈ। ਮਨਪ੍ਰੀਤ ਨੇ ਵੀ ਮੇਰੇ ਨਾਲ ਵਿਆਹ ਕਰਾਉਣ ਦੀ ਇੱਛਾ ਮੈਨੂੰ ਦੱਸ ਦਿੱਤੀ ਹਈ ਹੈ ਤੇ ਹੁਣ ਮੁਸ਼ਕਿਲ ਇਹ ਹੈ ਕਿ ਮੈਂ ਤਾਂ ਤੇਰੇ ਨਾਲ ਵਿਆਹ ਕਰਵਾਉਣਾ ਚਾਹੁੰਦਾ ਹਾਂ।'

'ਹਾਂਜੀ ਹਾਂ ਜੀ! ਮੈਨੂੰ ਪਤਾ ਏ ਅਸੀਂ ਦੋਵੇਂ ਇੱਕ ਦੂਜੇ ਨਾਲ ਵਿਆਹ ਕਰਵਾਉਣਾ ਚਾਹੁੰਦੇ ਹਾਂ ਤੇ ਸਾਡੇ ਦੋਵਾਂ ਦੇ ਘਰਵਾਲੇ ਕਦੀ ਵੀ ਇਹ ਰਿਸ਼ਤਾ ਨਹੀਂ ਮੰਨਣਗੇ। ਘਰੋਂ ਅਸੀਂ ਦੌੜਨਾ ਨਹੀਂ, ਸਮਾਜ ਇਜਾਜ਼ਤ ਨਹੀਂ ਦਿੰਦਾ, ਝੂਠੀ ਅਣਖ ਖਾਤਰ ਹੁੰਦੇ ਕਤਲਾਂ ਦੀ ਬਲੀ ਅਸੀਂ ਚੜਨਾ ਨਹੀਂ, ਸੋ ਇਸ ਤਰ੍ਹਾਂ ਸਾਡੀ ਸਾਰੀ ਸੂਝ-ਬੂਝ ਇਸ ਰੂੜੀਵਾਦੀ ਸੋਚ ਅੱਗੇ ਟੁੱਟ ਕੇ ਬਿਖਰ ਜਾਂਦੀ ਹੈ। ਮੈਂ ਤਾਂ ਇਹੀ





ਕਹਾਂਗੀ ਸ਼ੁੱਭਨੂਰ 'ਯੂ ਆਰ ਦਾ ਬੈਸਟ', ਸੋ ਤੁਸੀਂ ਆਰਾਮ ਨਾਲ ਸੋਚ ਵਿਚਾਰ ਕੇ ਫੈਸਲਾ ਕਰੋ। ਜੇ ਤੁਹਾਡੀ ਹਾਂ ਨਾਲ ਕਿਸੇ ਕੁੜੀ ਨੂੰ ਜੀਵਨ ਮਿਲ ਸਕਦਾ ਹੈ, ਉਸਨੂੰ ਉਹ ਸਾਰੀਆਂ ਖੁਸ਼ੀਆਂ ਮੁਫਤ ਵਿੱਚ ਮਿਲ ਸਕਦੀਆਂ ਹਨ ਜੋ ਤੁਸੀਂ ਮੈਨੂੰ ਹਰ ਕੀਮਤ ਤਾਰ ਕੇ ਦੇਣਾ ਚਾਹੁੰਦੇ ਹੋ ਤਾਂ ਜ਼ਰੂਰ ਉਸ ਕੁੜੀ ਨੇ ਪਿਛਲੇ ਜਨਮ ਵਿੱਚ ਮੋਤੀ ਦਾਨ ਕੀਤੇ ਹੋਣਗੇ। ਇਸ ਲਈ ਮੇਰੇ ਸਵੀਟੂ ਜੀ! ਜਿਆਦਾ ਚਿੰਤਾ ਨਹੀਂ ਲਾਉਣੀ, ਮੇਰਾ ਪਿਆਰ ਤੁਹਾਡੇ ਲਈ ਸੀ ਤੇ ਰਹੇਗਾ, ਜ਼ਰੂਰੀ ਨਹੀਂ ਕਿ ਦੋ ਸਰੀਰਾਂ ਦੇ ਮਿਲਣ ਨਾਲ ਹੀ ਰਿਸ਼ਤੇ ਨਿਭਦੇ ਹਨ ਕੁੱਝ ਰਿਸ਼ਤੇ ਰੂਹਾਂ ਦੇ ਵੀ ਹੁੰਦੇ ਹਨ। ਸਾਡਾ ਰਿਸ਼ਤਾ ਰੂਹਾਂ ਦਾ ਹੈ, ਹਮੇਸ਼ਾਂ ਰਹੇਗਾ। ਮੈਂ ਤਾਂ ਇਹੀ ਕਹੂੰਗੀ ਝੱਟ 'ਹਾਂ' ਕਰੋ ਤੇ ਉਸ ਕੁੜੀ ਨੂੰ ਓਸ ਨਰਕ ਵਿੱਚੋਂ ਕੱਢ ਕੇ ਆਪਣੀ ਜਿੰਦਗੀ ਦਾ ਤਾਜ਼ ਬਣਾਉ ਤੇ ਉਸ ਉਪਰ ਉਪਕਾਰ ਕਰੋ, ਉਹ ਵੀ ਤੁਹਾਨੂੰ ਹਰ ਮੌੜ ਤੇ ਹਰ ਖੁਸ਼ੀ ਦੇਵੇਗੀ ਕਿਉਂਕਿ ਜੇ ਤੁਸੀਂ ਉਸ ਲਈ ਇੰਨੀ ਕੁਰਬਾਨੀ ਕਰ ਸਕਦੇ ਹੋ ਤਾਂ ਜ਼ਰੂਰ ਉਹ ਉਸਦਾ ਬਦਲਾ ਤੁਹਾਨੂੰ ਦੁੱਗੁਣੀਆਂ ਖੁਸ਼ੀਆਂ ਦੇ ਕੇ ਚੁਕਾਵੇਗੀ। ਨੂਰਪ੍ਰੀਤ ਇੱਕ ਬਹੁਤ ਹੀ ਸੁਲਝੀ, ਸਿਆਣੀ ਅਤੇ ਤਜ਼ੁਰਬੇਕਾਰ ਲੈਕਚਰਾਰ ਵਾਂਗ ਸ਼ੁੱਭਨੂਰ ਨੂੰ ਉਤਸ਼ਾਹ ਦੇ ਰਹੀ ਸੀ ਤੇ ਆਪ ਗਮਾਂ ਦੇ ਕਿਸੇ ਡੂੰਘੇ ਸਾਗਰ ਦੀ ਹਿਕ ਚੀਰਦੀ ਹੋਈ ਉਸ ਵਿੱਚ ਉਤਰਦੀ ਜਾ ਰਹੀ ਸੀ।'

ਓ.ਕੇ. ਮੈਡਮ ਨੂਰ ਜੀ! ਮੈਂ ਕੋਸ਼ਿਸ਼ ਕਰਾਂਗਾ, ਪਰ ਇੱਕ ਸਵਾਲ ਹੈ ਮੇਰਾ, ਕਿ ਸਾਡਾ ਪਿਆਰ ਹੀ ਸਾਨੂੰ ਕਿਉਂ ਨਹੀਂ ਮਿਲਦਾ ?

ਨੂਰ ਹੱਸਦੇ ਹੋਏ ਬੋਲੀ, ਕਿਉਂਕਿ ਇਹ ਇਸਤੋਂ ਪਹਿਲਾਂ ਵੀ ਕਿਸੇ ਨੂੰ ਨਹੀਂ ਮਿਲਿਆ, ਇਹ ਦੁਨੀਆ ਦਾ ਦਸਤੂਰ ਹੈ, ਤੇ ਜੋ ਰੱਬ ਨੂੰ ਮਨਜ਼ੂਰ ਹੈ, ਜਿਸਦੇ ਅੱਗੇ ਸਾਡਾ ਪਿਆਰ ਮਜਬੂਰ ਹੈ ।

ਖ਼ੈਰ! ਸਮਾਂ ਆ ਬਣਿਆ ਅਤੇ ਸਾਰੀਆਂ ਗੱਲਾਂ ਭੁੱਲਾ ਕੇ ਮਨਪ੍ਰੀਤ ਨੂੰ ਹਮੇਸ਼ਾਂ ਲਈ ਸ਼ੁੱਭਨੂਰ ਦੇ ਲੜ੍ਹ ਲਗਾ ਦਿੱਤਾ ਗਿਆ। ਨਵੇਂ ਘਰ ਵਿੱਚ, ਨਵੇਂ ਰਿਸ਼ਤੇਦਾਰਾਂ ਵਿੱਚ, ਨਵੀਂ ਜਿੰਦਗੀ ਦੀ ਸ਼ੁਰੂਆਤ ਬਹੁਤ ਵਧੀਆ ਢੰਗ ਨਾਲ ਕੀਤੀ ਗਈ। ਪੂਰੇ ਇਲਾਕੇ ਵਿੱਚ ਬਿਨ੍ਹਾਂ ਲੈਣ-ਦੇਣ ਅਤੇ ਵਿਖਾਵੇ ਦੇ ਹੋਏ ਇਸ ਅਨੰਦ ਕਾਰਜ ਦੇ ਚਰਚੇ ਚੱਲਦੇ ਰਹੇ। ਸੱਭ ਸਿਆਣਿਆਂ ਨੇ ਇਸ ਵਿਆਹ ਨੂੰ ਸਲਾਹਿਆ ਅਤੇ ਆਸੀਸਾਂ ਦਿੱਤੀਆਂ।

ਸ਼ੁੱਭਨੂਰ ਨੇ ਉਸਨੂੰ ਰਾਣੀ ਦੀ ਤਰ੍ਹਾਂ ਰੱਖਿਆ ਅਤੇ ਉਸਦੇ ਮਾਂ-ਬਾਪ ਨੇ ਉਸਨੂੰ ਨੂੰਹ ਨਾਲੋਂ ਧੀ ਜਾਣ ਕੇ ਹੱਦੋਂ ਵੱਧ ਪਿਆਰ ਅਤੇ ਮਾਣ ਦਿੱਤਾ। ਛੇ ਮਹੀਨੇ ਕਦ

ਗੁਜ਼ਰ ਗਏ, ਕਿਸੇ ਨੂੰ ਪਤਾ ਹੀ ਨਾ ਲੱਗਾ। ਇਹਨਾਂ ਛੇ ਮਹੀਨਿਆਂ ਵਿੱਚ ਸਿਰਫ ਇੱਕ ਵਾਰ ਹੀ ਤਰਲੋਕ ਸਿੰਘ ਆਪਣੀ ਧੀ ਨੂੰ ਮਿਲਣ ਆਇਆ ਅਤੇ ਬੜਾ ਵੱਧ ਘੱਟ ਬੋਲ ਕੇ ਗਿਆ ਕਹਿੰਦਾ, 'ਜਦੋਂ ਦੀ ਮਨਪ੍ਰੀਤ ਵਿਆਹੀ ਗਈ ਹੈ, ਇਸਨੇ ਕਦੀਂ ਵੀ ਆਪਣੇ ਆਪ ਕੋਈ ਫੋਨ ਜਾਂ ਸੁੱਖ-ਦੁੱਖ ਦਾ ਸੁਨੇਹਾ ਆਪਣੇ ਪੇਕੇ ਨਹੀਂ ਘੱਲਿਆ ਅਤੇ ਹੰਕਾਰੀ ਹੋਈ ਆਪਣੇ ਮਾਂ-ਬਾਪ ਦਾ ਸਿਰ ਪੂਰੀ ਰਿਸ਼ਤੇਦਾਰੀ ਵਿੱਚ ਝੁਕਾਉਣ ਦੇਈ ਹੈ, ਉਸਨੇ ਸਾਫ - ਸਾਫ ਕਹਿ ਦਿੱਤਾ ਕਿ ਸਾਡੇ ਲਈ ਤੂੰ ਹਮੇਸ਼ਾਂ ਲਈ ਮਰ ਗਈ ਅਤੇ ਅਸੀਂ ਤੇਰੇ ਲਈ। ਫਿਰ ਸਾਉਣ ਦਾ ਮਹੀਨਾ ਆ ਗਿਆਂ ਤਾਂ ਮਨਪ੍ਰੀਤ ਦੇ ਪੇਕਿਉਂ ਕੋਈ ਵੀ ਲੈਣ ਨਹੀਂ ਆਇਆ। ਤਾਂ ਮਨਪ੍ਰੀਤ ਨੇ ਆਪਣੇ ਸੱਸ ਸਹੁਰੇ ਨਾਲ ਸਾਰੀ ਗੱਲ ਕੀਤੀ ਕਿ ਮੇਰੇ ਬਾਪ ਅਸਲ ਵਿੱਚ ਮੈਨੂੰ ਵਿਆਹ ਕੇ ਗਲੋਂ ਹੀ ਲਾਹੁਣਾ ਚਾਹੁੰਦਾ ਸੀ ਮੈਨੂੰ ਕਦੀ ਵੀ ਇਸਨੇ ਬਾਪ ਵਾਂਗ ਪਿਆਰ ਨਹੀਂ ਦਿੱਤਾ। ਪਰ ਜੋ ਪਿਆਰ ਮੈਨੂੰ ਇਸ ਘਰ ਵਿੱਚੋਂ ਮਿਲਿਆ ਹੈ ਇਸਨੂੰ ਮੈਂ ਭੁਲਾ ਨਾ ਸਕਾਂਗੀ ਹੁਣ ਤੁਸੀਂ ਹੀ ਮੇਰੇ ਮਾਂ-ਪਿਉ ਹੋ ਤੇ ਮੈਂ ਕਦੇ ਮੁੜ ਪੇਕੇ ਨਹੀਂ ਜਾਣਾ।'

ਇੱਕ ਦਿਨ ਤਰਲੋਕ ਦਾ ਫੋਨ ਆਇਆ ਅਤੇ ਉਸਨੇ ਉਸ ਦਿਨ ਦਾ ਵੱਧ ਘੱਟ ਬੋਲੇ ਜਾਣ ਕਰਕੇ ਆਪਣੀ ਧੀ ਕੋਲੋਂ ਮੁਆਫੀ ਮੰਗੀ ਤੇ ਕਿਹਾ ਕਿ, 'ਉਹ ਕਿਸੇ ਜ਼ਰੂਰੀ ਕੰਮ ਲਈ ਦਿੱਲੀ ਜਾ ਰਿਹਾ ਹੈ। ਚਾਰ-ਪੰਜ ਦਿਨ ਲੱਗ ਜਾਣਗੇ ਇਸ ਲਈ ਤੂੰ ਕੁੱਝ ਦਿਨ ਰਹਿਣ ਲਈ ਆਪਣੀ ਮਾਂ ਕੋਲ ਆ ਜਾ, ਕਿੰਨੀ ਹੀ ਦੇਰ ਹੋ ਗਈ ਤੈਨੂੰ ਆਈ ਨੂੰ।'

ਮਨੀ ਨੇ ਸ਼ੁੱਭ ਨਾਲ ਗੱਲ ਕੀਤੀ ਤੇ ਕਿਹਾ ਕਿ 'ਮੇਰਾ ਦਿਲ ਤਾਂ ਨਹੀਂ ਕਰਦਾ ਜਾਣ ਨੂੰ ਤੁਸੀਂ ਦੱਸੋ?'

..ਤਾਂ ਸ਼ੁੱਭ ਨੇ ਕਿਹਾ ਕਿ, 'ਜੋ ਵੀ ਹੈ ਤੇਰੀ ਮਾਂ ਤਾਂ ਆਪਣੀ ਹੀ ਹੈ, ਕੋਈ ਨਾ 4-5 ਦਿਨ ਦੀ ਗੱਲ ਹੈ ਮੁੜ ਤਾਂ ਆਉਣਾ ਹੀ ਹੈ।'

ਅਗਲੇ ਦਿਨ ਉਸਦਾ ਬਾਪ ਉਸਨੂੰ ਆ ਕੇ ਲੈ ਗਿਆ। ਕੰਮ ਦੇ ਰੁਝੇਵੇਂ ਵਿੱਚ ਸ਼ੁੱਭਨੂਰ ਨੇ ਕੋਈ ਕਾਲ ਬੈਕ ਨਾ ਕੀਤੀ ਅਤੇ ਨਾ ਹੀ ਮਨੀ ਕੋਲ ਪਰਸਨਲ ਮੋਬਾਇਲ ਸੀ। ਇਸ ਤਰ੍ਹਾਂ ਸਮਾਂ ਬੀਤ ਗਿਆ ਅਤੇ ਚਾਰ-ਪੰਜ ਦਿਨ ਦੀ ਬਜਾਇ ਇੱਕ ਹਫਤਾ ਪੂਰਾ ਲੰਘ ਗਿਆ।

ਸ਼ੁੱਭਨੂਰ ਨੇ ਸਹੁਰੇ ਘਰ ਟੈਲੀਫੋਨ ਕੀਤਾ ਤਾਂ ਅੱਗੋਂ ਉਸਦੀ ਮਾਂ ਨੇ ਚੁੱਕਿਆ ਅਤੇ ਕਿਹਾ ਕਿ 'ਮਨੀ ਆਪਣੀ ਕਿਸੇ ਸਹੇਲੀ ਵੱਲ ਗਈ ਹੈ, ਆਵੇਗੀ ਤਾਂ ਗੱਲ ਕਰਵਾ ਦੇਵਾਂਗੀ ਤੇ ਅਜੇ ਅਸੀਂ ਇਸਨੂੰ ਤਿੰਨ-ਚਾਰ ਦਿਨ ਹੋਰ ਰੱਖਣਾ ਹੈ।'





ਇਸ ਤਰ੍ਹਾਂ ਦੋ ਦਿਨ ਹੋਰ ਲੰਘ ਗਏ ਸ਼ੁੱਭਨੂਰ ਨੇ ਫਿਰ ਫੋਨ ਕੀਤਾ ਤਾਂ ਇਸ ਵਾਰ ਮਨੀ ਦੇ ਬਾਪ ਨੇ ਚੁੱਕਿਆ ਉਸਨੇ ਕਿਹਾ ਕਿ, 'ਮਨੀ ਇਸ ਵਕਤ ਆਪਣੇ ਮਾਮਾ ਜੀ ਵੱਲ ਗਈ ਹੈ ਆਉਂਦੀ ਤਾਂ ਗੱਲ ਕਰਵਾ ਦੇਵਾਂਗੇ, ਨਾਲੇ ਉਹਨਾਂ ਦੇ ਕਿਸੇ ਖਾਸ ਰਿਸ਼ਤੇਦਾਰ ਨੇ ਬਾਹਰੋਂ ਆਉਣਾ ਹੈ ਇਸ ਲਈ ਅਸੀਂ ਮਨੀ ਨੂੰ ਅਗਲੇ ਹਫਤੇ ਆਪ ਹੀ ਲੁਧਿਆਣੇ ਛੱਡ ਜਾਵਾਂਗੇ।'

ਸ਼ੁੱਭਨੂਰ ਬੜਾ ਪ੍ਰੇਸ਼ਾਨ ਜਿਹਾ ਹੋ ਗਿਆ, ਉਸਨੇ ਘਰ ਵੀ ਗੱਲ ਕੀਤੀ ਕਿ ਅੱਜ 15 ਦਿਨ ਹੋ ਗਏ ਪਰ ਮਨੀ ਨਾਲ ਗੱਲ ਨਹੀਂ ਹੋ ਪਾ ਰਹੀ ਤਾਂ ਉਸਨੇ ਘਰਦਿਆਂ ਦੇ ਕਹਿਣ ਤੇ ਦੁਬਾਰਾ ਫੋਨ ਕੀਤਾ। ਇਸ ਵਾਰ ਫੋਨ ਮਨੀ ਨੇ ਚੁੱਕਿਆ ਤੇ ਇੰਨਾ ਹੀ ਕਿਹਾ ਕਿ, 'ਹੁਣ ਉਸਨੇ ਵਾਪਿਸ ਤੁਹਾਡੇ ਕੋਲ ਨਹੀਂ ਆਉਣਾ, ਤੁਸੀਂ ਉਸਨੂੰ ਕੁੱਟ ਕੇ ਘਰੋਂ ਕੱਢਿਆ ਹੈ, ਉਹ ਤੁਹਾਡੀ ਮਾਰ ਹੋਰ ਨਹੀਂ ਝੱਲ ਸਕੇਗੀ, ਅਤੇ ਨਾ ਹੀ ਤੁਹਾਡੀਆਂ ਦਾਜ ਦੀਆਂ ਹੋਰ ਡਿਮਾਂਡਾਂ ਪੂਰੀਆਂ ਕਰ ਸਕੇਗੀ?' ਕਹਿੰਦਿਆਂ ਹੋਇਆਂ ਉਹ ਰੋ ਪਈ।

ਸ਼ੁੱਭਨੂਰ ਦੇ ਪੈਰਾਂ ਥੱਲਿਉਂ ਜਿਵੇਂ ਜ਼ਮੀਨ ਹੀ ਨਿਕਲ ਗਈ, ਇਹ ਕੀ ਬੋਲ ਰਹੀ ਏਂ ਮਨੀ? ਕਿਸਨੇ ਦਾਜ ਮੰਗਿਆ? ਕਿਸ ਨੇ ਕੁਟਿਆ ਮਾਰਿਆ? ਇਹ ਕੀ ਬੋਲ ਰਹੀ ਏ? ਇਤਨੇ ਨੂੰ ਤਰਲੋਕ ਬੋਲਿਆ! ਕਾਕਾ ਸ਼ੁੱਭ! ਹੁਣ ਤਾਂ ਤੁਹਾਨੂੰ ਥਾਣੇ 'ਚ ਹੀ ਮਿਲਾਂਗੇ।' ਕਹਿ ਕੇ ਤਰਲੋਕ ਨੇ ਫੋਨ ਕੱਟ ਦਿੱਤਾ।

ਸ਼ੁੱਭਨੂਰ ਦੇ ਪਰਿਵਾਰਕ ਮੈਂਬਰ ਸੱਭ ਹੈਰਾਨ ਅਤੇ ਪ੍ਰੇਸ਼ਾਨ ਹੋ ਗਏ ਕਿ ਇਹ ਕੀ ਭਾਣਾ ਵਰਤ ਗਿਆ ? ਇਸ ਕੁੜੀ ਨੂੰ ਕੀ ਹੋ ਗਿਆ? ਕੀ ਗਲਤਫਹਿਮੀ ਪੈ ਗਈ? ਗੱਲ ਝੱਟ ਹੀ ਸੱਭ ਰਿਸ਼ਤੇਦਾਰਾਂ ਵਿੱਚ ਉੱਡ ਗਈ।

ਹਫ਼ਤੇ ਬਾਅਦ ਸੱਭ ਸਾਕ-ਸਬੰਧੀ, ਰਿਸ਼ਤੇਦਾਰ ਪੰਚਾਇਤ ਵਿੱਚ ਇਕੱਠੇ ਹੋਏ। ਸੱਭ ਨੇ ਪੁਛਿਆ ਕੀ ਗੱਲ ਹੋ ਗਈ ਹੈ? ਤਾਂ ਤਰਲੋਕ ਨੇ ਕਿਹਾ, 'ਮੇਰੀ ਕੁੜੀ ਕੋਲੋਂ ਘਰ ਦੇ ਸਾਰੇ ਕੰਮ ਕਰਵਾਉਂਦੇ ਹਨ, ਵਿਚਾਰੀ ਨੇ ਕਦੇ ਇੰਨਾ ਕੰਮ ਘਰ ਵਿੱਚ ਨਹੀਂ ਕੀਤਾ ਸੀ, ਅਸੀਂ ਇਸਨੂੰ ਨਹੀਂ ਭੇਜਣਾ ਉੱਥੇ। ਅਸੀਂ ਇਹਨਾਂ ਦੀ ਦਾਜ ਦੀਆਂ ਮੰਗਾਂ ਪੂਰੀਆਂ ਨਹੀਂ ਕਰ ਸਕਦੇ ਜਦਕਿ ਅਸੀਂ ਪਹਿਲਾਂ ਹੀ ਮੁੰਡੇ ਨੂੰ ਦੋ ਲੱਖ ਕੈਸ਼, ਇੱਕ ਮੋਟਰਸਾਈਕਲ, ਕੰਪਿਊਟਰ, ਵਾਸ਼ਿੰਗ ਮਸ਼ੀਨ, ਅਲਮਾਰੀ, ਐੱਲ.ਸੀ.ਡੀ. ਟੀ.ਵੀ., ਫਰਿੱਜ਼ ਆਦਿ ਵਿਆਹ ਤੇ ਦੇ ਚੁੱਕੇ ਹਾਂ ।'

ਜਦ ਤਰਲੋਕ ਇਹ ਸੱਭ ਬੋਲ ਰਿਹਾ ਸੀ ਤਾਂ ਮੁੰਡੇ ਵਾਲੇ, ਸੱਭ ਰਿਸ਼ਤੇਦਾਰਾਂ ਅਤੇ ਨਾਲ ਗਏ ਸੱਜਣਾਂ ਦੇ ਪੈਰੋਂ ਜ਼ਮੀਨ ਹੀ ਖਿਸਕ ਗਈ, ਕਿ ਇਹ ਕੁੜੀ ਦਾ ਪਿਉ

ਕਿਹੜੇ ਵਿਆਹ ਦੀ ਗੱਲ ਕਰ ਰਿਹਾ ਹੈ ਤੇ ਕਿਹੜੇ ਦਾਜ ਦੀ ਗੱਲ ਕਰ ਰਿਹਾ ਹੈ? ਜਦਕਿ ਅਸੀਂ ਸੱਭ ਵਿਆਹ ਵਿੱਚ ਸ਼ਾਮਿਲ ਸੀ। ਦਾਜ ਦੀ ਇੱਕ ਸੂਈ ਤੱਕ ਨਹੀਂ ਸੀ ਲਈ ਗਈ ਤਾਂ ਇਹ ਦਾਜ ਕਦੋਂ ਅਤੇ ਕਿਸ ਰਸਤਿਉਂ ਮੁੰਡੇ ਵਾਲੇ ਦੇ ਘਰ ਪੁੱਜ ਗਿਆ, ਜੇ ਪੁੱਜ ਵੀ ਗਿਆ ਤਾਂ ਕਿਸੇ ਨੂੰ ਨਜ਼ਰ ਕਿਉਂ ਨਹੀਂ ਆਉਂਦਾ? ਸਾਫ-ਸਾਫ ਇਹ ਹੈ ਕਿ ਇਹ ਆਪਣੀ ਧੀ ਦਾ ਸੌਦਾ ਕਰ ਰਿਹਾ ਹੈ ਅਤੇ ਕੁਫਰ ਬੋਲ ਕੇ ਕੁੜੀ ਦੀ ਜਿੰਦਗੀ ਬਰਬਾਦ ਕਰੇਗਾ।

ਆਖੀਰ ਤਰਲੋਕ ਸਿੰਘ ਬੋਲਿਆ ਕਿ ਮੈਂ 7 ਲੱਖ ਰੁਪਿਆ ਲਵਾਂਗਾ, ਪਰ ਧੀ ਨਹੀਂ ਤੋਰਾਂਗਾ, ਜੇ ਨਹੀਂ ਦੇਵੋਗੇ ਤਾਂ ਮੈਂ ਤੁਹਾਡੇ ਖਿਲਾਫ ਪਰਚਾ ਅਤੇ ਕੇਸ ਕਰਕੇ ਅਦਾਲਤ ਦਾ ਬੂਹਾ ਖੜਕਾਵਾਂਗਾ। ਸੱਭ ਨੇ ਸਮਝਾਇਆ ਕਿ ਇੰਨਾ ਵਧੀਆ ਪਰਿਵਾਰ ਤੇਰੀ ਕੁੜੀ ਨੂੰ ਮਿਲਿਆ ਹੈ, ਪਰ ਉਹ ਨਹੀਂ ਮੰਨਿਆ। ਸੱਭ ਨੂੰ ਪਤਾ ਸੀ ਕਿ ਇਹ ਧੀ ਇਸਦੀ ਆਪਣੀ ਨਹੀਂ ਮਤਰੇਈ ਹੈ ਤਾਂ ਹੀ ਇਹ ਸੱਭ ਕੁੱਝ ਕਰ ਰਿਹਾ ਹੈ। ਸੱਭ ਨੇ ਬਹੁਤ ਸਮਝਾਇਆ, ਪਰ ਉਹ ਟੱਸ ਤੋਂ ਮੱਸ ਨਹੀਂ ਹੋਇਆ।

ਕੁੱਝ ਸਮਾਂ ਲੰਘਿਆ ਤਾਂ ਉਸਨੇ ਅਦਾਲਤ ਰਾਹੀਂ ਨੋਟਿਸ ਭੇਜ ਦਿੱਤਾ ਤਾਂ ਕਿ ਲੜਕਾ ਪਰਿਵਾਰ ਨੂੰ ਮਾਨਸਿਕ ਤੌਰ ਤੇ ਸਖਤ ਪ੍ਰੇਸ਼ਾਨ ਕੀਤਾ ਜਾ ਸਕੇ, ਇਸ ਅਰਸੇ ਦੌਰਾਨ ਮਨੀ ਨੂੰ ਸ਼ੁੱਭ ਨਾਲ ਗੱਲ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਂਦੀ ਸੀ, ਭਾਵੇਂ ਉਹ ਪੰਚਾਇਤ ਹੋਵੇ ਜਾਂ ਪੁਲਿਸ ਸਟੇਸ਼ਨ ਸਾਰੀ ਗੱਲ ਤਰਲੋਕ ਆਪ ਹੀ ਕਰਦਾ ਸੀ ਜੇ ਕੋਈ ਮਨੀ ਨੂੰ ਕੋਈ ਸਵਾਲ ਪੁੱਛਦਾ ਤਾਂ ਉਹ ਇੰਨਾ ਹੀ ਕਹਿੰਦੀ, 'ਜੋ ਮੇਰੇ ਪਾਪਾ ਕਹਿੰਦੇ ਨੇ ਉਹੀ ਹੋਵੇਗਾ, ਪਾਪਾ ਦਾ ਫੈਸਲਾ ਹੀ ਮੇਰਾ ਫੈਸਲਾ ਹੈ'। ਤੇ ਬੱਸ ਚੁੱਪ ਕਰਕੇ ਸਹਿਮੀ ਹੋਈ ਆਲੇ ਦੁਆਲੇ ਦਾ ਮਾਹੌਲ ਦੇਖਣ ਲੱਗ ਜਾਂਦੀ।


ਆਖੀਰ ਇੱਕ ਦੋ ਸਾਲ ਦੀ ਖੱਜਲ ਖੁਆਰੀ ਤੋਂ ਬਾਅਦ ਉਹ ਸੱਤ ਲੱਖ ਤੋਂ ਤਿੰਨ ਲੱਖ ਤੇ ਆ ਗਿਆ। ਤਾਂ ਰਿਸ਼ਤੇਦਾਰਾਂ ਨੇ ਵਿੱਚ ਪੈ ਕੇ 3 ਲੱਖ ਰੁਪਏ (ਸ਼ੁੱਭਨੂਰ ਸਿੰਘ-ਮਨਪ੍ਰੀਤ ਕੌਰ) ਦਾ ਤਾਲਾਕ ਕਰਵਾਇਆ। ਅੱਜ ਤਰਲੋਕ ਦੇ ਚਿਹਰੇ ਤੇ ਇੱਕ ਨਵੀਂ ਖੁਸ਼ੀ, ਉਤਸ਼ਾਹ, ਚਾਅ, ਅਤੇ ਉਮੰਗ ਸਾਫ ਦਿਖ ਰਹੀ ਸੀ, ਜਦ ਉਹ ਪੰਜ-ਪੰਜ ਸੌ ਅਤੇ ਹਜ਼ਾਰ-ਹਜ਼ਾਰ ਦੇ ਨੋਟ ਬੜੀ ਤੇਜ਼ੀ ਨਾਲ ਗਿਣ ਰਿਹਾ ਸੀ। ਜਿਸਨੂੰ ਸ਼ੁੱਭਨੂਰ ਤੇ ਮਨਪ੍ਰੀਤ ਦੇਖ ਰਹੇ ਸਨ, ਇਸ ਵਕਤ ਸ਼ੁੱਭਨੂਰ ਦੀ ਅੱਖਾਂ ਮਨਪ੍ਰੀਤ ਨੂੰ ਕੁੱਝ ਇੰਝ ਕਹਿ ਰਹੀਆਂ ਲੱਗਦੀਆਂ ਸਨ, 'ਕਿ ਉੱਠ ਝੱਲੀਏ, ਅਜੇ ਵੀ ਤੁਰ ਚੱਲ ਘਰ ਆਪਣੇ, ਪੈਸਾ ਫਿਰ ਕਮਾ ਲਵਾਂਗੇ, ਇੱਜ਼ਤ ਨਹੀਂਉ ਕਮਾਈ ਜਾਂਦੀ..।' ਪਰ ਮਨੀ ਦੀਆਂ ਅੱਖਾਂ ਵਿੱਚ ਵੀ ਕੁੱਝ ਇੱਦਾਂ ਦਾ ਜੁਆਬ ਸੀ, 'ਇੰਨਾਂ ਨੋਟਾਂ ਥੱਲੇ ਦੱਬ ਗਈ ਹਾਂ,





ਭਾਰ ਬੜਾ ਹੈ ਪੈਸੇ ਦਾ, ਹੁਣ ਚਾਹੁੰਦੇ ਵੀ ਨਹੀਂ ਉੱਠ ਸਕਦੀ..।'

ਇਸ ਤਰ੍ਹਾਂ ਮਤਲਬ ਪ੍ਰਸਤ ਮਾਇਆਵਾਦੀ ਬਾਪ ਨੇ ਆਪਣੀ ਧੀ ਦਾ ਤਲਾਕ ਕਰਵਾ ਕੇ, 'ਕੂੜ ਫਿਰੈ ਪ੍ਰਧਾਨ ਵੇ ਲਾਲੋ' ਉੱਤੇ ਮੋਹਰ ਲਗਾ ਦਿੱਤੀ ।



'ਹੂ ਆਰ ਯੂ . . . ?'

ਜਵਾਬ ਆਇਆ, 'ਭੁੱਲ ਗਏ ਓ, ਐ..ਮ. ਸੋਫੀਆ...''

ਹੂਜ਼ ਸੋਫੀਆ ?? ਲਿਖ ਕੇ ਸ਼ੁੱਭ ਨੇ ਵਾਪਿਸ ਮੈਸਜ਼ ਭੇਜ ਦਿੱਤਾ...

ਤਾਂ ਉਸ ਨੰ. ਤੋਂ ਤੁਰੰਤ ਫੋਨ ਆ ਗਿਆ..

ਹੈਲੋ! ਮੈਂ ਸੋਫੀਆ ਯਾਰ ਅੰਮ੍ਰਿਤਸਰ ਤੋਂ, ਤੁਸੀਂ ਸਿਮਰਨਪ੍ਰੀਤ ਨਹੀਂ ਹੋ ??

ਸ਼ੁੱਭ ਬੋਲਿਆ, ਸਿਮਰਨਪ੍ਰੀਤ ?? ਹਾਂ, ਹੁਣ ਸਿਮਰਨਪ੍ਰੀਤ ਹੀ ਹਾਂ ?? ਪਹਿਲਾਂ ਸ਼ੁੱਭਨੂਰ ਸੀ।

ਦੂਜੇ ਪਾਸਿਉ ਅਵਜ਼ ਆਈ! ਕੀ ਮਤਲਬ ਮੈਂ ਸਮਝੀ ਨਹੀਂ, ਕੌਣ ਹੋ ਤੁਸੀਂ?





# ਮੁਕੰਮਲ ਲਾਸ਼

ਸੋਚਦਿਆਂ ਸੋਚਦਿਆਂ ਯਾਦ ਆਇਆ ਵਿਆਹ ਦਾ ਪਹਿਲਾ ਦਿਨ, ਜਦ ਲਾਲ ਚੂੜੇ ਵਾਲੀਆਂ ਬਾਹਾਂ ਸ਼ੁੱਭਨੂਰ ਦੇ ਗਲ ਵਿੱਚ ਪਾ ਕੇ ਉਸ ਨੇ ਆਖਿਆ ਸੀ, 'ਵੇ ਚੰਨਾ! ਅੱਜ ਆਪਣੀ ਬਣਾ ਕੇ ਲਿਆਇਆਂ ਏ ਗੁਰੂ ਬਾਬੇ ਦੀ ਹਜ਼ੂਰੀ ਵਿੱਚ, ਕਦੇ ਦੂਰੀਆਂ ਨਾ ਪੈਣ ਦੇਵੀਂ, ਮਰ ਜਾਵਾਂਗੀ ਜੇ ਇੱਕ ਪਲ ਲਈ ਵੀ ਦੂਰ ਹੋਇਆ, ਬੱਸ ਹੁਣ ਜਲਦੀ ਜਲਦੀ ਆਪਾਂ ਨਵੀਂ ਜਿੰਦਗੀ ਸ਼ੁਰੂ ਕਰਕੇ, ਇੱਕ ਨਵੀਂ ਉਮੰਗ, ਖੁਸ਼ੀ ਦੇ ਨਾਲ ਦੁਨੀਆ ਦੇ ਹਰ ਰੰਗ ਨੂੰ ਇੱਕ-ਇੱਕ ਕਰ ਕੇ ਜੀਵੀਏ।'

ਕੀ ਗੱਲ ਏ, ਅੱਜ ਬੜੀ ਰੁਮਾਇੰਟਿਕ ਹੋ ਰਹੀ ਏ ਮਨਪ੍ਰੀਤ? ਸ਼ੁੱਭਨੂਰ ਨੇ ਮਜ਼ਾਕੀਆ ਜਿਹਾ ਪੁਛਿਆ?

ਅੱਛਾ ਜੀ, ਵਿਆਹ ਕੇ ਲਿਆਏ ਓ, ਐਵੇਂ ਨਹੀਂ ਆਈ ਮੈਂ। ਰੋਮਾਇੰਟਿਕ ਤਾਂ ਤੁਸੀਂ ਕਿਹੜਾ ਘੱਟ ਓ, ਉਦੋਂ ਤਾਂ ਫੋਨ ਤੇ ਬੜੇ ਕਾਹਲੇ ਪੈਂਦੇ ਸੀ ਕਿ ਵਿਆਹ ਵਿੱਚ ਦੇਰੀ ਕਿਉਂ ਹੋ ਰਹੀ ਹੈ? ਤੇ ਅੱਜ ਮੈਨੂੰ ਪੁੱਛਦੇ ਓ, ਕਿ ਰੁਮਾਇੰਟਿਕ ਕਿਉਂ ਹਾਂ?

ਓ.ਕੇ. ਮਨੀ! ਮੈਂ ਤਾਂ ਮਜ਼ਾਕ ਕਰ ਰਿਹਾ ਸੀ, ਅੱਛਾ ਇਹ ਦੱਸ ਸਾਡਾ ਘਰ ਕਿੱਦਾਂ ਦਾ ਲੱਗਿਆ, ਸਾਰੇ ਪਰਿਵਾਰ ਵਾਲੇ ਕਿੱਦਾਂ ਦੇ ਲੱਗੇ...?

ਵੇਖੋ ਜੀ! ਘਰ ਵਾਲੇ ਵਧੀਆ ਤੇ ਘਰ ਵੀ ਵਧੀਆ ਤੇ ਘਰਵਾਲਾ ਸੱਭ ਤੋਂ ਵਧੀਆ। ਨਾਲੇ ਜਿੱਥੇ ਤੁਸੀਂ ਖੁਸ਼ ਉੱਥੇ ਮੈਂ ਵੀ ਖੁਸ਼, ਭਾਵੇਂ ਮਹਿਲ ਹੋਵੇ ਜਾਂ ਕੱਖਾਂ ਦੀ ਕੁੱਲੀ ।

ਲੈ ਬਈ! ਕੁੜੀ ਤਾਂ ਵਿਆਹ ਦੇ ਪਹਿਲੇ ਦਿਨ 'ਚ ਈ ਸਿਆਣੀ ਹੋ ਗਈ, ਮੈਂ ਤਾਂ ਸੋਚਿਆ ਸੀ......"

ਠਹਿਰ ਜਾਉ ਜ਼ਰਾ! ਕੀ ਸੋਚਿਆ ਸੀ, ਤੁਹਾਨੂੰ ਹੁਣੇਂ ਦੱਸਦੀ ਆਂ ਮੈਂ, ਕਹਿ ਕਿ ਮਨਪ੍ਰੀਤ, ਸ਼ੁੱਭਨੂਰ ਤੇ ਮਗਰ ਭੱਜ ਪਈ...।'

ਸੁਣਦੇ ਓਓਓਓਓ........

ਓ ਭਾਈ ਬੋਲਾ ਹੋ ਗਿਆ ਏਂ....?? ਕਿ ਸ਼ੁੱਭਨੂਰ ਦੇ ਚਾਚੇ ਨੇ ਸ਼ੁੱਭ ਨੂੰ ਮੋਢੇ

ਤੋਂ ਫੜ੍ਹ ਕੇ ਹਲੂਣਾ ਦਿੱਤਾ, ਤਾਂ ਜਾ ਕੇ ਸ਼ੁੱਭ ਦੇ ਸੋਚਾਂ ਦੀ ਲੜੀ ਟੁੱਟੀ ਤਾਂ ਪਤਾ ਲੱਗਾ ਕਿ ਅਵਾਜ਼ ਮਨਪ੍ਰੀਤ ਦੀ ਨਹੀਂ, ਅਦਾਲਤ ਵਿੱਚ ਬੈਠਾ ਜੱਜ ਦੇ ਰਿਹਾ ਹੈ, ਕਿਉਂਕਿ ਤਲਾਕ ਵਾਲੇ ਪੇਪਰਾਂ ਤੇ ਮਨਪ੍ਰੀਤ ਦਸਤਖਤ ਕਰ ਚੁੱਕੀ ਸੀ ਤੇ ਸ਼ੁੱਭਨੂਰ ਦੇ ਦਸਤਖਤ ਅਜੇ ਬਾਕੀ ਸਨ, ਵਕੀਲਾਂ ਨੇ ਹੋਰ ਵੀ ਕੰਮ ਕਰਨੇ ਨੇ ਤੇ ਇਹ ਮੁੰਡਾ ਆਪਣੇ ਖਿਆਲਾਂ ਵਿੱਚ ਗੁਆਚਾ ਪਿਆ ਹੈ, ਲੱਗਦਾ ਪਾਗਲ ਏ ਤਾਹੀਉਂ ਇਸਦੀ ਜਨਾਨੀ ਨਾਲ ਨਹੀਂ ਬਣੀ।

ਆਖੀਰ ਦੋਹਾਂ ਪਾਰਟੀਆਂ ਦੇ ਅਤੇ ਗਾਵਹਾਂ ਦੇ ਦਸਤਖਤ ਹੋਏ। ਘਰ ਜ਼ਮੀਨ, ਗਹਿਣੇ ਵੇਚ ਕੇ ਲੜਕੇ ਪਰਿਵਾਰ ਵੱਲੋਂ ਲਿਆਂਦਾ ਗਿਆ ਪੈਸਾ ਜੱਜ ਦੇ ਸਾਹਮਣੇ ਮਨਪ੍ਰੀਤ ਦੇ ਪਰਿਵਾਰ ਨੂੰ ਦੇ ਦਿੱਤਾ ਗਿਆ ਅਤੇ ਸ਼ਾਮੀਂ 5 ਕੁ ਵਜੇ ਸ਼ੁੱਭਨੂਰ ਆਪਣੇ ਪਰਿਵਾਰ ਸਮੇਤ, (ਆਪਣਾ ਇੱਕ ਪਰਿਵਾਰ) ਗੁਆ ਕੇ ਵਾਪਿਸ ਲੁਧਿਆਣੇ ਵਾਪਸ ਆ ਗਿਆ।

ਪਰ ਆਪ ਅਜੇ ਵੀ ਉਹ ਜਲੰਧਰ ਸ਼ਹਿਰ ਵਿੱਚ ਮਨਪ੍ਰੀਤ ਦੇ ਨਾਲ-ਨਾਲ ਤੁਰਿਆ ਜਾ ਰਿਹਾ ਸੀ ਤੇ ਤਰਲੇ ਪਾ ਰਿਹਾ ਸੀ, ਮਨੀ ਦੱਸ ਤਾਂ ਸਹੀ ਤੂੰ ਚਾਹੁੰਦੀ ਕੀ ਏਂ? ਮੈਂ ਸੱਭ ਕੁੱਝ ਕਰਨ ਨੂੰ ਤਿਆਰ ਹਾਂ, ਪਰ ਉਹ ਆਪਣੀ ਜ਼ਿੱਦ ਤੇ ਅੜੀ ਸੀ, ਜੋ ਮੇਰੇ ਪਾਪਾ ਕਹਿੰਦੇ ਨੇ ਮੈਂ ਤਾਂ ਉਹੀ ਕਰਨਾ, ਮੈਂ ਆਪਣੇ ਮਾਂ-ਬਾਪ ਦੇ ਖਿਲਾਫ ਨਹੀਂ ਜਾ ਸਕਦੀ, ਬੱਸ ! ਸ਼ੁੱਭ ਪਲੀਜ਼ ਮੈਨੂੰ ਜੀਣ ਦਿਉ ਹੁਣ!

ਜਦ ਮਨੀ ਨੇ ਇੰਨੀ ਗੱਲ ਕਹੀਂ ਤਾਂ, ਸ਼ੁੱਭਨੂਰ ਅੰਦਰ ਤੱਕ ਝੰਜੋੜਿਆ ਗਿਆ ਤੇ ਬੋਲਿਆ, ਜਦ ਮੈਂ ਤੇਰੇ ਲਈ ਆਪਣੀ ਫੈਮਿਲੀ ਦੇ ਖਿਲਾਫ ਜਾ ਸਕਦਾ ਤਾਂ ਤੂੰ ਕਿਉਂ ਨਹੀਂ? ਸਾਡਾ ਵਿਆਹ ਸਾਡੀ ਨਹੀਂ, ਘਰਵਾਲਿਆਂ ਦੀ ਮਰਜ਼ੀ ਨਾਲ ਹੀ ਹੋਇਆ ਸੀ, ਇਸ ਰਿਸ਼ਤੇ ਨੂੰ ਅਸੀਂ ਦੋਹਾਂ ਨੇ ਕੋਮਲ ਫੁੱਲ ਦੀ ਤਰ੍ਹਾਂ ਸੰਭਾਲਿਆ ਸੀ, ਭਵਿੱਖ ਵਿੱਚ ਵੀ ਵਿਸ਼ਵਾਸ਼, ਦ੍ਰਿੜਤਾ, ਪਿਆਰ ਨਾਲ ਇਸ ਰਿਸ਼ਤੇ ਨੂੰ ਉਮਰਾਂ ਤੱਕ ਨਿਭਾਉਣ ਲਈ ਯਤਨ ਵੀ ਅਸੀਂ ਕਰਨਾ ਹੈ ਨਾ ਕਿ ਪਰਿਵਾਰ ਵਲਿਆਂ ਨੇ, ਪਰ ਅੱਜ ਜੇ ਤੇਰੀ ਜਿੱਦ ਏ ਤਾਂ ਠੀਕ ਹੈ, ਮੈਨੂੰ ਵੀ ਆਪਣੇ ਮਾਂ-ਬਾਪ ਪਿਆਰੇ ਹਨ, ਜਾ ਜੀਅ ਲੈ ਆਪਣੀ ਜਿੰਦਗੀ, ਮੁੜ ਨਹੀਂ ਆਉਂਦਾ ਹੁਣ। ਕਹਿ ਕੇ ਸ਼ੁੱਭਨੂਰ ਮਨ ਵਿਚ ਆ ਰਹੇ ਅਜਿਹੇ ਵਿਚਾਰਾਂ ਅਤੇ ਦਿਲ ਵਿੱਚ ਹੋ ਰਹੀ ਗੁੱਥਮ ਗੁਥੀ ਨੂੰ ਸ਼ਾਇਦ ਥੋੜਾ ਜਿਹਾ ਸੁਲਝਾਉਣ ਦੀ ਖਾਤਿਰ ਘਰ ਦੀ ਛੱਤ ਤੇ ਚਲਿਆ ਗਿਆ।

ਉਸ ਨੂੰ ਉਹ ਦਿਨ ਯਾਦ ਆਇਆ ਜਦ ਉਸਦੇ ਪਹਿਲੇ ਪਿਆਰ ਨੂਰਪ੍ਰੀਤ ਨੇ ਭਿੱਜੀਆਂ ਅੱਖਾਂ ਨਾਲ ਸ਼ੁੱਭਨੂਰ ਨੂੰ ਵਿਦਾ ਕਰਕੇ ਆਖਿਆ ਸੀ, ਮੈਨੂੰ ਮਨੀ ਵਿੱਚੋਂ





ਲੱਭੀਂ, ਮਿਲ ਜਾਵਾਂਗੀ...''

ਪਰ ਅੱਜ ਸ਼ੁੱਭ ਦਾ ਚਿੱਤ ਕਰੇ ਕਿ ਜਾ ਕੇ ਨੂਰ ਦੇ ਪੈਰਾਂ ਵਿੱਚ ਡਿੱਗ ਜਾਵੇ ਤੇ ਆਖੇ, 'ਤੂੰ ਕਿਸੇ ਹੋਰ 'ਚੋਂ ਨਹੀਂ ਲੱਭਦੀ, ਕੋਸ਼ਿਸ਼ ਕੀਤੀ ਤਾਂ ਉਹ ਮੈਨੂੰ, ਮੇਰੇ ਵਜੂਦ ਨੂੰ ਮਿੱਟੀ ਵਿੱਚ ਮਿਲਾ ਗਈ ਊ, ਆਜਾ ਮੁੜ ਆਜਾ ਤੇ ਇੱਕ ਵਾਰ ਫਿਰ ਅਪਣਾ ਲੈ, ਮੈਂ ਲੜਾਂਗਾ ਜ਼ਮਾਨੇ ਦੇ ਨਾਲ, ਮੈਂ ਲੜਾਂਗਾ ਰੀਤੀ ਰਿਵਾਜ਼ਾਂ ਦੇ ਨਾਲ, ਮੈਂ ਲੜਾਂਗਾ ਅਖੌਤੀ ਸਮਾਜਿਕ ਰੀਤੀਆਂ ਨਾਲ......' ਪਰ ਹੁਣ ਬਹੁਤ ਦੇਰ ਹੋ ਚੁੱਕੀ ਸੀ..।

ਮੈਂ ਵੀ ਚੱਲਿਆਂ, ਸੱਭ ਕੁੱਝ ਛੱਡ ਕੇ ਇਸ ਦੁਨੀਆ ਤੋਂ ਦੂਰ, ਮੈਨੂੰ ਪਤਾ ਜਦ ਮੇਰੇ ਨਾਲ ਹੋਏ ਸਲੂਕ, (ਤਲਾਕ) ਤੇ ਇਸ ਸਾਰੇ ਸਮੇਂ ਵਿੱਚ ਵੇਖੇ ਉਤਰਾਅ ਚੜਾਅ ਦਾ ਤੈਨੂੰ ਪਤਾ ਲੱਗਾ ਤਾਂ ਤੂੰ ਤਾਂ ਮੇਰੇ ਤੋਂ ਵੀ ਵੱਧ ਟੁੱਟ ਜਾਣਾ, ਤੂੰ ਤਾਂ ਕਹਿੰਦੀ ਸੀ, ਕਿ ਮਨਪ੍ਰੀਤ ਕਿਸਮਤ ਵਾਲੀ ਹੈ, ਜਿਸ ਨੂੰ ਬਿਨ੍ਹਾਂ ਮੰਗਿਆਂ ਸ਼ੁੱਭ ਮਿਲ ਗਿਆ ਤੇ ਮੇਰੀਆਂ ਲੱਖ ਦੁਆਵਾਂ ਰੱਬ ਨੇ ਵੀ ਅਪ੍ਰਵਾਨ ਕਰ ਦਿੱਤੀਆਂ, ਅੱਜ ਆ ਕੇ ਵੇਖ ਨੂਰ! ਉਹਦੀ ਕਿਸਮਤ ਦਾ ਤਾਂ ਪਤਾ ਨਹੀਂ, ਪਰ ਤੇਰੇ ਸ਼ੁੱਭ ਨੂੰ ਅਸ਼ੁੱਭ ਕਰਕੇ ਬਦਕਿਸਮਤੀ ਦਾ ਦਾਗ ਲਗਾ ਕੇ ਚਲੀ ਗਈ ਉਹ ਕੁੜੀ, ਜਿਸਦੀ ਝੋਲੀ ਵਿੱਚ ਮੈਨੂੰ (ਆਪਣੇ ਪਿਆਰ ਨੂੰ) ਤੂੰ ਪਾ ਕੇ ਗਈ ਸੀ ।

ਰੋ-ਰੋ ਕੇ ਲਾਲ ਸੁਰਖ ਹੋਈਆਂ ਅੱਖਾਂ ਦੇ ਸੁੱਕੇ ਅਣਸੁੱਕੇ ਹੰਝੂਆਂ ਨੂੰ ਬਾਹਾਂ ਨਾਲ ਪੂੰਝ ਕੇ ਮਨ ਵਿੱਚ ਫੈਸਲਾ ਕਰ ਲਿਆ ਕਿ ਹੁਣ ਨਹੀਂ ਜੀਉਣਾ। ਤੇ ਬੱਸ ਜਲਦੀ ਵਿੱਚ ਲਏ ਫੈਸਲੇ ਨੇ ਬੀਤ ਚੁੱਕੇ ਦੀਆਂ ਯਾਦਾਂ ਵਿੱਚੋਂ ਕੱਢ ਕੇ, ਦਿਮਾਗ ਨੂੰ ਉੱਪਰ ਪਰਛੱਤੀ ਵਿੱਚ ਪਈ ਫਰਨੈਲ ਦੀ ਸ਼ੀਸ਼ੀ ਲੱਭਣ ਤੇ ਲਾ ਦਿੱਤਾ। ਚਾਨਣ ਲਈ ਕਮਰੇ ਦੇ ਬੂਹੇ ਨਾਲ ਸੱਜੇ ਪਾਸੇ ਲੱਗੇ ਬਟਨ ਨੂੰ ਬਲਬ ਜਗਾਉਣ ਲਈ ਦਬਾਇਆ ਤਾਂ ਉਹ ਵੀ ਦਗਾਬਾਜ਼ ਨਿਕਲਿਆ, ਬਲਬ ਸੜ ਚੁਕਿਆ ਸੀ ।

ਜੇਬ ਵਿੱਚੋਂ ਮੋਬਾਇਲ ਕੱਢਿਆ ਅਤੇ ਸਕਰੀਨ ਦੀ ਰੋਸ਼ਨੀ ਫਰਨੈਲ ਦੀ ਸ਼ੀਸ਼ੀ ਤੇ ਜਾ ਪਈ, ਪਰ ਕੁੱਝ ਫਰਕ ਨਾਲ। ਮੋਬਾਇਲ ਆਪਣੇ ਵੱਲ ਘੁਮਾ ਕੇ ਦੇਖਿਆ ਤਾਂ ਮੋਬਾਇਲ ਦੀ ਚਿੱਟੀ ਰੋਸ਼ਨੀ ਨੂੰ ਨੀਲੀ ਕਰਨ ਵਾਲਾ ਕਿਸੇ ਅਨਨਾਉਣ ਨੰਬਰ ਤੋਂ ਆਇਆ ਮੈਸਜ ਸਕਰੀਨ ਉੱਪਰ ਥਾਂ ਮੱਲੀ ਬੈਠਾ ਸੀ। ਇਕ ਹੱਥ ਮੌਤ ਦੂਜੇ ਹੱਥ ਮੋਬਾਇਲ ਦਾ ਲਾਕ ਖੋਲ ਕੇ ਮੈਸਜ ਪੜ੍ਹਿਆ ਤਾਂ ਉਸਦੀਆਂ ਕੁੱਝ ਸਤਰਾਂ ਇਸ ਪ੍ਰਕਾਰ ਸੀ,

'ਜੇ ਮਰਨ ਨਾਲ ਜਿੰਦਗੀ ਦਾ ਹੱਲ ਨਿਕਲਦਾ,
ਤਾਂ ਦੁਨੀਆ ਤੇ ਕੋਈ ਜਿਉਂਦਾ ਨਾ ਹੁੰਦਾ....'

ਸ਼ੁੱਭਨੂਰ ਮੈਸਜ ਸੈਂਡਰ ਨੂੰ ਪਹਿਚਾਨਣ ਤੋਂ ਅਸੱਮਰਥ ਸੀ, ਪਰ ਇਹਨਾਂ ਦੋ ਲਾਈਨਾਂ ਨੇ ਉਸ ਹੱਥ ਫੜ੍ਹੀ ਜ਼ਹਿਰ ਦੀ ਬੋਤਲ ਨੂੰ ਇੱਕ ਪਾਸੇ ਰਖਵਾ ਦਿੱਤਾ। ਕੁੱਝ ਦੇਰ ਇਸ ਮੈਸਜ ਦੀ ਡੂੰਘਾਈ ਨੂੰ ਸਮਝਣ ਦੀ ਕੋਸ਼ਿਸ਼ 'ਚ ਲੱਗਾ ਰਿਹਾ, ਤੇ ਵਾਪਿਸ ਰਿਪਲਾਏ ਕਰ ਦਿੱਤਾ,

'ਹੂ ਆਰ ਯੂ . . . ?'

ਜਵਾਬ ਆਇਆ, 'ਭੁੱਲ ਗਏ ਓ, ਐ..ਮ. ਸੋਫੀਆ...''

ਹੂਜ਼ ਸੋਫੀਆ ?? ਲਿਖ ਕੇ ਸ਼ੁੱਭ ਨੇ ਵਾਪਿਸ ਮੈਸਜ਼ ਭੇਜ ਦਿੱਤਾ...

ਤਾਂ ਉਸ ਨੰ. ਤੋਂ ਤੁਰੰਤ ਫੋਨ ਆ ਗਿਆ..

ਹੈਲੋ !ਮੈਂ ਸੋਫੀਆ ਯਾਰ ਅੰਮ੍ਰਿਤਸਰ ਤੋਂ, ਤੁਸੀਂ ਸਿਮਰਨਪ੍ਰੀਤ ਨਹੀਂ ਹੋ ??

ਸਿਮਰਨਪ੍ਰੀਤ?? ਹਾਂ,ਹੁਣ ਸਿਮਰਨਪ੍ਰੀਤ ਹੀ ਹਾਂ??ਪਹਿਲਾਂ ਸ਼ੁੱਭਨੂਰ ਸੀ।

ਦੂਜੇ ਪਾਸਿਉ ! ਕੀ ਮਤਲਬ ਮੈਂ ਸਮਝੀ ਨਹੀਂ, ਕੌਣ ਹੋ ਤੁਸੀਂ?

'ਮੈਂ ਇੱਕ ਬਦਨਸੀਬ ਇਨਸਾਨ, ਜੋ ਤੁਹਾਡਾ ਪਹਿਲਾ ਮੈਸਜ਼ ਆਉਣ ਤੇ, ਮੌਤ ਦਾ ਦਰਵਾਜ਼ਾ ਖੜਕਾ ਕੇ ਮੁੜਿਆਂ ਹਾਂ, ਕਿਉਂਕਿ ਤੁਹਾਡੇ ਮੈਸਜ਼ ਨੇ ਮੈਨੂੰ ਵਾਪਿਸ ਮੋੜ ਦਿੱਤਾ, ਜਿਸ ਕਰਕੇ ਹੁਣ ਤੁਹਾਡੇ ਵੱਲੋਂ ਦਿੱਤੀ ਇਸ ਜਾਨ ਦਾ ਨਾਮ ਤੁਹਾਡੇ ਕਹਿਣ ਤੇ ਸਿਮਰਨਪ੍ਰੀਤ ਹੋ ਗਿਆ....।'

ਸੌਫੀਆ ਬੋਲੀ, 'ਪਲੀਜ਼ ਵੈਰੀ ਸੌਰੀ, ਮੈਂ ਤੁਹਾਨੂੰ ਡਿਸਟਰਬ ਕੀਤਾ, ਮੇ ਬੀ (May Be) ਮੇਰੇ ਕੋਲੋਂ ਗਲਤ ਨੰ. ਤੇ ਮੈਸਜ਼ ਸੈਂਡ ਹੋ ਗਿਆ, ਮੈਂ ਆਪਣੀ ਫ੍ਰੈਂਡ ਸਿਮਰਨ ਨੂੰ ਭੇਜ ਰਹੀ ਸੀ। ਪਰ ਤੁਸੀਂ ਕਿੱਥੋਂ ਬੋਲ ਰਹੇ ਹੋ? ਅਤੇ ਇਹ ਤੁਸੀਂ ਕੀ ਮੌਤ ਵਾਲੀ ਗੱਲ ਕੀਤੀ, ਪਲੀਜ਼ ਮਾਈਂਡ ਨਾ ਕਰਨਾ ਕਿ ਮੈਂ ਤੁਹਾਡੇ ਨਾਲ ਬਿਨ੍ਹਾਂ ਜਾਣ-ਪਹਿਚਾਣ ਗੱਲ ਕਰ ਰਹੀ ਹਾਂ, ਪਰ ਹੁਣ ਮੈਂ ਚਾਹਾਂਗੀ ਕਿ ਤੁਸੀਂ ਕੁੱਝ ਆਪਣੇ ਬਾਰੇ ਦੱਸੋ। ਮੈਂ ਬਿਲਕੁੱਲ ਫ੍ਰੈਂਕ ਸੁਭਾਅ ਦੀ ਹਾਂ, ਜੇ ਤੁਸੀਂ ਚਾਹੋ ਤਾਂ...।

ਸ਼ੁੱਭ ਨੂੰ ਇੰਦਾਂ ਲੱਗਿਆ, ਜਿਵੇਂ ਉਸਦੇ ਦੁੱਖ ਨੂੰ ਹਲਕਾ ਕਰਨ ਲਈ ਪ੍ਰਮਾਤਮਾ ਨੇ, ਕਿਸੇ ਨੂੰ ਉਸਦਾ ਦੁੱਖ ਸੁਣਨ, ਸਮਝਣ ਤੇ ਵੰਡਾਉਣ ਲਈ ਭੇਜ ਦਿੱਤਾ ਹੈ। ਸ਼ੁੱਭਨੂਰ ਨੇ ਸਾਰੀ ਬੀਤੀ ਘਟਨਾ ਉਸਨੂੰ ਸੁਣਾ ਦਿੱਤੀ। ਇੱਕ ਪਾਸੇ ਆਪ ਰੋਵੇ, ਤੇ ਦੂਜੇ ਪਾਸੇ ਸੋਫੀਆ ਦਾ ਰੋ-ਰੋ ਬੁਰਾ ਹਾਲ ਕਰ ਦਿੱਤਾ। ਸਾਰੀਆਂ ਗੱਲਾਂ ਕੀਤੀਆਂ ਸਿਵਾਏ ਇੱਕ ਝੂਠ ਬੋਲ ਦਿਤਾ ਕਿ, 'ਨਵਪ੍ਰੀਤ ਨਾਲ ਉਹ ਵਿਆਹ ਕਰਵਾਉਣਾ ਚਾਹੁੰਦਾ ਸੀ, ਪਰ ਮਨੀ ਨਾਲ ਜ਼ਬਰੀ ਉਸਦੀ ਮੰਗਣੀ ਕਰ ਦਿੱਤੀ ਗਈ ਤੇ ਮੰਗਣੀ ਤੋਂ





ਬਾਅਦ ਉਹ ਮੁੱਕਰ ਗਏ ਤੇ ਲੱਖਾਂ ਰੁਪੈ ਦਾ ਨੁਕਸਾਨ ਕਰਵਾ ਕੇ ਘਰ ਨੂੰ ਮੁੜਿਆਂ ਹਾਂ, ਸਕੂਲ ਜਾਬ ਸੀ, ਉਹ ਵੀ ਛੁੱਟ ਗਈ, ਫੈਮਿਲੀ ਦਾ ਆਪਸੀ ਪਿਆਰ ਖਤਮ ਹੋ ਗਿਐ, ਬੱਸ ਇਹ ਨਹੀਂ ਦੱਸਿਆ ਕਿ ਮਨੀ ਨਾਲ ਉਸਦਾ ਵਿਆਹ ਹੋਇਆ ਸੀ ਤੇ ਤਾਲਾਕ ਅੱਜ ਸਵੇਰੇ ਹੀ ਹੋਇਆ ਹੈ।'

ਉਹ ਨਹੀਂ ਸੀ ਚਾਹੁੰਦਾ ਕਿ ਦੁਨੀਆ ਵਿੱਚ ਉਸਦਾ ਮਜ਼ਾਕ ਬਣੇ। ਪਰ ਇਹ ਗੱਲਾਂ ਸੋਫੀਆ ਦੇ ਦਿਲ ਵਿੱਚ ਘਰ ਕਰ ਗਈਆਂ। ਇੰਨਾ ਦਿਨਾਂ ਵਿੱਚ ਹੀ ਪਤਾ ਲੱਗਾ ਕਿ ਸੋਫੀਆ ਦੀ ਬੈਸਟ ਫ੍ਰੈਂਡ ਸਿਮਰਨਪ੍ਰੀਤ ਦੀ ਇੱਕ ਸੜਕ ਦੁਰਘਟਨਾ ਵਿੱਚ ਮੌਤ ਹੋ ਗਈ ਹੈ।

ਸ਼ੁੱਭਨੂਰ ਨੇ ਕਿਹਾ, ਤੂੰ ਦਿਲ ਹੌਲਾ ਨਾ ਕਰ ਅੱਜ ਤੋਂ ਬਾਅਦ ਤੁਸੀਂ ਮੈਨੂੰ ਸਿਮਰਨਪ੍ਰੀਤ ਸਮਝ ਕੇ ਹਰ ਗੱਲ ਸ਼ੇਅਰ ਕਰ ਲਿਆ ਕਰਨਾ, ਜਿਸ ਨੇ ਮੇਰੇ ਹਰ ਦੁੱਖ ਤਕਲੀਫ ਨੂੰ ਸੁਣਿਆ ਸਮਝਿਆ, ਮੈਂ ਵੀ ਉਸਦੇ ਦੁੱਖ ਸੁੱਖ ਵਿੱਚ ਕੰਮ ਆਵਾਂਗਾ ਤਾਂ ਆਪਣੇ ਆਪ ਨੂੰ ਖੁਸ਼ਨਸੀਬ ਸਮਝਾਂਗਾ। ਸ਼ੁੱਭ ਨੂੰ ਇੱਕ ਮੈਸਜ਼ ਰਾਹੀਂ ਮੌਤ ਦੇ ਮੂੰਹ ਵਿੱਚੋਂ ਵਾਪਿਸ ਲਿਆ ਕਿ ਨਵੀਂ ਜਿੰਦਗੀ ਦੇਣ ਕਰਕੇ, ਦਿਲੋਂ ਸ਼ੁੱਭ ਉਸਦੀ ਬਹੁਤ ਰਿਸਪੈਕਟ ਕਰਦਾ ਅਤੇ ਮੋਬਾਇਲ ਵਿੱਚ ਉਸਦਾ ਨਾਮ ਲੱਕ (LUCK) ਸੇਵ ਕਰ ਲਿਆ, ਜੋ ਸ਼ਾਇਦ ਸੱਚ ਮੁੱਚ ਹੀ ਉਸਦੀ ਕਿਸਮਤ ਬਣ ਕੇ ਆਈ ਸੀ।

ਹੁਣ ਸ਼ੁੱਭਨੂਰ, ਸਿਮਰਨਪ੍ਰੀਤ (ਇੱਕ ਨਵੇਂ ਨਾਮ ਵਿੱਚ ਬਦਲ ਗਿਆ) ਬਣ ਗਿਆ। ਸੋਫੀਆ ਅਤੇ ਸਿਮਰਨ ਵਿੱਚ ਦਿਨ-ਬ-ਦਿਨ ਨੇੜਤਾ ਵੱਧਣ ਲੱਗੀ। ਦੇਰ ਰਾਤ ਤੱਕ ਮੋਬਾਇਲ ਤੇ ਗੱਲਾਂ ਕਰਨੀਆਂ, ਮੋਬਾਇਲ ਤੇ ਚੈਟਿੰਗ ਕਰਦੇ ਰਹਿਣਾ, ਈ-ਮੇਲ ਇੰਟਰਨੈੱਟ ਰਾਹੀਂ ਇੱਕ ਦੂਜੇ ਨੂੰ ਦੇਖਿਆ। ਦੋਹਾਂ ਵਿੱਚ ਇੱਕ ਵਿਸ਼ਵਾਸ਼, ਦ੍ਰਿੜਤਾ, ਉਤਸ਼ਾਹ, ਵਿਚਾਰਾਂ ਦੀ ਸਾਂਝ ਵਿੱਚ ਇੱਕ ਮਜਬੂਤ ਰਿਸ਼ਤਾ ਬਣ ਗਿਆ। ਸੋਫੀਆ ਅੰਮ੍ਰਿਤਸਰ ਕਿਸੇ ਹੋਸਟਲ ਵਿੱਚ ਰਹਿੰਦੀ ਸੀ ਤੇ ਐੱਮ.ਏ. ਇੰਗਲਸ਼ ਦੀ ਪੜ੍ਹਾਈ ਕਰ ਰਹੀ ਸੀ, ਉਸਨੇ ਸਿਮਰਨਪ੍ਰੀਤ ਨੂੰ ਵੀ ਅੱਗੇ ਪੜ੍ਹਾਈ ਕਰਨ ਲਈ ਕਿਹਾ ਅਤੇ ਆਪਣਾ ਬਿਜ਼ਨਸ ਖੜ੍ਹਾ ਕਰਨ ਲਈ ਬੇਹੱਦ ਉਤਸ਼ਾਹਤ ਕੀਤਾ।

ਜਿਸ ਕਰਕੇ ਸਿਮਰਨਪ੍ਰੀਤ ਨੇ ਗ੍ਰੈਜੂਏਸ਼ਨ ਤਾਂ ਪਹਿਲਾਂ ਕੀਤੀ ਹੋਈ ਸੀ, ਐੱਮ.ਬੀ.ਏ. ਦੀ ਪੜ੍ਹਾਈ ਆਰੰਭ ਕਰ ਦਿੱਤੀ, ਆਪਣਾ ਪਾਰਟ ਟਾਈਮ ਕੰਪਿਊਟਰ ਦੀ ਹਾਰਡਵੇਅਰ-ਸਾਫਟਵੇਅਰ ਦੀ ਡਿਗਰੀ ਹੋਣ ਕਰਕੇ, ਕੰਪਿਊਟਰ ਰਿਪੇਅਰ ਦਾ ਕੰਮ ਛੋਟੀ ਜਿਹੀ ਦੁਕਾਨ ਕਿਰਾਏ ਤੇ ਲੈ ਕੇ ਸ਼ੁਰੂ ਕਰ ਦਿੱਤਾ, ਜਿਸ ਤੇ ਸੋਫੀਆ ਨੇ ਉਸਦਾ ਧੰਨਵਾਦ ਕੀਤਾ। ਹਰ ਸਵੇਰ ਸੋਫੀਆ ਦੇ ਮੈਸਜ਼ ਤੋਂ ਦਿਨ ਸ਼ੁਰੂ ਹੁੰਦਾ ਤੇ ਹਰ

ਦਿਨ ਕਾਮਯਾਬੀ ਦੀ ਇਕ ਨਵੀਂ ਪੌੜੀ ਤੇ ਸਿਮਰਨ ਪੈਰ ਰੱਖਦਾ। ਇਹ ਇੱਕ ਅਜੂਬਾ ਹੀ ਸੀ ਕਿ ਮਾਹਿਜ਼ ਤਿੰਨ ਮਹੀਨਿਆਂ ਵਿੱਚ ਸੋਫੀਆ ਦੇ ਸਾਥ ਨਾਲ, ਉਸ ਵੱਲੋਂ ਮਿਲਦੇ ਉਤਸ਼ਾਹ, ਪਿਆਰ, ਸਤਿਕਾਰ, ਹਿੰਮਤ ਬਦਲੇ ਸਿਮਰਨ ਨੇ ਆਪਣੀ ਥਾਂ ਲੈ ਕੇ ਕੰਪਿਊਟਰ ਇੰਸਟੀਚਿਊਟ ਕਾਇਮ ਕਰ ਲਿਆ ਤੇ ਬਤੌਰ ਮੈਨੇਜਿੰਗ ਡਾਇਰੈਕਟਰ ਔਹੁਦਾ ਸੰਭਾਲਿਆ। ਨਾਲ-ਨਾਲ ਪੜ੍ਹਾਈ ਵੀ ਜਾਰੀ ਰੱਖੀ। ਉਸਨੂੰ ਲਿਖਣ ਦਾ ਸ਼ੌਂਕ ਸੀ, ਜਦ ਸੋਫੀਆ ਨੇ ਉਸਦੀਆਂ ਕੁੱਝ ਰਚਨਾਵਾਂ ਪੜ੍ਹੀਆਂ ਤਾਂ ਕਿਤਾਬ ਛਪਵਾਉਣ ਦੀ ਜ਼ਿੱਦ ਕੀਤਾ, ਪਹਿਲੀ ਕਿਤਾਬ ਮਾਰਕੀਟ ਵਿੱਚ ਆਉਣ ਦੀ ਦੇਰ ਸੀ, ਕਿ ਸਿਮਰਨ ਦਾ ਨਾਮ ਬੁਲੰਦੀਆਂ ਤੇ ਪਹੁੰਚ ਗਿਆ।

ਅੱਜ ਸਿਮਰਨ ਉਦਾਸ ਸੀ, ਫੋਨ ਤੇ ਗੱਲ ਹੋਈ ਤਾਂ ਕਹਿੰਦਾ ਸੋਫੀਆ ਜਿਸ ਦਿਨ ਦੀ ਤੂੰ ਮੇਰੀ ਜ਼ਿੰਦਗੀ ਵਿੱਚ ਆਈ ਏਂ, ਮੈਂ ਕਦੇ ਗੁਰਦੁਆਰੇ ਨਹੀਂ ਗਿਆ, ਪਤਾ ਕਿਉਂ? ਮੈਨੂੰ ਤੇਰੇ ਵਿੱਚੋਂ ਹੀ ਰੱਬ ਦਿੱਸਦਾ ਹੈ, ਤੂੰ ਮੇਰੇ ਲਈ ਰੱਬ ਦਾ ਹੀ ਰੂਪ ਹੈਂ, ਜਿਸ ਨੇ ਮੈਨੂੰ ਕਿੱਥੋਂ ਚੁੱਕ ਕੇ ਕਿੱਥੇ ਪਹੁੰਚ ਦਿੱਤਾ, ਇਹ ਸੱਭ ਕੁੱਝ ਰੱਬ ਹੀ ਕਰ ਸਕਦਾ ਹੈ, ਆਮ ਇਨਸਾਨ ਨਹੀਂ । ਤਾਂ ਸੋਫੀਆ ਨੇ , 'ਸ਼ੱਟ ਅੱਪ ਸ਼ੁੱਭ! ਕਹਿ ਕੇ ਚੁੱਪ ਕਰਵਾ ਦਿੱਤਾ।'

ਰੋਜ਼ ਦੀ ਤਰ੍ਹਾਂ ਗੱਲਾਂ ਕਰਦਿਆਂ ਕਰਦਿਆਂ ਸਿਮਰਨ ਨੇ ਕਿਹਾ, ਕਿ ਸਾਨੂੰ ਕਿੰਨੀ ਦੇਰ ਹੋ ਗਈ ਫੋਨ ਤੇ ਗੱਲ ਕਰਦਿਆਂ, ਕਿਉਂ ਨਾ ਕਦੀ ਆਹਮੋ-ਸਾਹਮਣੇ ਬੈਠ ਕੇ ਮਿਲੀਏ।

(ਇਹ ਬੜੀ ਕਮਾਲ ਦੀ ਗੱਲ ਸੀ, ਕਿ ਅੱਜ ਤੋਂ ਪਹਿਲਾਂ ਦੋਵੇਂ ਕਦੇ ਮਿਲੇ ਨਹੀਂ ਸਨ, ਕਿਉਂਕਿ ਸੋਫੀਆ ਅੰਮ੍ਰਿਤਸਰ ਦੀ ਸੀ, ਤੇ ਸਿਮਰਨ ਲੁਧਿਆਣੇ ਤੋਂ)। 24 ਘੰਟੇ ਫੋਨ ਤੇ ਇੱਕ ਦੂਜੇ ਨਾਲ ਟੱਚ (ਸੰਪਰਕ) ਵਿੱਚ ਰਹਿੰਦੇ ਸੀ, ਕਦੇ ਇੱਕ ਪੱਲ ਲਈ ਵੀ ਨਹੀਂ ਸੀ ਲੱਗਾ ਕਿ ਉਹ ਇੱਕ ਦੂਜੇ ਤੋਂ ਦੂਰ ਹਨ, ਜਿਵੇਂ ਕਿਹਾ ਜਾਂਦਾ ਹੈ ਕਿ, 'ਸੱਚੇ ਪਿਆਰ ਵਿੱਚ ਦੂਰੀ ਮੈਟਰ ਨਹੀਂ ਕਰਦੀ'।

ਸੋਫੀਆ ਨੇ ਕਿਹਾ ਮਿਲਣਾ ਤਾਂ ਮੈਂ ਵੀ ਚਾਹੁੰਦੀ ਹਾਂ, ਪਰ ਕੋਈ ਤਰੀਕਾ ਜਾਂ ਢੰਗ ਨਹੀਂ ਹੈ ਲੁਧਿਆਣੇ ਆਉਣ ਦਾ, ਅੰਮ੍ਰਿਤਸਰ ਹੋਸਟਲ ਵਿੱਚ ਹੋਰ ਵੀ ਮੁਸ਼ਕਲ ਹੈ! ਖ਼ੈਰ! ਕੋਈ ਨਾ ਆਪਾਂ ਮਿਲਾਂਗੇ ਜ਼ਰੂਰ... ਕਹਿ ਕੇ ਇੱਕ ਅਜਿਹਾ ਸਵਾਲ ਸਿਮਰਨਪ੍ਰੀਤ ਦੇ ਅੱਗੇ ਰੱਖ ਦਿੱਤਾ, ਜਿਸਨੂੰ ਸੁਣਣ ਤੋਂ ਬਾਅਦ ਸਿਮਰਨਪ੍ਰੀਤ ਆਪਣੇ ਆਪ ਨੂੰ ਇੰਝ ਮਹਿਸੂਸ ਹੋਇਆ, ਜਿਵੇਂ ਜਦ ਤਾਲਾਕ ਤੋਂ ਬਾਅਦ ਉਸ ਕੋਲ ਇੱਕ ਹੀ ਰਸਤਾ ਸੀ, ਮੌਤ ! ਪਰ ਅੱਜ ਇਕ ਰਸਤੇ ਦੀ ਥਾਂ ਸੋਫੀਆ ਨੇ ਉਸਨੂੰ ਚੌਰਸਤੇ





ਵਿੱਚ ਲਿਆ ਖੜ੍ਹਾ ਕਰ ਦਿੱਤਾ ਹੋਵੇ! ਕਿਉਂਕਿ ਸਿਮਰਨਪ੍ਰੀਤ ਨੇ ਕਦੇ ਸੋਚਿਆਂ ਵੀ ਨਹੀਂ ਸੀ ਉਸਨੂੰ ਕਦੇ, ਸੋਫੀਆ ਦੇ ਸੁਆਲ, 'ਡੂ ਯੂ ਲਵ ਮੀ? ਵਿੱਲ ਯੂ ਮੈਰੀ ਮੀ? ਦਾ ਸਾਹਮਣਾ ਕਰਨਾ ਪੈ ਜਾਵੇਗਾ ।

ਹੁਣ ਜੇ ਸਿਮਰਨ ਦੱਸਦਾ ਕਿ ਉਹ ਤਾਂ ਪਹਿਲਾਂ ਹੀ ਤਲਾਕਸ਼ੁਦਾ ਹੈ ਤਾਂ ਵੀ ਇੱਕ ਵੱਡੀ ਮੁਸ਼ਕਿਲ ਪੈਦਾ ਹੋਣ ਦਾ ਖਤਰਾ ਸੀ, ਜੇ ਹਾਂ ਕਰਦਾ ਤਾਂ ਵੀ ਇੱਕ ਸੱਚੇ ਰਿਸ਼ਤੇ ਵਿੱਚ ਬੋਲਿਆਂ ਜਾਣਾ ਵਾਲਾ ਸੱਭ ਤੋਂ ਵੱਡਾ ਝੂਠ ਸੀ, ਕਿਉਂਕਿ ਕਦੇ ਸੋਚਿਆ ਨਹੀਂ ਸੀ ਕਿ ਇਹੋ ਜਿਹੀ ਸਥਿਤੀ ਵੀ ਬਣ ਜਾਵੇਗੀ। ਸਿਮਰਨ ਦੀ ਜਿੰਦਗੀ ਵਿੱਚ ਵੀ ਦੂਜਾ ਹੋਰ ਕੋਈ ਨਹੀਂ ਸੀ, ਤੇ ਸੋਫੀਆ ਵੱਲੋਂ ਦੋਸਤੀ ਦੇ ਇਸ ਰਿਸ਼ਤੇ ਨੂੰ ਜਿਸ ਸ਼ਿੱਦਤ ਨਾਲ ਨਿਭਾਇਆ ਗਿਆ ਸੀ, ਇਹ ਵੀ ਨਾ ਭੁੱਲਣਯੋਗ ਸੀ। ਜਿਸ ਕਰਕੇ ਸਿਮਰਨ ਨੇ ਹਾਂ ਕਰ ਦਿੱਤੀ ।

ਸੋਫੀਆ ਰੋਜ਼ਾਨਾ ਹੀ ਵਿਆਹ ਤੋਂ ਬਾਅਦ ਦੇ ਭਵਿੱਖ ਦੀਆਂ ਗੱਲਾਂ ਕਰਦੀ, ਤੇ ਸਿਮਰਨ ਨੂੰ ਵੀ ਇਹ ਸੱਭ ਬਹੁਤ ਚੰਗਾ ਲੱਗਦਾ। ਉਹ ਭੁੱਲ ਹੀ ਗਿਆ ਕਿ ਕਦੇ ਉਸਨੂੰ ਨੂਰਪ੍ਰੀਤ, ਜਾਂ ਮਨੀ ਨਾਲ ਵੀ ਪਿਆਰ ਹੋਇਆ ਸੀ। ਸ਼ਾਇਦ ਇਹ ਉਸਦੀ ਜਿੰਦਗੀ ਦਾ ਆਖਿਰੀ ਪਿਆਰ ਸੀ। ਇੱਕ ਕਾਲਪਨਿਕ ਦੁਨੀਆਂ ਵਿੱਚ ਵਿਚਰਦਿਆਂ ਅੱਜ ਦੋਹਾਂ ਨੂੰ ਡੇਢ ਸਾਲ ਦਾ ਸਮਾਂ ਹੋ ਗਿਆ ਸੀ। ਪਰ ਮੁਲਾਕਾਤ ਅਜੇ ਵੀ ਨਹੀਂ ਸੀ ਹੋਈ। ਸ਼ਾਇਦ ਇਹ ਆਪਣੇ ਆਪ ਵਿੱਚ ਇਸ਼ਕ ਦੀ ਅਜੀਬ ਕਹਾਣੀ ਸੀ। ਦੋਵੇਂ ਗੱਲਾਂ ਕਰਦੇ ਕਾਲਪਨਿਕ ਦੁਨੀਆਂ ਵਿੱਚ ਇੰਨਾ ਗੁਆਚ ਜਾਂਦੇ ਕਿ ਕਈ ਵਾਰ ਵਰਤਮਾਨ ਸਮੇਂ ਤੋਂ ਉਹਨਾਂ ਨੂੰ ਡਰ ਲੱਗਣ ਲੱਗ ਜਾਂਦਾ। ਦੋਹਾਂ ਨੇ ਮੁਹੱਬਤ ਦਾ ਇੱਕ ਐਸਾ ਕਾਲਪਨਿਕ ਸੰਸਾਰ ਸਿਰਜ ਲਿਆ, ਜਿਸ ਵਿੱਚ ਦੋਹਾਂ ਨੇ ਵਿਆਹ ਕਰਵਾਉਣ ਤੋਂ ਬਾਅਦ ਇੱਕ ਬੱਚੀ ਨੂੰ ਜਨਮ ਦਿੱਤਾ, ਸ਼ਾਇਦ ਇਹ ਇਸ਼ਕ ਦੇ ਪਾਗਲਪਨ ਦੀ ਹੱਦ ਸੀ। ਉਹ ਇਕ ਦੂਜੇ ਨਾਲ ਉਸ ਲਈ ਗੱਲ ਕਰਦੇ ਜੋ ਅਸਲ ਵਿੱਚ ਹੈ ਈ ਨਹੀਂ ਸੀ। ਹਰ ਗੱਲ ਵਿੱਚ ਆਪਣੀ ਬੇਟੀ 'ਅਰਸ਼ਪ੍ਰੀਤ' ਦਾ ਜ਼ਿਕਰ ਕਰਦੇ। ਝੂਠਮੂਠ ਹੀ ਉਸਦੇ ਵੱਡੇ ਹੋਣ ਦੀਆਂ, ਉਸ ਵੱਲੋਂ ਕੀਤੀਆਂ ਜਾਂਦੀਆਂ ਸ਼ਰਾਰਤਾਂ ਦੀ ਗੱਲ ਕਰਦੇ ਤੇ ਖੁਸ਼ ਹੁੰਦੇ। ਕਲਪਨਾ ਦੇ ਸਾਗਰ ਵਿੱਚ ਇੰਨਾ ਡੂੰਘਾ ਡੁੱਬ ਗਏ, ਕਿ ਪਤਾ ਈ ਨਾ ਲੱਗਦਾ ਕਿ ਦਿਨ ਕਦ ਚੜ੍ਹਿਆ ਤੇ ਮੁੱਕ ਗਿਆ, ਰਾਤ ਕਦੋਂ ਆਈ ਗਈ ਹੋ ਗਈ?

ਹੁਣ ਦੋਹਾਂ ਵਿੱਚ ਮਿਲਣ ਦੀ ਤਾਮੰਨਾ ਪਹਿਲਾਂ ਨਾਲੋਂ ਵੀ ਬਿਹਬਲ ਹੋ ਗਈ, ਇਸ ਤਰ੍ਹਾਂ ਦੋ ਸਾਲ ਦਾ ਸਮਾਂ ਲੰਘ ਗਿਆ ਕਿ ਅਚਾਨਕ ਕਿਸੇ ਤਰ੍ਹਾਂ ਸੋਫੀਆ ਦੇ

ਘਰ ਫੋਨ ਤੇ ਹੰਦੀਆਂ ਗੱਲਾਂ ਦਾ ਪਤਾ ਲੱਗ ਗਿਐ ਅਤੇ ਉਸਦਾ ਮੋਬਾਇਲ ਫੋਨ ਖੋਹ ਲਿਆ ਗਿਆ । ਲੱਖ ਕੋਸ਼ਿਸ਼ ਕਰਨ ਤੇ ਵੀ ਉਹ ਇੱਕ ਦੂਜੇ ਨਾਲ ਸੰਪਰਕ ਨਾ ਕਰ ਸਕੇ, ਇੱਕ ਦੂਜੇ ਦੇ ਘਰਾਂ ਦੇ ਐੱਡਰੈੱਸ ਭਾਵੇਂ ਇੱਕ ਦੂਜੇ ਨੂੰ ਦੱਸੇ ਹੋਏ ਸੀ, ਪਰ ਮਿਲਣ ਲਈ ਕੋਈ ਤਾਂ ਢੰਗ ਤਰੀਕਾ ਚਾਹੀਦਾ ਸੀ, ਅਜਨਬੀ ਸ਼ਹਿਰਾਂ ਵਿੱਚ ਬਿਨ੍ਹਾਂ ਜਾਣ ਪਹਿਚਾਣ ਕਿਸੇ ਦੇ ਘਰ ਜਾ ਕੇ ਇਸ਼ਕ ਦੀ ਗੱਲ ਕਰਨਾ ਮੌਤ ਨੂੰ ਸੱਦਾ ਦੇਣ ਬਾਰਾਬਰ ਹੈ, ਭਾਵੇਂ ਜ਼ਮਾਨਾ ਪੜ੍ਹ ਲਿਖ ਕੇ ਅੱਗੇ ਲੰਘ ਗਿਆ ਹੈ, ਪਰ ਰੂਹਾਂ ਦੇ ਹਾਣੀਆਂ ਲਈ, ਦੁਨੀਆ ਅੱਜ ਵੀ ਦੋ ਮੂੰਹੀਂ ਹੀ ਹੈ, ਹਮੇਸ਼ਾਂ ਦੀ ਤਰ੍ਹਾਂ।

ਕਿ ਇਹਨਾਂ ਦਿਨਾਂ ਵਿੱਚ ਹੀ ਮੁੜ ਜਲੰਧਰ ਤੋਂ ਇੱਕ ਰਿਸ਼ਤਾ ਸਿਮਰਨ ਦੇ ਘਰ ਆਇਆ, ਲੜਕੀ ਵਾਲਿਆਂ ਨੇ ਪਹਿਲੇ ਹੋਏ ਤਾਲਾਕ ਬਾਰੇ ਸੱਭ ਕੁੱਝ ਪਤਾ ਕਰ ਲਿਆ ਹੋਇਆ ਸੀ, ਤੇ ਮੁੰਡਾ ਪਸੰਦ ਸੀ, ਕਿਉਂਜੁ ਇੱਕ ਬੜਾ ਕਰੀਬੀ ਰਿਸ਼ਤੇਦਾਰ ਇਹ ਘਰ ਜੋੜਨ ਦੀ ਕੋਸ਼ਿਸ਼ ਕਰ ਰਿਹਾ ਸੀ। ਦੂਜੇ ਪਾਸੇ ਸਿਮਰਨ ਜੋ ਵਿਆਹ ਲਈ ਬਿਲਕੁੱਲ ਵੀ ਤਿਆਰ ਨਹੀਂ ਸੀ, ਸਾਫ ਮਨ੍ਹਾਂ ਕਰ ਰਿਹਾ ਸੀ ਜਿਸ ਕਰਕੇ ਘਰ ਵਿੱਚ ਕਲੇਸ਼ ਦਾ ਮਾਹੌਲ ਪੈਦਾ ਹੋਣਾ ਸੁਭਾਵਿਕ ਸੀ ।

ਇੱਕ ਪਾਸੇ ਵਿਆਹ ਦਾ ਜ਼ੋਰ ਪਾਇਆ ਜਾ ਰਿਹਾ ਸੀ, ਦੂਜੇ ਪਾਸੇ ਸੋਫੀਆ ਨਾਲ ਗੱਲ ਕੋਈ ਨਹੀਂ ਸੀ ਹੋ ਰਹੀ, ਕਈ ਤਰ੍ਹਾਂ ਦੀਆਂ ਘੁੰਮਣਘੇਰੀਆਂ ਨੇ ਅੱਜ ਸਿਮਰਨ ਨੂੰ ਜਿਵੇਂ ਕਲਪਿਤ ਦੂਨੀਆਂ ਵਿੱਚੋਂ ਕੱਢ ਕੇ ਮੁੜ ਉਸ ਭੂਤਕਾਲ ਰੂਪੀ ਵਰਤਮਾਨ ਵਿੱਚ ਲਿਆ ਖੜ੍ਹ ਕਰ ਦਿੱਤਾ ਸੀ, ਜਿਸ ਵਿੱਚੋਂ ਨਿਕਲ ਕੇ ਸੋਫੀਆ ਨਾਲ ਉਸਨੇ ਨਵਾਂ ਸੰਸਾਰ ਵਸਾਇਆ ਸੀ।

ਅੱਜ ਸਿਮਰਨ ਬਹੁਤ ਗੁੱਸੇ ਵਿੱਚ ਸੀ, ਗੁੱਸਾ ਸਮਾਜ ਤੇ ਸੀ, ਗੁੱਸਾ ਬੀਤ ਚੁਕੀਆਂ ਕੋੜੀਆਂ ਯਾਦਾਂ ਤੇ ਉਹਨਾਂ ਪਲਾਂ ਤੇ ਸੀ, ਗੁੱਸਾ ਉਸ ਕੋਲੋਂ ਰੱਬ ਵੱਲੋਂ ਲਏ ਜਾ ਰਹੇ ਇਮਤਿਹਾਨਾਂ ਤੇ ਸੀ, ਗੁੱਸਾ ਆਪਣੇ ਪਰਿਵਾਰ ਨਾਲ ਸੀ, ਗੁੱਸਾ ਆਪਣੇ ਆਪ ਨਾਲ ਸੀ...।

ਆਪਣੇ ਪਰਿਵਾਰ ਵੱਲੋਂ ਮੁੜ ਵਿਆਹ ਦੀ ਗੱਲ ਤੋਰਨ ਤੇ ਜਿਵੇਂ, 'ਕੋਈ ਭੂੰਡਾਂ ਦੀ ਖੱਖਰ ਛੇੜ ਲੈਂਦਾ ਹੈ' ਐਸਾ ਮਾਹੌਲ ਪੈਦਾ ਹੋ ਗਿਆ ।

ਸਿਮਰਨ ਨੇ ਗੱਲ ਸ਼ੁਰੂ ਕੀਤੀ, ਮੈਂ ਤੁਹਾਨੂੰ ਕਿਹਾ ਸੀ, ਮੇਰਾ ਵਿਆਹ ਨੂਰ ਨਾਲ ਕਰ ਦੇਵੋ ਤਾਂ ਤੁਸੀਂ ਮੇਰੀ ਕੋਈ ਪੇਸ਼ ਨਹੀਂ ਜਾਣ ਦਿੱਤੀ, ਆਪਣੀ ਮਰਜ਼ੀ ਨਾਲ ਕਿਸੇ ਹੋਰ ਦੇ ਪੱਲੇ ਬੰਨ ਦਿੱਤਾ, ਮੈਂ ਬਰਦਾਸ਼ਤ ਕਰ ਲਿਆ, ਮਨੀ ਪੂਰਾ ਘਰ-ਪਰਿਵਾਰ ਤੋੜ ਕੇ ਚੱਲੀ ਗਈ, ਸਾਨੂੰ ਕੱਖੋਂ ਹੌਲੇ ਕਰ ਗਈ ਮੈਂ ਬਰਦਾਸ਼ਤ ਕੀਤਾ,





ਤੁਹਾਡੇ ਕੋਲੋਂ ਅੱਜ ਤੱਕ ਕੁੱਝ ਨਹੀਂ ਮੰਗਿਆ, ਆਪਣਾ ਬਿਜਨਸ ਮੁੜ ਖੜ੍ਹਾ ਕੀਤਾ, ਤੁਹਾਡੇ ਕੋਲੋਂ ਕੋਈ ਮੱਦਦ ਨਹੀਂ ਲਈ, ਪਰ ਅੱਜ ਫਿਰ ਉਹੀ ਮਸਲਾ ਉਠਾ ਰਹੇ ਹੋ ਜਿਸਨੂੰ ਮੈਂ ਭੁੱਲ ਚੁੱਕਾ ਹਾਂ। ਮੈਂ ਵਿਆਹ ਨਹੀਂ ਕਰਵਾਉਣਾ ਬੱਸ, ਇਹੀ ਮੇਰਾ ਫੈਸਲਾ ਹੈ, ਪਰਿਵਾਰ ਵਿੱਚ ਪੁੱਤ ਦੀ ਜ਼ੁਬਾਨ ਚੱਲਦੀ ਦੇਖ, ਮੱਧ ਵਰਗੀ ਪਰਿਵਾਰਾਂ ਵਿੱਚ ਜੋ ਹੁੰਦਾ ਹੈ, ਇੱਥੇ ਵੀ ਕੁੱਝ ਵੱਖਰਾ ਨਹੀਂ ਸੀ । ਸਿਮਰਨ ਦੇ ਪਿਉ ਨੇ ਆਪਣੇ ਆਪ ਨੂੰ ਮਾਰਨ ਦੀ ਕੋਸ਼ਿਸ਼ ਕੀਤੀ, ਮਾਂ ਨੇ ਰੋ-ਰੋ ਬੁਰਾ ਹਾਲ ਕਰ ਲਿਆ, ਭਰਾ ਵੀ ਗਲ ਨੂੰ ਆਵੇ ਤੇ ਤਾਹਣੇ ਮਿਹਣੇ, ਵੇ ਤੇਰਾ ਪਹਿਲਾਂ ਵਿਆਹ ਕਿੰਨੇ ਚਾਅ ਨਾਲ ਕੀਤਾ ਸੀ, ਫਿਰ ਉਹ ਲੁੱਟ ਕੇ ਲੈ ਗਈ, ਹੁਣ ਤੂੰ ਵੀ ਸ਼ਰਮ ਲਾਹ ਕੇ ਮਾਂ-ਬਾਪ ਨੂੰ ਗਲਤ ਕਹਿ ਰਿਹਾ ਹੈ, ਅਸੀਂ ਤਾਂ ਤੇਰਾ ਭਲਾ ਹੀ ਚਾਹੁੰਦੇ ਹਾਂ....

ਆਖਿਰ ਸਿਮਰਨ ਅੱਜ ਤੀਜੀ ਵਾਰ ਆਪਣੀ ਜ਼ਿੰਦਗੀ ਦੇ ਖਿਲਾਫ ਹੋਣ ਵਾਲੇ ਫੈਸਲੇ ਅੱਗੇ ਝੁਕਿਆ, ਤੇ ਮਾਂ-ਬਾਪ ਦੀ ਹਾਂ ਵਿੱਚ ਹਾਂ ਮਿਲਾ ਦਿੱਤੀ, ਉਧਰ ਸੋਫੀਆ ਨਾਲ ਸੰਪਰਕ ਅਜੇ ਵੀ ਨਹੀਂ ਹੋ ਰਿਹਾ ਸੀ, ਉਸੇ ਰਾਤ ਲੜਕੀ ਦੇ ਪਰਿਵਾਰ ਵਾਲੇ ਦੇਖਣ ਆ ਗਏ, ਗੱਲ ਪੱਕੀ ਹੋਈ, ਬਿਨ੍ਹਾਂ ਦੇਖਿਆ ਸਿਮਰਨ ਨੇ ਲੜਕੀ ਪਸੰਦ ਕਰ ਲਈ ਤੇ 3 ਦਿਨਾਂ ਵਿੱਚ ਹੀ ਦੋਹਾਂ ਦਾ ਵਿਆਹ ਕਰ ਦਿੱਤਾ ਗਿਆ। ਵਿਆਹ ਤੋਂ ਅਗਲੇ ਦਿਨ ਸੋਫੀਆਂ ਦ ਫੋਨ ਆਇਆ, ਉਹ ਬਹੁਤ ਰੋ ਰਹੀ ਸੀ, ਕਿ ਸੌਰੀ ਸਿਮਰ ਮੈਂ ਬੜੀ ਮੁਸ਼ਕਲ ਨਾਲ ਕਾਲ ਕਰ ਰਹੀ ਹਾਂ, ਬਾਹਰ ਪੀ.ਸੀ.ਓ ਤੇ ਆ ਕੇ, ਪਲੀਜ਼ ਮੈਨੂੰ ਇੱਥੋਂ ਲੈ ਜਾਉ! ਪਲੀਜ਼!! ਮੈਂ ਤੁਹਾਡੇ ਬਿਨ੍ਹਾਂ ਨਹੀਂ ਰਹਿ ਸਕਾਂਗੀ... ਪਰ ਸਿਮਰਨ ਨੂੰ ਲਗਾ ਕਿ ਹੁਣ ਉਹ ਮਰ ਚੁੱਕਾ ਹੈ,,, ਤੇ ਫੋਨ ਕੱਟ ਕੇ ਮੋਬਾਇਲ ਦਾ ਸਵਿੱਚ ਆਫ ਕਰ ਦਿੱਤਾ। ਇੱਕ ਮਹੀਨੇ ਬਾਅਦ ਜਦ ਮੁੜ ਸਿਮ ਆਨ ਕੀਤੀ ਤਾਂ ਸੋਫੀਆ ਦਾ ਮੁੜ ਫੋਨ ਆਇਆ, ਉਹ ਕੁੱਝ ਸਿਆਣੀ, ਸਮਝਦਾਰ, ਤੇ ਤਜ਼ੁਰਬੇਕਾਰ ਵਾਂਗ ਸਿਮਰਨ ਕੋਲੋ ਬੜੇ ਧੀਰਜ ਨਾਲ ਸੱਭ ਕੁੱਝ ਪੁੱਛਣ ਲੱਗੀ, ਪਰ ਉਸਦੇ ਬਿਨ੍ਹਾਂ ਦੱਸੇ ਕਰਵਾਏ ਗਏ ਵਿਆਹ ਬਾਰੇ ਸੁਣ ਕੇ ਉਸੇ ਦਰਦ ਵਿੱਚੋਂ ਸੋਫੀਆ ਲੰਘੀ ਜਿਸ ਵਿੱਚੋਂ ਇੱਕ ਮਹੀਨਾ ਪਹਿਲਾਂ ਸਿਮਰਨ ਵਿਆਹ ਤੋਂ ਅਗਲੇ ਦਿਨ ਆਏ ਸੋਫੀਆ ਦੇ ਫੋਨ ਤੋਂ ਬਾਅਦ ਲੰਘਿਆ ਸੀ ।

ਤੁਹਾਡੀ ਨਵੀਂ ਜਿੰਦਗੀ ਤੁਹਾਨੂੰ ਮੁਬਾਰਕ ਹੋਵੇ, ਸਿਮਰ! ਖੁਸ਼ ਰਹੋ। ਤੇ ਸੋਫੀਆ ਨੇ ਫੋਨ ਕੱਟ ਦਿੱਤਾ।

ਸਿਮਰ ਉਸ ਤੋਂ ਬ੍ਹਿਨਾਂ ਖੁਸ਼ ਨਹੀਂ ਰਹਿ ਸਕਦਾ ਸੀ, ਪਰ ਦਿਲ ਤੇ ਪੱਥਰ ਰੱਖ ਕੇ ਸੋਫੀਆ ਨੇ ਮੁੜ ਕਦੇ ਉਸਨੂੰ ਕਾਲ ਨਹੀਂ ਕੀਤੀ, ਪਰ ਸਿਮਰ ਅੱਜ ਵਿਆਹ

ਦੇ ਅੱਠਵੇਂ ਸਾਲ ਵਿੱਚ ਪ੍ਰਵੇਸ਼ ਕਰ ਚੁੱਕਾ ਹੈ, ਉਸਨੇ ਆਪਣੀ ਪਤਨੀ ਨੂੰ ਸੱਭ ਕੁੱਝ ਸੱਚ-ਸੱਚ ਦੱਸ ਦਿਤਾ ਅਤੇ ਕਦੇ ਵੀ ਜਿਸਮਾਨੀ ਸਬੰਧ ਨਾ ਬਾਨਉਣ ਦਾ ਵਾਅਦਾ ਲੈ ਕੇ, ਇਸ਼ਕ ਦੀ ਇਬਾਦਤ ਕਰਦਿਆਂ ਅੱਜ ਵੀ ਉਹੀ ਮੋਬਾਇਲ ਉਹੀ ਸਿੱਮ ਤੇ ਸੋਫੀਆ ਦੇ ਫੋਨ ਦਾ ਇੰਤਜ਼ਾਰ ਕਰ ਰਿਹੈ ਤਾਂ ਕਿ ਇੱਕ ਵਾਰ ਉਹ ਸਾਰਾ ਸੱਚ ਉਸਨੂੰ ਦੱਸ ਕੇ, ਜਿਉਂਦਾ ਲਾਸ਼ ਤੋਂ ਮੁਕੰਮਲ ਲਾਸ਼ ਬਣ ਸਕੇ...।







ਨਸੀਬ ਸੋਚੀਂ ਪੈ ਗਈ ਕਿ 'ਇਹ ਸੱਭ ਕਿਵੇਂ ਹੱਲ ਹੋ ਸਕੇਗਾ? ਕੌਣ ਸਮਝਾ ਸਕਦਾ ਹੈ ਇਹਨਾਂ ਨੂੰ? ਸਾਰੇ ਰਿਸ਼ਤੇਦਾਰਾਂ/ਸਨੇਹੀਆਂ ਦਾ ਖਿਆਲ ਇੱਕ ਦਮ ਦਿਮਾਗ ਵਿੱਚ ਆਇਆ ਤਾਂ ਦੇਖਦੀ ਹੈ ਕਿ ਅਜੇ ਵੀ ਅਸੀਂ ਪ੍ਰੰਪਰਾਵਾਂ/ਰੀਤੀ-ਰਿਵਾਜ਼ਾਂ ਨੂੰ ਮਾਨਤਾ ਦੇ ਕੇ ਜਿਆਦਾਤਰ ਆਪਣਾ ਭਵਿੱਖੀ ਨੁਕਸਾਨ ਕਰ ਰਹੇ ਹਾਂ? ਕੀ ਫਾਇਦਾ ਸਾਡੇ ਪਰਿਵਾਰਾਂ ਦਾ ਆਪਣੇ ਬੱਚਿਆਂ ਨੂੰ ਵਿੱਦਿਆ ਦੇਣ ਦਾ, ਜੇ ਕਰ ਉਹ ਉਸਦਾ ਸਹੀ ਲਾਭ ਲੈ ਕੇ ਆਪਣਾ ਜਿੰਦਗੀ ਬਾਰੇ ਕੋਈ ਸਹੀ/ਗਲਤ ਦਾ ਫੈਂਸਲਾ ਨਹੀਂ ਕਰ ਸਕਦੇ ਅਤੇ ਰੂੜੀਵਾਦੀ ਸੋਚ ਥੱਲੇ ਹੀ ਆਪਣੀ ਜਿੰਦਗੀ ਨੂੰ ਬਿਤਾਉਣ ਲਈ ਮਜਬੂਰ ਹੋਣਾ ਪੈਂਦਾ ਹੈ।'

# ਨਸੀਬ

ਗੱਲ ਉਸ ਵੇਲੇ ਦੀ ਹੈ ਜਦੋਂ ਉਹ ਦੋਵੇਂ ਦਸਵੀਂ ਜਮਾਤ ਵਿੱਚ ਪੜ੍ਹਦੇ ਸੀ ਤੇ ਗੱਲਾਂ ਬਾਤਾਂ ਕਰਦੇ ਇਕੱਠੇ ਸਕੂਲ ਜਾਇਆ ਕਰਦੇ ਸਨ। ਇੱਕ ਦੂਜੇ ਦੇ ਘਰ ਵੀ ਚੰਗਾ ਆਉਣ ਜਾਣ ਸੀ। ਦੋਵੇਂ ਹੀ ਪੜਾਈ ਵਿੱਚ ਰੱਜ ਕੇ ਹੁਸ਼ਿਆਰ ਸਨ। ਸਿਲੇਬਸ ਤੋਂ ਬਾਹਰ ਜਾ ਕੇ ਸਮਾਜਿਕ ਸਰੋਕਾਰਾਂ ਦੇ ਨਾਲ ਜੁੜੀਆਂ ਕਿਤਾਬਾਂ ਪੜ੍ਹਨੀਆਂ, ਲਾਇਬ੍ਰੇਰੀ ਵਿੱਚ ਜਾ ਕੇ ਅਖਬਾਰਾਂ ਤੇ ਰਸਾਲਿਆਂ ਵਿੱਚੋਂ ਸਮਾਜਿਕ ਉਤਰਾਅ-ਚੜਾਅ ਬਾਰੇ ਜਾਣਕਾਰੀ ਹਾਸਲ ਕਰਨੀ। ਸਮਾਜ ਵਿੱਚ ਵਾਪਰਣ ਵਾਲੀ ਹਰ ਚੰਗੀ-ਮੰਦੀ ਘਟਨਾ ਬਾਰੇ ਆਪਣੇ ਆਪ ਨੂੰ ਅੱਪਡੇਟ ਰੱਖਣਾ ਤੇ ਹਰ ਗੱਲ ਦਾ ਜੁਆਬ ਬਾ-ਦਲੀਲ ਅਤੇ ਤਰਕ ਨਾਲ ਦੇਣਾ, ਇਹ ਉਹਨਾਂ ਦੀ ਖਾਸ ਕਸ਼ਿਸ਼ ਸੀ, ਜੋ ਹਰ ਕਿਸੇ ਨੂੰ ਝੁਕਣ ਲਈ ਮਜਬੂਰ ਕਰ ਦਿੰਦੀ ਸੀ। ਪਰ ਨਸੀਬ ਨੇ ਘਰ ਦੀ ਹਾਲਤ ਦੇ ਮੱਦੇਨਜ਼ਰ ਬਾਰਵੀਂ ਤੱਕ ਹੀ ਪੜ੍ਹਾਈ ਕੀਤੀ ਅਤੇ ਫਿਰ ਘਰ ਦਾ ਗੁਜ਼ਾਰਾ ਚਲਾਉਣ ਲਈ ਆਪਣੀ ਵੱਡੀ ਭੈਣ ਵਾਂਗ ਸਿਲਾਈ-ਕਢਾਈ ਦਾ ਕੰਮ ਸਿੱਖ ਕੇ, ਘਰ ਦਾ ਖਰਚਾ ਰੇੜ੍ਹਨ ਲਈ ਕੰਮ ਕਰਨਾ ਸ਼ੁਰੂ ਕਰ ਦਿੱਤਾ। ਤਿੰਨਾਂ ਭੈਣਾਂ ਵਿੱਚੋਂ ਇਹ ਵਿਚਕਾਰਲੀ ਭੈਣ ਸੀ ਅਤੇ ਇੱਕ ਸਾਰਿਆਂ ਤੋਂ ਛੋਟਾ ਭਰਾ ਨਿਰਮਲ ਸੀ।

ਸ਼ੁੱਭਨੂਰ ਅਤੇ ਨਸੀਬ ਦੀ ਇਹ ਬਚਪਨ ਦੀ ਦੋਸਤੀ ਬਾਰਵੀਂ ਜਮਾਤ ਪਾਰ ਕਰਦਿਆਂ ਤੱਕ ਪਿਆਰ ਦਾ ਰੂਪ ਲੈ ਚੁੱਕੀ ਸੀ। ਜਿਸ ਵਿੱਚ ਆਪਸੀ ਪਿਆਰ, ਭਾਵਨਾਵਾਂ ਦੀ ਕਦਰ, ਸੁੱਖ-ਦੁੱਖ ਦੀ ਸਾਂਝ, ਅਪਣਾਪਣ ਇਸ ਹੱਦ ਤੱਕ ਵੱਧ ਚੁੱਕਿਆ ਸੀ ਕਿ ਜੇ ਦੋਵੇਂ ਇਸ ਰਿਸ਼ਤੇ ਤੇ ਪੱਕੀ ਮੋਹਰ ਲੁਆ ਕੇ ਇੱਕ ਦੂਜੇ ਦੇ ਬੰਧਨ ਵਿੱਚ ਬੱਝਣ ਲਈ ਵੀ ਮਾਨਸਿਕ ਤੌਰ ਤੇ ਤਿਆਰ ਹੋ ਚੁੱਕੇ ਸਨ। ਜੇ ਅਜਿਹਾ ਹੁੰਦਾ ਤਾਂ ਸਮਾਜ ਲਈ ਜਿੱਥੇ ਇਹ ਵਿਆਹ ਇੱਕ ਪ੍ਰੇਰਣਾ ਦਾ ਸੋਮਾ ਹੋਣਾ ਸੀ, ਉੱਥੇ ਨਾਲ ਹੀ ਬਿਨ੍ਹਾ ਦਾਜ-ਦਹੇਜ ਅਤੇ ਜਾਤ-ਪਾਤ ਦੇ ਘਟੀਆ ਵਿਤਕਰੇ ਤੋਂ ਨਿਰਲੇਪ ਹੁੰਦਾ ਹੋਇਆ ਇੱਕ ਮਿਸਾਲ ਬਣ ਜਾਣਾ ਸੀ।

ਕਿਸੇ ਕਾਰਣ ਪੜ੍ਹਾਈ ਦੀ ਖਾਤਿਰ ਸ਼ੁੱਭਨੂਰ ਨੂੰ ਸ਼ਹਿਰ ਤੋਂ ਬਾਅਦ ਜਾਣਾ ਪੈ ਗਿਆ। ਜੋ ਤਿੰਨ ਸਾਲ ਬਾਅਦ ਵਾਪਸ ਆਇਆ, ਬੇਸ਼ੱਕ ਦੂਰੀਆਂ ਪਈਆਂ





ਰਹੀਆਂ ਪਰ ਇਸ ਜੁਦਾਈ ਦੇ ਵਿੱਚ ਇਹ ਪਿਆਰ ਦਾ ਬੂਟਾ ਹੋਰ ਵੀ ਜਿਆਦਾ ਪੱਕਿਆ ਅਤੇ ਰੰਗ ਗੂੜ੍ਹਾ ਹੋ ਗਿਆ ਸੀ।

ਪੜ੍ਹਾਈ ਤੋਂ ਇੱਕਦਮ ਬਾਅਦ ਹੀ ਸ਼ੁੱਭਨੂਰ ਨੂੰ ਚੰਗੀ ਨੌਕਰੀ ਮਿਲ ਗਈ। ਹੁਣ ਉਸਨੇ ਨਸੀਬ ਨੂੰ ਕਿਹਾ, 'ਨਸੀਬ ਮੈਂ ਪੂਰੀ ਤਰ੍ਹਾਂ ਆਪਣੇ ਕਾਰੋਬਾਰ ਵਿੱਚ ਸੈੱਟ ਹੋ ਚੁੱਕਿਆ ਹਾਂ ਤੇ ਮੈਂ ਚਾਹੁੰਦਾ ਹਾਂ ਕਿ ਹੁਣ ਤੂੰ ਵੀ ਅੱਗੋਂ ਆਪਣੀ ਪੜ੍ਹਾਈ ਕਰਨ ਦਾ ਸੁਪਨਾ ਪੂਰਾ ਕਰ ਤੇ ਸਾਰਾ ਖਰਚਾ ਮੈਂ ਕਰਨ ਨੂੰ ਤਿਆਰ ਹਾਂ' ਅਤੇ ਕਿਉਂ ਨਾ ਹੁਣ ਆਪਾਂ ਆਪਣੇ ਵਿਆਹ ਦੀ ਗੱਲ ਵੀ ਕਰ ਲਈਏ ਘਰਦਿਆਂ ਨਾ । ਕਿਉਂਕਿ ਤੇਰੀ ਵੱਡੀ ਭੈਣ ਪ੍ਰੀਤ ਵੀ ਪਿਛਲੇ ਸਾਲ ਵਿਆਹੀ ਗਈ ਹੈ। ਤੇ ਤੂੰ ਵੀ ਹੁਣ ਵਿਆਹੁਣਯੋਗ ਹੈ।"

ਤਾਂ ਨਸੀਬ ਨੇ ਕੁੱਝ ਦੇਰ ਚੁੱਪ ਰਹਿ ਕੇ ਬੋਲਣਾ ਸ਼ੁਰੂ ਕੀਤਾ, "ਤੁਸੀਂ ਠੀਕ ਕਹਿ ਰਹੇ ਹੋ ਸ਼ੁੱਭ, ਪਰ ਪਤਾ ਨਹੀਂ ਮੈਨੂੰ ਕਿਉਂ ਲੱਗ ਰਿਹਾ ਹੈ ਕਿ ਜਿਵੇਂ ਸਾਡੇ ਪਿਆਰ ਤੇ ਕੋਈ ਖਤਰਾ ਆਉਣ ਵਾਲਾ ਹੋਵੇ, ਮੇਰਾ ਦਿਲ ਬਹੁੱਤ ਡਰ ਰਿਹਾ ਹੈ। ਮੇਰੇ ਘਰ ਪਰਿਵਾਰ ਵਾਲੇ ਸ਼ਾਇਦ ਇਹ ਸੱਭ ਨਾ ਮੰਨਣ।"

"ਪਰ ਕਿਉਂ ...?" ਸ਼ੁੱਭਨੂਰ ਨੇ ਪੁੱਛਿਆ ।

ਅੱਗੇ ਕਹਿਣ ਲੱਗਾ, 'ਦੇਖ ਅੱਜ ਮੈਂ ਪੂਰੀ ਤਰ੍ਹਾਂ ਆਪਣੇ ਪੈਰਾਂ ਤੇ ਖੜ੍ਹਾ ਹੋ ਚੁੱਕਿਆਂ ਹਾਂ। ਮੇਰੇ ਘਰ ਵਿੱਚ ਕਿਸੇ ਵੀ ਚੀਜ਼ ਦੀ ਘਾਟ ਨਹੀਂ ਹੈ, ਤੈਨੂੰ ਸਾਰੇ ਸੁੱਖ ਮਿਲਣਗੇ। ਤੈਨੂੰ ਬਹੁਤ ਖੁਸ਼ ਰੱਖ ਸਕਦਾ ਹਾਂ। ਨਾਲੇ ਮੈਂ ਦਾਜ ਵਿੱਚ ਕੁੱਝ ਵੀ ਨਹੀਂ ਲੈਣਾ, ਸਿਵਾਏ ਤੇਰੇ ਪਿਆਰ ਤੋਂ। ਤਾਂ ਫਿਰ ਵੀ ਤੇਰੇ ਪਰਿਵਾਰ ਵਾਲੇ ਕਿਉਂ ਨਹੀਂ ਮੰਨਣਗੇ ??" ਜਦ ਕਿ ਤੂੰ ਵੀ ਇਸ ਸਮਾਜ ਦੀ ਪੜ੍ਹੀ ਲਿਖੀ ਕੁੜੀ ਹੈ ਤਾਂ ਤੂੰ ਕਿਉਂ ਡਰ ਰਹੀ ਹੈਂ, ਤੂੰ ਆਪਣੇ ਪਰਿਵਾਰ ਨਾਲ ਗੱਲ ਤਾਂ ਕਰ। ਉਹ ਜ਼ਰੂਰ ਮੰਨ ਜਾਣਗੇ ...।"

"ਠੀਕ ਹੈ ਜੀ, ਮੈਂ ਕੋਸ਼ਿਸ਼ ਕਰਾਂਗੀ! ਦੇਖਦੀ ਹਾਂ ਘਰਦੇ ਕੀ ਕਹਿੰਦੇ ਨੇ..?" ਇਹੀ ਚਾਹਵਾਂਗੀ ਕਿ ਰੱਬ ਭਲੀ ਹੀ ਕਰੇ ਤਾਂ ਕਿ ਅਸੀਂ ਆਪਣੀ ਜਿੰਦਗੀ ਨੂੰ ਵਧੀਆ ਤਰੀਕੇ ਨਾਲ ਜੀਅ ਸਕੀਏ ।" ਨਸੀਬ ਬੋਲੀ।

"ਹਾਂ! ਨਸੀਬ ਬਿਲਕੁਲ ਠੀਕ ਕਿਹਾ ਤੁਸੀਂ। ਅਸੀਂ ਦੋਵੇਂ ਖੂਬ ਮਿਹਨਤ ਕਰਾਂਗੇ, ਤੂੰ ਵੀ ਅੱਗੋਂ ਪੜ੍ਹਾਈ ਕਰੀਂ ਮੈਂ ਵੀ ਹੋਰ ਪੜ੍ਹਾਂਗਾ। ਆਪਾਂ ਦੋਵੇਂ ਪੜ੍ਹ ਲਿਖ ਕੇ, ਸਮਾਜ ਨੂੰ ਦਾਜ ਪ੍ਰਥਾ, ਜਾਤ-ਪਾਤ ਦੇ ਵਿਤਕਰੇ, ਭਰੂਣ ਹੱਤਿਆ ਆਦਿਕ ਮਸਲਿਆਂ ਤੋਂ ਜਾਗਰੂਕ ਕਰਾਂਗੇ। ਵਿਆਹ ਤੋਂ ਬਾਅਦ ਅਸੀਂ ਵੀ ਬੇਟੇ ਦੀ ਥਾਂ ਤੇ ਰੱਬ

ਕੋਲੋਂ ਬੇਟੀ ਦੀ ਮੰਗ ਕਰਾਂਗੇ। ਨਾਲੇ ਤੇਰਾ ਵੀ ਤਾਂ ਸੁਪਨਾ ਹੈ ਕਿ ਆਪਾਂ ਦੋਵੇਂ ਇਸ ਦੇਸ਼, ਧਰਮ, ਕੌਮ ਦੇ ਲਈ ਕੁੱਝ ਕਰੀਏ। ਤੇ ਜੇ ਰੱਬ ਜੀ ਨੇ ਆਪਾਂ ਨੂੰ ਇੱਕ ਕਰ ਦਿੱਤਾ ਤਾਂ ਸੱਭ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਜਾ ਕੇ ਅਰਦਾਸ ਕਰਾਂਗੇ ਕਿ ਅਸੀਂ ਸਮਾਜ ਭਲਾਈ ਲਈ ਜੋ ਸੁਪਨੇ ਬਚਪਨ ਤੋਂ ਬੁਣਦੇ ਆ ਰਹੇ ਹਾਂ ਉਹ ਸਾਰੇ ਪੂਰੇ ਕਰਨ ਵਿੱਚ ਵਾਹਿਗੁਰੂ ਆਪ ਸਹਾਈ ਹੋਵੇ। ਪਰ ਜੇ ਰੱਬ ਨਾ ਕਰੇ ਜੇ ਅਸੀਂ ਵੱਖ ਹੋ ਗਏ ਤੇ ਮਜਬੂਰੀ ਵੱਸ ਕੋਈ ਹੋਰ ਜੀਵਣ ਸਾਥੀ ਚੁਣਨਾ ਪਿਆ ਤਾਂ ਪਤਾ ਨਹੀਂ ਉਸਦੇ ਵੀਚਾਰ ਕਿਹੋ ਜਿਹੇ ਹੋਣਗੇ?" ਥੋੜਾ ਉਦਾਸ ਹੁੰਦਿਆਂ ਸ਼ੁੱਭਨੂਰ ਨੇ ਕਿਹਾ।

"ਨਹੀਂ ਸ਼ੁੱਭ! ਰੱਬ ਦਾ ਵਾਸਤਾ ਇੱਦਾਂ ਨਾ ਕਹੋ। ਮੈਂ ਅਰਦਾਸ ਕਰਾਂਗੀ ਰੱਬ ਜੀ ਅੱਗੇ।" ਕਹਿੰਦਿਆਂ ਨਸੀਬ ਨੇ ਕਿਹਾ ਹੁਣ ਬਹੁਤ ਸਮਾਂ ਹੋ ਗਿਆ ਗੱਲਾਂ ਕਰਦਿਆਂ ਚੱਲੋ ਘਰ ਚੱਲੀਏ। ਮੈਂ ਕੱਲ ਘਰ ਗੱਲ ਕਰਾਂਗੀ ਤੇ ਤੁਸੀਂ ਵੀ ਆਪਣੇ ਘਰ ਗੱਲ ਸ਼ੁਰੂ ਕਰਨੀ।"

ਹਾਂ ਠੀਕ ਹੈ! ਚੱਲੋ ਚੱਲੀਏ। ਤੇ ਦੋਵੇਂ ਮਨ ਵਿੱਚ ਕਈ ਤਰ੍ਹਾਂ ਦੇ ਨਵੇਂ ਸੁਪਨੇ ਲੈ ਕੇ ਆਪੋ-ਆਪਣੇ ਰਾਹ ਪੈ ਗਏ।

*****

'ਇਹ ਕੀ ਕਹਿ ਰਹੀ ਏਂ ਧੀਏ ? ਤੈਨੂੰ ਆਪਣੇ ਮਾਂ-ਬਾਪ ਦੀ ਇੱਜ਼ਤ ਦਾ ਜ਼ਰਾ ਵੀ ਖਿਆਲ ਨਹੀਂ ਜੋ ਲਵ ਮੈਰਿਜ਼ ਕਰਵਾਉਣ ਨੂੰ ਫਿਰਦੀ ਹੈਂ ..?? ਤੈਨੂੰ ਇੱਕ ਵਾਰ ਵੀ ਇਹ ਗੱਲ ਕਰਨ ਲੱਗਿਆਂ ਸ਼ਰਮ ਨਾ ਆਈ? ਆਪਣੇ ਪਿਉ ਦੀ ਪੱਗ ਦਾ ਜ਼ਰਾ ਤਾਂ ਖਿਆਲ ਰੱਖਦੀ।' ਨਸੀਬ ਦੀ ਮਾਂ ਗੁਰਮੀਤ ਇੱਕੋ ਸਾਹੇ ਬੋਲੀ ਜਾ ਰਹੀ ਸੀ।

'ਨਹੀਂ ਮੰਮੀ ਜੀ! ਮੈਂ ਇਸ ਤਰ੍ਹਾਂ ਕਦੇ ਵੀ ਨਹੀਂ ਚਾਹਵਾਂਗੀ ਕਿ ਮੇਰੇ ਕਰਕੇ ਕਦੇ ਮੇਰੇ ਬਾਬੁਲ ਦਾ ਸਿਰ ਨੀਵਾਂ ਹੋਵੇ। ਮੈਂ ਤਾਂ ਅੱਜ ਦੇ ਜ਼ਮਾਨੇ ਦੀ ਪੜ੍ਹੀ ਲਿਖੀ ਲੜਕੀ ਹਾਂ ਤੇ ਇਹ ਵਿੱਦਿਆ ਲੈਣ ਲਈ ਤੁਸੀਂ ਹੀ ਮੈਨੂੰ ਸਕੂਲ ਵਿੱਚ ਭੇਜਿਆ ਸੀ ਤਾਂ ਕਿ ਮੈਂ ਪੱਛੜੇ ਸਮਾਜ ਦੀ ਤਰ੍ਹਾਂ ਨਾ ਬਣਾਂ, ਸਗੋਂ ਉੱਚ ਵਿੱਦਿਆ ਪ੍ਰਾਪਤ ਕਰਕੇ ਇੱਕ ਚੰਗੀ, ਨੇਕ ਇਨਸਾਨ ਬਣ ਸਕਾਂ ਤੇ ਜਿੱਥੇ ਮੈਂ ਆਪਣੇ ਮਾਂ-ਬਾਪ ਦਾ ਸਿਰ ਉੱਚਾ ਕਰਾਂ, ਆਪਣੇ ਘਰ ਨੂੰ ਉੱਚਾ ਕਰਾਂ ਉੱਥੇ ਨਾਲ ਹੀ ਅਗਲੇ ਘਰ ਜਾ ਕੇ ਵੀ ਆਪਣੇ ਮਾਂ-ਬਾਪ ਵੱਲੋਂ ਦਿੱਤੀ ਸਿੱਖਿਆ, ਵਿੱਦਿਆ, ਸੰਸਕਾਰਾਂ ਨਾਲ ਸੱਭ ਦਾ ਦਿਲ ਜਿੱਤ ਸਕਾਂ।

ਮੰਮੀ, ਅੱਜਕੱਲ੍ਹ ਸਮਾਂ ਬਦਲ ਗਿਆ ਹੈ, ਅੱਜ ਕੱਲ ਲਵ ਮੈਰਿਜ਼ ਕਰਵਾਉਣ





ਨੂੰ ਬੁਰਾ ਨਹੀਂ ਸਮਝਿਆ ਜਾਂਦਾ, ਨਾਲੇ ਇਸ ਵਿੱਚ ਬੁਰਾ ਹੈ ਵੀ ਕੀ? ਮੰਮਾ ਤੁਸੀਂ ਤਾਂ ਦੇਖਿਆ ਹੀ ਏ ਕਿ ਸ਼ੁੱਭਨੂਰ ਪੜ੍ਹਿਆ-ਲਿਖਿਆ, ਅਗਾਂਹਵੱਧੂ, ਉੱਚੀ-ਸੁੱਚੀ ਸੋਚ ਦਾ ਮਾਲਿਕ, ਸਾਊ ਸੁਭਾਅ, ਮਿਹਨਤੀ ਅਤੇ ਸਾਦਾ ਜੀਵਣ ਜਿਊਣ ਵਾਲਾ ਇੱਕ ਕਿਰਤੀ ਇਨਸਾਨ ਹੈ ਉੱਥੇ ਨਾਲ ਹੀ ਵੱਡਿਆਂ ਦਾ ਸਤਿਕਾਰ, ਛੋਟਿਆਂ ਨੂੰ ਪਿਆਰ, ਤੇ ਸਭ ਦਾ ਦਿਲ ਜਿੱਤਣ ਵਾਲਾ। ਨਾ ਤਾਂ ਮੈਂ ਅਤੇ ਨਾ ਹੀ ਉਹ ਜਾਤ-ਪਾਤ ਵਰਗੀ ਘਟੀਆ ਵੀਚਾਰਧਾਰਾ ਨੂੰ ਮੰਨਦੇ ਹਾਂ ਤੇ ਨਾ ਹੀ ਵਿਆਹ ਵੇਲੇ ਕਿਸੇ ਦਾਜ-ਦਹੇਜ ਦੀ ਸਾਨੂੰ ਲੋੜ ਹੋਵੇਗੀ। ਸਾਨੂੰ ਜੇ ਲੋੜ ਹੋਵੇਗੀ ਤਾਂ ਸਿਰਫ ਆਪਣੇ ਮਾਤਾ-ਪਿਤਾ ਦੇ ਸਾਥ ਅਤੇ ਉਹਨਾਂ ਦੀ ਅਸੀਸ ਦੀ, ਜਿਸਦੇ ਸਹਾਰੇ ਹੀ ਅਸੀਂ ਇਹ ਕਾਜ ਰਚਾ ਸਕਦੇ ਹਾਂ।

ਤੁਸੀਂ ਦੇਖਿਆ ਹੀ ਹੈ ਕਿ ਕਿੱਦਾਂ ਅੱਜ ਕੱਲ੍ਹ ਭਰੂਣ ਹੱਤਿਆਵਾਂ ਨੇ ਸਮਾਜ ਨੂੰ ਕਲੰਕਿਤ ਕਰ ਦਿੱਤਾ ਹੈ? ਕਿਸ ਤਰ੍ਹਾਂ ਅੱਜ ਲੱਖਾਂ ਪੜ੍ਹੀਆਂ-ਲਿਖੀਆਂ ਕੁੜੀਆਂ ਨੂੰ ਦਾਜ ਦੀ ਹਵਸ ਵਿੱਚ ਅੱਗ ਲਾ ਕੇ ਸਾੜ ਦਿੱਤਾ ਜਾਂਦਾ ਹੈ, ਕਿਸ ਤਰ੍ਹਾਂ ਅੱਜ ਕੁੜੀਆਂ ਨਾਲ ਹਰ ਖੇਤਰ ਵਿੱਚ ਵਿਤਕਰਾ ਕੀਤਾ ਜਾਂਦਾ ਹੈ, ਅਸੀਂ ਤਾਂ ਬੱਸ ਚਾਹੁੰਦੇ ਹਾਂ ਕਿ ਤੁਸੀਂ ਇਸ ਚੰਦਰੇ ਜ਼ਮਾਨੇ ਦੀ ਪਰਵਾਹ ਨਾ ਕਰਦੇ ਹੋਏ ਇਸ ਕਾਰਜ ਨੂੰ ਲਵ ਤੋਂ ਅਰੇਂਜ ਵਿੱਚ ਬਦਲ ਕੇ ਸਮਾਜ ਵਿੱਚ ਇੱਕ ਨਵੀਂ ਮਿਸਾਲ ਪੈਦਾ ਕਰ ਸਕੋ। ਪਤਾ ਹੈ ਨਾ, ਵੱਡੀ ਦੀਦੀ ਪ੍ਰੀਤ ਨੂੰ ਉਸਦੇ ਸਹੁਰਾ ਪਰਿਵਾਰ ਨੇ ਕਿੰਨਾ ਤੰਗ ਕੀਤਾ ਸੀ, ਹੁਣ ਜਾ ਕੇ ਕੁੱਝ ਸੁਧਾਰ ਹੋਇਆ ਹੈ, ਉਹ ਵੀ ਜਦ ਪੁਲਿਸ ਨੇ ਦਖਲ ਦਿੱਤਾ ਤਾਂ। ਇਹ ਤਾਂ ਵਾਹਿਗੁਰੂ ਦੀ ਕ੍ਰਿਪਾ ਹੈ ਕਿ ਹੁਣ ਸੱਭ ਠੀਕ ਠਾਕ ਹੋ ਚੁੱਕਾ ਹੈ ਪਰ ਜੇ ਕਿਤੇ ਉਹ ਸਭ ਦਰੁਸਤ ਨਾ ਹੁੰਦਾ ਤਾਂ ਆਪਾਂ ਕੀ ਕਰ ਲੈਣਾ ਸੀ ?' ਨਸੀਬ ਨੇ ਲਗਾਤਾਰ ਸੱਭ ਕੁੱਝ ਬੋਲ ਦਿੱਤਾ।

"ਨਹੀਂ, ਇਹ ਨਹੀਂ ਹੋ ਸਕਦਾ। ਇੱਕ ਤਾਂ ਮੁੰਡਾ ਨਾਲ ਵਾਲੇ ਮੁਹੱਲੇ ਦਾ ਹੈ, ਕੀ ਕਹਿਣਗੇ ਮੁਹੱਲੇ ਵਾਲੇ? ਕੀ ਕਹੂ ਸਮਾਜਕ ਭਾਈਚਾਰਾ? ਸਾਡੇ ਤਾਂ ਸ਼ਰੀਕੇ ਨੇ ਹੀ ਨਹੀਂ ਜਿਊਣ ਦੇਣਾ! ਨਾਲੇ ਮੁੰਡੇ ਦੀ ਬਰਾਦਰੀ ਕੋਈ ਹੋਰ ਤੇ ਸਾਡੀ ਕੋਈ ਹੋਰ। ਇਹ ਖਿਆਲੀ ਦੁਨੀਆਂ ਵਿੱਚੋਂ ਬਾਹਰ ਨਿਕਲ ਤੇਰੇ ਬਾਪੂ ਨੇ ਇਹ ਕਦੇ ਨਹੀਂ ਮੰਨਣਾ, ਤੈਨੂੰ ਵੀ ਪਤਾ ਉਹ ਕਿੰਨਾ ਡਾਢਾ ਹੈ।"

"ਪਰ ਮੰਮੀ... !!"

"ਕੋਈ ਪਰ ਪੁਰ ਨਹੀਂ ਚੱਲਣੀ ਤੇਰੀ, ਚਾਰ ਅੱਖਰ ਪੜ੍ਹ ਕੇ ਦੁਨੀਆ ਦੇ ਰੀਤੀ ਰਿਵਾਜ਼ ਬਦਲਣ ਤੁਰੀ ਹੈਂ! ਜੋ ਗੱਲ ਅੱਜ ਮੇਰੇ ਨਾਲ ਕਰ ਲਈ, ਭੁੱਲ ਕੇ ਵੀ

ਦੁਬਾਰਾ ਉਸ ਮੁੰਡੇ ਦਾ ਨਾਮ ਇਸ ਘਰ ਵਿੱਚ ਨਾ ਲਵੀਂ। ਫਿਰ ਕਿਤੇ ਇਹ ਨਾ ਹੋਵੇ ਕਿ ਕੱਲ ਨੂੰ ਹੀ ਤੇਰਾ ਬਾਪੂ ਕਿਸੇ ਨਾਲ ਤੋਰ ਦੇਵੇ। ਚੁੱਪ ਕਰਕੇ ਰਸੋਈ ਚ ਆਪਣਾ ਕੰਮ ਕਰ ਜਾ ਕੇ, ਤਰਕਾਲਾਂ ਹੋ ਚੱਲੀਆਂ, ਬਾਪੂ ਵੀ ਆਉਣ ਵਾਲਾ ਤੇਰਾ।" ਕਹਿ ਕੇ ਗੁਰਮੀਤ ਘਰੇਲੂ ਕੰਮਾਂ ਵਿੱਚ ਰੁੱਝ ਗਈ।

ਨਸੀਬ ਸੋਚੀਂ ਪੈ ਗਈ ਕਿ 'ਇਹ ਸੱਭ ਕਿਵੇਂ ਹੱਲ ਹੋ ਸਕੇਗਾ? ਕੌਣ ਸਮਝਾ ਸਕਦਾ ਹੈ ਇਹਨਾਂ ਨੂੰ? ਸਾਰੇ ਰਿਸ਼ਤੇਦਾਰਾਂ/ਸਨੇਹੀਆਂ ਦਾ ਖਿਆਲ ਇੱਕ ਦਮ ਦਿਮਾਗ ਵਿੱਚ ਆਇਆ ਤਾਂ ਦੇਖਦੀ ਹੈ ਕਿ ਅਜੇ ਵੀ ਅਸੀਂ ਪ੍ਰੰਪਰਾਵਾਂ/ਰੀਤੀ-ਰਿਵਾਜ਼ਾਂ ਨੂੰ ਮਾਨਤਾ ਦੇ ਕੇ ਜਿਆਦਾਤਰ ਆਪਣਾ ਭਵਿੱਖੀ ਨੁਕਸਾਨ ਕਰ ਰਹੇ ਹਾਂ? ਕੀ ਫਾਇਦਾ ਸਾਡੇ ਪਰਿਵਾਰਾਂ ਦਾ ਆਪਣੇ ਬੱਚਿਆਂ ਨੂੰ ਵਿੱਦਿਆ ਦੇਣ ਦਾ, ਜੇ ਕਰ ਉਹ ਉਸਦਾ ਸਹੀ ਲਾਭ ਲੈ ਕੇ ਆਪਣਾ ਜਿੰਦਗੀ ਬਾਰੇ ਕੋਈ ਸਹੀ/ਗਲਤ ਦਾ ਫੈਂਸਲਾ ਨਹੀਂ ਕਰ ਸਕਦੇ ਅਤੇ ਰੂੜੀਵਾਦੀ ਸੋਚ ਥੱਲੇ ਹੀ ਆਪਣੀ ਜਿੰਦਗੀ ਨੂੰ ਬਿਤਾਉਣ ਲਈ ਮਜਬੂਰ ਹੋਣਾ ਪੈਂਦਾ ਹੈ।'

ਕਿ ਇੱਕ ਦਮ ਉਸਦੀ ਸੋਚਾਂ ਨੂੰ ਤੋੜਦੀ ਹੋਈ ਇੱਕ ਚੀਰਦੀ ਆਵਾਜ਼ ਨੇ ਨਸੀਬ ਨੂੰ ਸੋਚਾਂ ਦੇ ਸਮੁੰਦਰ ਵਿੱਚੋਂ ਕੱਢ ਕੇ ਵਰਤਮਾਨ ਵਿੱਚ ਲੈ ਆਂਦਾ, ਜਦ ਕਮਰੇ ਵਿੱਚੋਂ ਆਵਾਜ਼ ਆਈ, "ਗੁਰਮੀਤ ਜਾਂ ਤਾਂ ਇਸ ਕੁੜੀ ਨੂੰ ਅੱਜ ਹੀ ਗੱਲ ਘੁੱਟ ਕੇ ਮਾਰਦੇ, ਨਹੀਂ ਤਾਂ ਜੇ ਕੱਲ ਇਹਨੇ ਸਾਡੀ ਇੱਜ਼ਤ ਦੇ ਖਿਲ਼ਾਫ ਕਦਮ ਚੁਕਿਆ ਤਾਂ ਮੇਰਾ ਮਰਿਆ ਮੂੰਹ ਵੇਖੇਂਗੀ। ਜੇ ਕੱਲ ਨੂੰ ਇਹ ਘਰੋਂ ਦੌੜ ਗਈ ਤਾਂ ਇਹੋ ਜਿਹੀ ਲਾਹਨਤਾਂ ਭਰੀ ਜਿੰਦਗੀ ਤੋਂ ਮੈਂ ਮਰਨਾ ਜਾਂ ਮਾਰਨਾ ਬਿਹਤਰ ਸਮਝਾਂਗਾ।" ਇਹ ਆਵਾਜ਼ ਕਿਸੇ ਹੋਰ ਦੀ ਨਹੀਂ ਨਸੀਬ ਦੇ ਬਾਪੂ ਦੀ ਸੀ, ਜੋ ਗੁਰਮੀਤ ਵੱਲੋਂ ਨਸੀਬ ਬਾਰੇ, ਸ਼ੁੱਭਨੂਰ ਸਬੰਧੀ ਗੱਲ ਕਰਨ ਤੋਂ ਬਾਅਦ ਦੀ ਹਾਲਤ ਬਿਆਨ ਕਰਦੀ ਸੀ।

ਖੈਰ! ਕੁੱਝ ਦਿਨਾਂ ਬਾਅਦ ਜਦ ਨਸੀਬ, ਸ਼ੁੱਭਨੂਰ ਨੂੰ ਮਿਲੀ ਤਾਂ ਸਾਰੀ ਗੱਲ ਉਸਨੂੰ ਦੱਸਣ ਤੋਂ ਬਾਅਦ ਪਤਾ ਲੱਗਾ ਕਿ ਹਾਲਾਤ ਸ਼ੁੱਭ ਦੇ ਘਰ ਦੀ ਕੋਈ ਵੱਖਰੀ ਨਹੀਂ ਸੀ। ਉਹੀ ਨੱਕ ਦੀ ਫਿਕਰ, ਵਿਖਾਵੇ ਦੀ ਦੁਨੀਆਂ, ਜਾਤ-ਬਰਾਦਰੀ ਦੇ ਉੱਚੀ-ਨੀਵੀਂ ਹੋਣ ਵਾਲੀ ਸੋਚ, ਝੂਠਾ ਅਤੇ ਡਬਲ ਸਟੈਂਡਰਡ।

ਦੋਵੇਂ ਜਾਣੇ ਚੁੱਪ ਕਰਕੇ ਬੈਠ ਗਏ!

ਸ਼ੁੱਭ ਬੋਲਣ ਲੱਗਾ, 'ਯਾਰ ਨਸੀਬ ਕਿੰਨੀ ਅਜੀਬ ਗੱਲ ਹੈ ਨਾ, ਕਿ ਅਸੀਂ ਆਪਣੇ ਆਪ ਨੂੰ ਮਾਡਰਨ ਕਹਾਉਣ ਵਿੱਚ ਕਿੰਨਾ ਫਖਰ ਕਰਦੇ ਹਾਂ। ਪਰ ਅਫਸੋਸ ਕਿ ਮਾਡਰਨ ਬਣਨ ਲਈ ਤਿਆਰ ਨਹੀਂ ਹਾਂ। ਕਹਿਣ ਨੂੰ ਤਾਂ ਹੋਰ ਕੰਮਾਂ ਵਿੱਚ ਅਸੀਂ





ਹਰ ਦੂਜੇ, ਤੀਜੇ ਨੂੰ ਨੀਵਾਂ ਵਿਖਾ ਕੇ ਆਪਣੇ ਅਖੌਤੀ ਅਗਾਂਹਵਧੂਪੁਣੇ ਦਾ ਢਿੰਡੋਰਾ ਪਿੱਟਦੇ ਹਾਂ, ਪਰ ਆਪਣੇ ਘਰ ਵਿੱਚ ਗੱਲ ਆ ਜਾਵੇ ਤਾਂ ਉਹੀ ਪੁਰਾਣੀ ਸੋਚ ਝੱਟ ਪ੍ਰਗਟ ਹੋ ਜਾਂਦੀ ਹੈ।

ਤੂੰ ਵੀ ਸਿਆਣੀ ਅਤੇ ਮਾਤਾ-ਪਿਤਾ ਦਾ ਹਰ ਕਹਿਣਾ ਮੰਨਣ ਵਾਲੀ ਕੁੜੀ ਹੈਂ ਮੈਂ ਤੈਨੂੰ ਮਜਬੂਰ ਨਹੀਂ ਕਰਾਂਗਾ ਕਿ ਆਪਾਂ ਦੌੜ ਕੇ ਕੋਰਟ ਮੈਰਿਜ਼ ਕਰਵਾ ਲਈਏ। ਕਿਉਂਕਿ ਉਸ ਤੋਂ ਬਾਅਦ ਵੀ ਸਾਡੀ ਜਿੰਦਗੀ ਸੇਫ ਨਹੀਂ ਰਹਿਣੀ। ਇਸ ਅਖੌਤੀ ਅਣਖ ਲਈ ਹੁੰਦੇ ਕਤਲਾਂ ਬਾਰੇ ਨਿੱਤ ਅਖਬਾਰਾਂ ਵਿੱਚ ਪੜ੍ਹਦੇ ਹਾਂ। ਪਤਾ ਨਹੀਂ ਅਜਿਹੇ ਮਾਂ-ਬਾਪ ਆਪਣੇ ਬੱਚਿਆਂ ਨੂੰ ਕਤਲ ਕਰਕੇ ਆਪਣੀ ਇੱਜ਼ਤ ਦਾ ਝੰਡਾ ਕਿਹੜੇ ਅਸਮਾਨ ਤੇ ਝੁਲਾ ਲੈਂਦੇ ਹਨ?

ਨਾਲੇ ਮੇਰੇ ਘਰ ਵੀ ਇੱਕ ਛੋਟਾ ਵੀਰ ਹੈ ਤੇ ਤੇਰੇ ਘਰ ਇੱਕ ਤੇਰੀ ਛੋਟੀ ਭੈਣ । ਜੇ ਘਰੋਂ ਭੱਜਣ ਦਾ ਕਦਮ ਚੁੱਕਿਆ ਤਾਂ ਇਸ ਡਬਲ ਸਟੈਂਡਰਡ ਵਾਲੇ ਸਮਾਜ ਨੇ ਉਸ ਵਿਚਾਰੀ ਦਾ ਰਿਸ਼ਤਾ ਕਿਸੇ ਚੰਗੀ ਥਾਂ ਨਹੀਂ ਹੋਣ ਦੇਣਾ । ਅਖੇ ਇਸਦੀ ਵੱਡੀ ਭੈਣ ਤਾਂ ਘਰੋਂ ਭੱਜੀ ਸੀ, ਤੇ ਮੇਰੇ ਬਾਰੇ ਲੋਕਾਂ ਨੇ ਕਹਿਣਾ ਕਿ ਉਹ ਲੋਕਾਂ ਨੂੰ ਮੱਤਾਂ ਦੇਣ ਵਾਲਾ ਆਪ ਤਾਂ ਕਿਸੇ ਦੀ ਕੁੜੀ ਕੱਢ ਕੇ ਲੈ ਗਿਆ । ਨਸੀਬ ਅੱਜ ਤਾਂ ਗੱਲ ਤੇਰੇ ਮੇਰੇ ਵਿੱਚ ਹੈ ਪਰ ਕੱਲ ਨੂੰ ਇਸ ਨਾਲ ਦੋ ਪਰਿਵਾਰਾਂ ਦੀ ਖੁਸ਼ੀਆਂ ਵਿੱਚ ਜ਼ਹਿਰ ਘੁੱਲ ਜਾਣਾ । ਖਬਰੇ ਸਾਡੇ ਘਰੋਂ ਦੌੜਨ ਮਗਰੋਂ ਇਹ ਪਰਿਵਾਰ ਦੁਸ਼ਮਣੀ ਪਾਲ ਲੈਣ ਅਤੇ ਸਾਡੇ ਮਗਰੋਂ ਲੜ-ਲੜ ਕੇ ਹੀ ਮਰ ਮੁੱਕ ਜਾਣ ।"

ਵਿੱਚੋਂ ਗੱਲ ਕੱਟਦੀ ਨਸੀਬ ਕਹਿਣ ਲੱਗੀ, ਮੈਨੂੰ ਤਾਂ ਇੰਨਾ ਪਤਾ ਕੇ ਜੇ ਘਰੋਂ ਨਿਕਲਣ ਦਾ ਕਾਰਾ ਕੀਤਾ ਤਾਂ ਮੇਰੇ ਪਾਪਾ ਨੇ ਤਾਂ ਉਸੇ ਦਿਨ ਆਪਣੀ ਜਾਨ ਦੇ ਦੇਣੀ ਹੈ, ਉਹ ਤਾਂ ਮੈਨੂੰ ਪਿਆਰ ਵੀ ਬਹੁਤ ਕਰਦੇ ਨੇ ਤੇ ਜੇ ਮੈਂ ਕੁੱਝ ਅਜਿਹਾ ਕਦਮ ਚੁੱਕਿਆ ਤਾਂ ਕੁੱਝ ਕਰ ਹੀ ਨਾ ਬੈਠਣ। ਮੈਨੂੰ ਕੁੱਝ ਸਮਝ ਨਹੀਂ ਆ ਰਹੀ ਸ਼ੁੱਭ ਮੈਂ ਕੀ ਕਰਾਂ? ਕਹਿੰਦਿਆਂ ਹੀ ਨਸੀਬ ਦੀਆਂ ਅੱਖਾਂ ਵਿੱਚ ਅੱਥਰੂ ਵਹਿ ਤੁਰੇ।

ਹੈਂ, ਕਮਲੀ ਨਾ ਹੋਵੇ ਤੇ ਤੂੰ ਕਾਹਤੋਂ ਰੋਂਦੀ ਏਂ? ਸ਼ੁੱਭ ਬੋਲਣ ਲੱਗਿਆ, "ਆਪਾਂ ਕੋਈ ਵੀ ਗਲਤ ਕਦਮ ਨਹੀਂ ਚੁਕਾਂਗੇ, ਜਿਸ ਨਾਲ ਸਾਡੇ ਮਾਂ-ਬਾਪ ਨੂੰ ਸਾਡੇ ਕਰਕੇ ਕਿਸੇ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਵੇ। ਅਸੀਂ ਇੱਕ ਵਾਰ ਫਿਰ ਦੁਨੀਆਂ ਦੀਆਂ ਬਾਕੀ ਪ੍ਰੇਮ ਕਹਾਣੀਆਂ ਦੀ ਤਰ੍ਹਾਂ ਆਪਣੇ ਪਿਆਰ ਦੀ ਕੁਰਬਾਨੀ ਦੇ ਦੇਵਾਂਗੇ। ਜਿੱਥੇ ਘਰਦੇ ਕਹਿਣਗੇ ਵਿਆਹ ਕਰਵਾ ਲਵਾਂਗੇ।

ਜੋ ਵੀ ਸਾਡੀ ਜਿੰਦਗੀ ਵਿੱਚ ਆਵੇਗਾ, ਮੈਂ ਆਉਣ ਵਾਲੀ ਉਸ ਕੁੜੀ ਵਿੱਚੋਂ

ਤੁਹਾਨੂੰ ਲੱਭਣ ਦੀ ਕੋਸ਼ਿਸ਼ ਕਰਾਂਗਾ ਤੇ ਉਸਨੂੰ ਖੂਬ ਪਿਆਰ ਦੇਵਾਂਗਾ ਤੇ ਤੁਸੀਂ ਆਉਣ ਵਾਲੇ ਉਸ ਰਾਜਕੁਮਾਰ ਵਿੱਚੋਂ ਮੈਨੂੰ ਦੇਖਣਾ, ਤੁਹਾਨੂੰ ਵੀ ਫਿਰ ਉਹ ਚੰਗਾ ਲੱਗਣ ਲੱਗ ਪਵੇਗਾ। ਆਸ ਕਰਦੇ ਹਾਂ ਰੱਬ ਸਾਡਾ ਬੁਰਾ ਨਹੀਂ ਹੋਣ ਦੇਵੇਗਾ।

ਅਸੀਂ ਆਪਣੇ ਬੱਚਿਆਂ ਨੂੰ ਬਿਲਕੁੱਲ ਨਵੀਂ ਸੋਚ ਦੇਵਾਂਗੇ। ਜੋ ਕੰਮ ਅਸੀਂ ਨਹੀਂ ਕਰ ਸਕੇ ਉਸਨੂੰ ਆਪਣੇ ਬੱਚਿਆਂ ਕੋਲੋਂ ਕਰਵਾ ਲਵਾਂਗੇ ਉਹਨਾਂ ਨੂੰ ਚੰਗੀ ਸਿੱਖਿਆ, ਉਤਸ਼ਾਹ, ਦੂਰ-ਅੰਦੇਸ਼ੀ ਸੋਚ ਦੇ ਮਾਲਿਕ ਬਣਾ ਕੇ ਜਾਤ-ਪਾਤ ਦੀ ਇਸ ਗੰਦੀ ਲਾਹਨਤ ਵਿੱਚ ਕਦੇ ਨਹੀਂ ਫਸਣ ਦੇਵਾਂਗੇ। ਸੋ ਅੱਜ ਤੋਂ ਬਾਅਦ ਸਾਡੇ ਰਾਹ ਵੱਖ ਹੋਣਗੇ ਪਰ ਮਿਸ਼ਨ ਉਹੀ ਹੋਵੇਗਾ। ਸਮਾਜ ਵਿੱਚ ਜਾਗਰੂਕਤਾ ਲਿਆਉਣ ਦਾ। ਇੰਤਜ਼ਾਰ ਕਰਦੇ ਹਾਂ, ਕਿ ਹੁਣ ਕਦ ਰੱਬ ਕਿਸ ਹਾਲਤ, ਕਿਸ ਸਮੇਂ, ਕਿਸ ਅੰਦਾਜ਼, ਕਿਸ ਮੌੜ ਤੇ ਮਿਲਾਉਂਦਾ ਹੈ, ਕਹਿੰਦੇ ਹੋਏ ਦੋਵੇਂ ਆਪੋ ਆਪਣੇ ਰਾਹ ਨੂੰ ਤੁਰ ਪਏ ਅਤੇ ਪਿਛਲੇ ਅੱਠ ਸਾਲ ਦੀ ਸਾਂਝ ਹੁਣ ਕਦੇ ਨਾ ਖਤਮ ਹੋਣ ਵਾਲੇ ਇੰਤਜ਼ਾਰ ਵਿੱਚ ਬਦਲ ਗਈ।

ਸ਼ੁੱਭ ਗੱਲਾਂ ਤਾਂ ਵੱਡੀਆਂ ਕਰ ਆਇਆ ਸੀ, ਪਰ ਟੁੱਟੇ ਦਿਲ ਨਾਲ ਸੋਚਦਾ ਕਿ, 'ਉਹ ਮੇਰੀ ਨਸੀਬ, ਮੇਰੇ ਹੀ ਨਸੀਬ ਵਿੱਚ ਨਹੀਂ ਹੈ' ਵਾਹ ਕਾਦਰ ਤੇਰੀ ਕੁਦਰਤ ।







ਪਰ ਸ਼ਰਨ...?

ਨੋ.. ! ਵੀਰੇ, ਚੱਲੋ ਅੰਦਰ ! ਪ੍ਰੀਤ ਨੂੰ ਬਾਹੋਂ ਫੜ੍ਹ ਕੇ ਸ਼ਰਨ ਕਮਰੇ ਅੰਦਰ ਲੈ ਗਈ ਤੇ ਅਲਮਾਰੀ ਵਿੱਚੋਂ ਨਵੀਂ ਜੀਨ, ਪੱਗ ਨਾਲ ਮੈਚ ਕਰਦੀ ਸ਼ਰਟ ਅਤੇ ਬਲੇਜ਼ਰ ਪੁਆ ਕੇ ਹੱਥ ਵਿੱਚ ਘੜੀ ਦਿੰਦਿਆਂ, ਪਰ੍ਹਾਂ ਟੇਬਲ ਤੇ ਪਈ ਰੇਬਨ ਦੇ ਐਨਕ ਵੱਲ ਇਸ਼ਾਰਾ ਕਰ ਦਿੱਤਾ।

# ਅਣਸੁੱਲਝੀ ਮੁਹੱਬਤ

ਗ੍ਰੈਜੁਏਸ਼ਨ ਪ੍ਰਾਈਵੇਟ ਕਰਨ ਤੋਂ ਬਾਅਦ ਹਰਪ੍ਰੀਤ ਨੇ ਸ਼ਹਿਰ ਦੇ ਆਈ.ਟੀ. ਇੰਸਟੀਚਿਊਟ ਵਿੱਚ ਕੰਪਿਊਟਰ ਸਿੱਖਿਆ ਲਈ ਦਾਖਲਾ ਲੈ ਲਿਆ। ਤਿੰਨ ਮਹੀਨੇ ਪਹਿਲਾਂ ਇੱਕ ਪ੍ਰਾਈਵੇਟ ਸਕੂਲ ਵਿੱਚ ਨੌਕਰੀ ਵੀ ਮਿਲ ਗਈ ਸੀ। ਮਾਡਰਨ ਜ਼ਮਾਨੇ ਵਿੱਚ ਰਹਿੰਦਿਆਂ ਹੋਇਆ ਜਿੱਥੇ ਉਸ ਕੋਲ ਹਰ ਤਰ੍ਹਾਂ ਦੀ ਤਕਨੀਕ ਘਰ ਵਿੱਚ ਮੌਜੂਦ ਸੀ, ਉੱਥੇ ਕੰਪਿਊਟਰ ਨੇ ਉਸਦੇ ਦਿਮਾਗ ਤੇ ਐਸਾ ਕ੍ਰੇਜ਼ ਬਣਾਇਆ ਕਿ ਉਸਨੇ ਆਪਣੇ ਲਈ ਟੱਚ ਲੈਪਟਾਪ, ਲੇਟੈਸਟ ਟੈਬ ਅਤੇ ਆਈ ਫੋਨ ਵੀ ਮੰਗਵਾ ਲਿਆ। ਉਸਨੇ ਆਪਣੇ ਆਪ ਨੂੰ ਹਰ ਤਰ੍ਹਾਂ ਨਾਲ ਅੱਪਡੇਟ ਰੱਖਿਆ ਹੋਇਆ ਸੀ, ਪਰ ਇਸ ਸੱਭ ਕੁੱਝ ਦੇ ਉਸਨੂੰ ਆਪਣੀ ਵਿਰਾਸਤ ਨਾਲ ਬਹੁਤ ਪਿਆਰ ਸੀ। ਉਸਨੂੰ ਪਿੰਡਾਂ ਦੇ ਬਜ਼ੁਰਗਾਂ ਦੀ ਟੌਹਰ, ਠਾਠ-ਬਾਠ, ਰਹਿਣ-ਸਹਿਣ, ਲੰਬੀ ਉਮਰ ਅਤੇ ਤੰਦਰੁਸਤ ਰਹਿਣ ਦੇ ਰਾਜ਼ ਨੂੰ ਜਾਨਣ ਦੀ ਬੜੀ ਇੱਛਾ ਰਹਿੰਦੀ ਸੀ । ਕਿਉਂਕਿ ਬਜ਼ੁਰਗਾਂ ਵੱਲੋਂ ਖਾਧੀਆਂ ਗਈਆਂ ਖੁੱਲੀਆਂ ਖੁਰਾਕਾਂ, ਕਸਰਤਾਂ, ਦੰਡ-ਬੈਠਕਾਂ ਕਾਰਣ ਉਹਨਾਂ ਨੂੰ ਬਿਮਾਰੀ ਨਾ ਲੱਗਣਾ ਇੱਕ ਬਹੁਤ ਵੱਡੀ ਗੱਲ ਸੀ, ਜਦਕਿ ਸ਼ਹਿਰ ਵਿੱਚ ਰਹਿੰਦਿਆਂ ਪ੍ਰੀਤ ਮਹਿਸੂਸ ਕਰਦਾ ਸੀ, ਸ਼ਹਿਰ ਦਾ ਪ੍ਰਦੂਸ਼ਣ, ਸ਼ਹਿਰ ਦਾ ਖਾਣ-ਪੀਣ, ਸੁੱਖ ਸਹੂਲਤਾਂ ਸਰੀਰ ਨੂੰ ਖਰਾਬ ਅਤੇ ਜ਼ਰਜ਼ਰਾ ਕਰਦੀਆਂ ਹਨ, ਬੱਸ ਇਸੇ ਲਈ ਘਰ ਵਿੱਚ ਬੁਲਟ ਹੋਣ ਦੇ ਬਾਵਜੂਦ ਉਹ ਅਕਸਰ ਹੀ ਆਪਣੇ ਸਾਈਕਲ ਦੀ ਵਰਤੋਂ ਕਰਦਾ ਸੀ। ਖਾਣ-ਪੀਣ, ਰਹਿਣ ਸਹਿਣ ਬਿਲਕੁੱਲ ਸਾਦਾ ਰੱਖਦਾ ਸੀ।

ਇਸੇ ਕਰਕੇ ਕੰਪਿਊਟਰ ਇੰਸਟੀਚਿਊਟ ਵਿੱਚ ਬਹੁਤੇ ਇਹੀ ਸਮਝਦੇ ਸੀ ਕਿ ਸ਼ਾਇਦ ਉਹ ਕਿਸੇ ਪਿੰਡੋਂ ਆਉਂਦਾ ਹੈ ਤੇ ਸ਼ਹਿਰ ਦੇ ਮੁੰਡੇ ਕੁੜੀਆਂ ਉਸਨੂੰ ਇੱਕ ਆਮ ਜਿਹਾ ਗਵਾਰ ਪੇਂਡੂ ਸਮਝ ਕੇ ਹਾਸਾ ਮਜ਼ਾਕ ਕਰਦੇ ਸਨ। ਉਹਨਾਂ ਵਿੱਚੋਂ ਹੀ ਇੱਕ ਮਨਰੂਪ, ਜਿਸਦਾ ਐਟੀਟਿਊਡ ਹਮੇਸ਼ਾਂ ਉਸਦੇ ਨੱਕ ਤੇ ਹੁੰਦਾ ਸੀ। ਮਨਰੂਪ ਇੱਕ ਅਮੀਰ ਖਾਨਦਾਨ ਦੀ ਸ਼ਹਿਰਨ ਕੁੜੀ ਸੀ। ਕਾਲੇ ਰੰਗ ਦੀ ਨਵੀਂ ਐਕਟੀਵਾ ਸਕੂਟੀ, ਹਾਈ ਹੀਲ ਸੈਂਡਲ, ਜੀਨ-ਟਾਪ, ਹਰ ਰੋਜ਼ ਵਾਲਾਂ ਦਾ ਵੱਖਰਾ ਸਟਾਈਲ, ਗੋਰਾ ਰੰਗ, ਨੀਲੀਆਂ ਅੱਖਾਂ, ਸੁਰਾਹੀ ਵਰਗੀ ਗਰਦਨ ਉਸਦੀਆਂ ਆਦਾਵਾਂ ਨੂੰ ਹੋਰ





ਵੀ ਚਾਰ ਚੰਨ ਲਾਉਂਦੇ ਸੀ। ਮਨਰੂਪ ਨੇ ਕਦੇ ਪ੍ਰੀਤ ਨਾਲ ਗੱਲ ਨਹੀਂ ਸੀ ਕੀਤੀ ਸਿਵਾਏ ਅਧਿਆਪਕ ਦੇ ਕਹਿਣ ਤੇ ਕਿਸੇ ਛੋਟੀ ਮੋਟੀ ਲੋੜ ਪੂਰੀ ਕਰਨ ਤੋਂ।

ਪਰ ਅਕਸਰ ਆਪਣੀਆਂ ਸਹੇਲੀਆਂ ਨਾਲ ਛੁੱਟੀ ਵੇਲੇ ਪ੍ਰੀਤ ਦੇ ਸਾਈਕਲ ਕੋਲ ਜਾ ਕੇ ਜਾਣ-ਬੁੱਝ ਕੇ ਐਕਟੀਵਾ ਦਾ ਹਾਰਨ ਵਜਾਉਣਾ ਤੇ ਗੱਡੀ ਤੇਜ਼ ਕਰਕੇ ਲੰਘਣਾ, ਫਿਰ ਐਕਟੀਵਾ ਦੇ ਸ਼ੀਸ਼ੇ ਰਾਹੀਂ ਪਿੱਛੇ ਪ੍ਰੀਤ ਨੂੰ ਦੇਖ ਕੇ ਹੱਸਣਾ ਅਤੇ ਸਹੇਲੀ ਨਾਲ ਉਸਦਾ ਮਜ਼ਾਕ ਉਡਾਉਂਦੇ ਹੋਏ ਗੱਲਾਂ ਕਰਦੀ ਨੇ ਅੱਗੇ ਲੰਘ ਜਾਣਾ। ਇਹ ਉਸਦਾ ਹਰ ਰੋਜ਼ ਦਾ ਸ਼ੁਗਲ ਜਿਹਾ ਬਣ ਗਿਆ ਸੀ।

ਕਲਾਸ ਵਿੱਚ ਮਨਰੂਪ ਦਾ ਕੋਈ ਬੁਆਏ ਫ੍ਰੈਂਡ ਤਾਂ ਨਹੀਂ ਸੀ, ਤੇ ਨਾ ਹੀ ਉਹ ਅਜਿਹੇ ਚੱਕਰਾਂ ਵਿੱਚ ਪਈ ਸੀ, ਫਨ ਕਰਨਾ ਹੀ ਉਸਦੀ ਜਿੰਦਗੀ ਦਾ ਮਕਸਦ ਸੀ ਤੇ ਉਸ ਵਾਸਤੇ ਘਰੋਂ ਪੈਸਾ ਖੂਬ ਮਿਲ ਜਾਂਦਾ ਸੀ। ਹੁਸਨ ਤੇ ਦੌਲਤ ਜਦ ਹੱਦੋਂ ਵੱਧ ਹੋਵੇ ਤਾਂ ਗਰੂਰ ਜਨਮ ਜ਼ਰੂਰ ਲੈਂਦਾ ਹੈ, ਬੱਸ ਇਸੇ ਗਰੂਰ ਦੀ ਪੱਟੀ ਸੀ ਮਨਰੂਪ।

ਕਿਸੇ ਤਰ੍ਹਾਂ ਸਾਲ ਗੁਜ਼ਰ ਗਿਆ ਅਤੇ ਇੰਸਟੀਚਿਊਟ ਵਿੱਚ ਆਖਰੀ ਦਿਨਾਂ ਦੌਰਾਨ ਪੇਪਰਾਂ ਤੋਂ ਪਹਿਲਾਂ ਇਸੰਟੀਚਿਊਟ ਵਿੱਚ ਇੱਕ ਵਿਸ਼ੇਸ਼ ਪਾਰਟੀ ਰੱਖੀ ਗਈ, ਜਿਸ ਦੀ ਤਰੀਕ ਅਤੇ ਸਮਾਂ ਤੈਅ ਕਰਕੇ ਵਿਦਿਆਰਥੀਆਂ ਨੂੰ ਦੱਸ ਦਿੱਤਾ ਗਿਆ।

ਅੱਜ ਜਦ ਤਿਆਰ ਹੋ ਕੇ ਹਰਪ੍ਰੀਤ ਘਰੋਂ ਤੁਰਨ ਲੱਗਾ ਤਾਂ ਉਸਦੀ ਭੈਣ ਸ਼ਰਨਪ੍ਰੀਤ ਨੇ ਉਸਨੂੰ ਰੋਕ ਲਿਆ ਤੇ ਕਹਿਣ ਲੱਗੀ, 'ਵੀਰੇ! ਅੱਜ ਤਾਂ ਟੌਹਰ ਕੱਢ ਕੇ ਜਾ, ਤੁਹਾਡੀ ਸਾਦਗੀ ਤੁਹਾਡੀ ਖੁਬਸੂਰਤੀ ਹੈ, ਪਰ ਥੋੜਾ ਜਿਹੇ ਸਮੇਂ ਦੀ ਮੰਗ ਅਨੁਸਾਰ ਕੀਤਾ ਗਿਆ ਫੈਸ਼ਨ, ਰੱਬ ਵੱਲੋਂ ਬਖਸ਼ੀ ਖੁਬਸੂਰਤੀ ਨੂੰ ਹੋਰ ਵੀ ਚਾਰ ਚੰਨ ਲਗਾ ਦਿੰਦਾ ਹੈ, ਨਾਲੇ ਅੱਜ ਤਾਂ ਉੱਥੇ ਪਾਰਟੀ ਹੈ, ਤਾਂ ਕੀ ਮੇਰਾ ਵੀਰ ਵੀ ਸੱਭ ਤੋਂ ਸੋਹਣਾ ਨਹੀਂ ਲੱਗਣਾ ਚਾਹੀਦਾ?'

ਪਰ ਸ਼ਰਨ...?

ਨੋ.. ! ਵੀਰੇ, ਚੱਲੋ ਅੰਦਰ! ਪ੍ਰੀਤ ਨੂੰ ਬਾਹੋਂ ਫੜ੍ਹ ਕੇ ਸ਼ਰਨ ਕਮਰੇ ਅੰਦਰ ਲੈ ਗਈ ਤੇ ਅਲਮਾਰੀ ਵਿੱਚੋਂ ਨਵੀਂ ਜੀਨ, ਪੱਗ ਨਾਲ ਮੈਚ ਕਰਦੀ ਸ਼ਰਟ ਅਤੇ ਬਲੇਜ਼ਰ ਪੁਆ ਕੇ ਹੱਥ ਵਿੱਚ ਘੜੀ ਦਿੰਦਿਆਂ, ਪਰ੍ਹਾਂ ਟੇਬਲ ਤੇ ਪਈ ਰੇਬਨ ਦੇ ਐਨਕ ਵੱਲ ਇਸ਼ਾਰਾ ਕਰ ਦਿੱਤਾ।

ਲੈ ਖਾਂ! ਤੂੰ ਤਾਂ ਸ਼ਰਨ ਇੰਝ ਕਰ ਰਹੀ ਏ ਜਿਵੇਂ ਮੈਨੂੰ ਹੁਣ ਘੋੜੀ ਚੜਾਉਣਾ ਹੋਵੇ.. ਪ੍ਰੀਤ ਨੇ ਕਿਹਾ..।

ਹਾਂ ਜੀ ! ਬਿਲਕੁੱਲ ਜੀ, ਕੀ ਪਤਾ ਅੱਜ ਕਿਹੜੀ ਮੁਟਿਆਰ ਨੂੰ ਗਸ਼ ਪੈਣੀ ਆ, ਮੇਰੇ ਸੋਹਣੇ ਵੀਰ ਨੂੰ ਵੇਖ ਕੇ...

ਚੱਲ ਝੱਲੀ ਨਾ ਹੋਵੇ, ਚੰਗਾ ਹੁਣ ਚੱਲਿਆਂ ਮੈਂ, ਧਿਆਨ ਰੱਖੀਂ ਘਰ ਦਾ.. ਆਖਦਾ ਹੋਇਆ ਪ੍ਰੀਤ ਬੁੱਲਟ ਤੇ ਸਵਾਰ ਹੋ ਕੇ ਆਪਣੇ ਇੰਸਟੀਚਿਊਟ ਵੱਲ ਚੱਲ ਪਿਆ।

ਰਸਤੇ ਵਿੱਚ ਉਸ ਨੂੰ ਭਾਰੀ ਟਰੈਫਿਕ ਜਾਮ ਦਾ ਸਾਹਮਣਾ ਕਰਨਾ ਪਿਆ, ਜਿਸ ਕਰਕੇ ਉਹ ਥੋੜਾ ਲੇਟ ਹੋ ਗਿਆ।

ਉੱਧਰ ਪਾਰਟੀ ਸ਼ੁਰੂ ਹੋ ਗਈ ਸੀ ਤੇ ਪ੍ਰਿੰਸੀਪਲ ਨੇ ਇੱਕਦਮ ਪੁੱਛਿਆ, 'ਹਰਪ੍ਰੀਤ ਸਿੰਘ ਕਿਉਂ ਨਹੀਂ ਆਇਆ ਅੱਜ? ਉਸਨੂੰ ਪਤਾ ਨਹੀਂ ਸੀ?'

ਵਿਦਿਆਰਥੀਆਂ ਵਿੱਚੋਂ ਕਿਸੇ ਨੇ ਕਾਮੈਂਟ ਪਾਸ ਕੀਤਾ, 'ਇਹ ਪਾਰਟੀਆਂ ਦਾ ਉਹਨੂੰ ਕੀ ਪਤਾ, ਵਿਚਾਰਾ ਪਿੰਡ ਵਿੱਚ ਕਿਤੇ ਪੱਠੇ-ਟੁੱਕ ਵੱਢਣ ਚਲਿਆ ਗਿਆ ਹੋਣਾ ਤੇ ਸਾਰੇ ਹੱਸਣ ਲੱਗ ਪਏ, ਕਿ ਅਚਾਨਕ ਪਿੱਛੋਂ ਦਰਵਾਜਾ ਖੁੱਲਣ ਦੀ ਆਵਾਜ਼ ਆਈ.. ਜਦ ਸਾਰਿਆਂ ਨੇ ਪਿੱਛੇ ਮੁੜ ਕੇ ਦੇਖਿਆ ਤਾਂ ਸਾਰਿਆਂ ਦੀਆਂ ਅੱਖਾਂ ਖੁੱਲੀਆਂ ਰਹਿ ਗਈਆਂ, ਇਕ ਟਿੱਪ ਟਾਪ ਨੌਜਵਾਨ ਗੱਭਰੂ, ਸੋਹਣਾ ਸੁਨੱਖਾ, ਲੰਬਾ ਉੱਚਾ, ਜੋ ਕਿਸੇ ਕਾਲਜ ਦੇ ਪ੍ਰੋਫੈਸਰ ਤੋਂ ਘੱਟ ਨਹੀਂ ਲੱਗ ਰਿਹਾ ਸੀ, ਕਮਰੇ ਵਿੱਚ ਦਾਖਲ ਹੋਇਆ।

ਸੱਭ ਤੋਂ ਅੱਗੇ ਬੈਠੀ ਮਨਰੂਪ ਨੇ ਅੱਖਾਂ ਝਪਕ ਕੇ ਦੂਜੀ ਵਾਰ ਦੇਖਣ ਦਾ ਯਤਨ ਕੀਤਾ ਤੇ ਬੋਲੀ, ਪ੍ਰੀਤ..?? ਤੂੰ? ਤੈਨੂੰ ਕੀ ਹੋਇਆ, ਕਿੱਥੇ ਪਿੰਡ ਤੇ ਕਿੱਥੇ ਸ਼ਹਿਰ?

ਉਸਨੂੰ ਇਸ ਸੱਜਵੇਂ ਰੂਪ ਵਿੱਚ ਪਹਿਲੀ ਵਾਰ ਸਾਰੇ ਵੇਖ ਕੇ ਹੱਕੇ ਬੱਕੇ ਰਹਿ ਗਏ, ਸੱਬਬੀਂ ਮਨਰੂਪ ਦੇ ਨਾਲ ਵਾਲੀ ਖਾਲੀ ਸੀਟ ਤੇ ਪ੍ਰੀਤ ਬੈਠ ਗਿਆ, ਪਰ ਅੱਜ ਪਹਿਲੀ ਵਾਰ ਪ੍ਰੀਤ, ਮਨਰੂਪ ਨੂੰ ਅੱਖਾਂ ਚੁਰਾ ਕੇ ਵੇਖਣ ਦੀ ਕੋਸ਼ਿਸ਼ ਕਰ ਰਿਹਾ ਸੀ ਤੇ ਮਨਰੂਪ ਪ੍ਰੀਤ ਨੂੰ।

ਪ੍ਰੀਤ ਪਹਿਲੀ ਵਾਰ ਮਨਰੂਪ ਨੂੰ ਪੰਜਾਬੀ ਸੂਟ ਵਿੱਚ ਦੇਖ ਰਿਹਾ ਸੀ, ਉਸਦੇ ਲੰਬੇ ਵਾਲਾਂ ਨਾਲ ਬੰਨਿਆਂ ਉਸਦਾ ਪਰਾਂਦਾ, ਪਟਿਆਲਾ ਸ਼ਾਹੀ ਸੂਟ, ਪੈਰੀਂ ਤਿੱਲੇਦਾਰ ਪੰਜਾਬੀ ਜੁੱਤੀ, ਤੇ ਪੰਜਾਬੀ ਨਖਰਾ, ਪ੍ਰੀਤ ਨੂੰ ਆਪਣੇ ਵੱਲ ਖਿੱਚ ਰਿਹਾ ਸੀ। ਉਹਨਾਂ ਦੋਹਾਂ ਨੇ ਪਹਿਲੀ ਵਾਰ ਇੱਕ ਦੂਜੇ ਨੂੰ ਪਾਰਟੀ ਵਾਲੇ ਦਿਨ ਨਵੇਂ ਰੂਪ ਵਿੱਚ ਦੇਖਿਆ ਸੀ, ਸ਼ਾਇਦ ਇਹੀ ਇੱਕ ਕਾਰਣ ਸੀ ਕਿ ਦੋਵਾਂ ਦੀਆਂ ਉਮੀਦਾਂ, ਖਾਹਿਸ਼ਾਂ, ਸੁਪਨੇ ਤੇ





ਆਸਾਂ ਅੱਜ ਇੱਕ ਦੂਜੇ ਨਾਲ ਮੇਲ ਖਾ ਰਹੇ ਸਨ।

ਦੋਵੇਂ ਪੜ੍ਹੇ ਲਿਖੇ ਤਾਂ ਹੈ ਹੀ ਸੀ, ਪਰ ਮਨਰੂਪ ਇੱਕ ਸਿੱਦੇ ਸਾਦੇ ਪੇਂਡੂ ਮੁੰਡੇ ਨੂੰ ਪਸੰਦ ਨਹੀਂ ਸੀ ਕਰ ਸਕਦੀ ਤੇ ਅੱਜ ਪ੍ਰੀਤ ਬਿਲਕੁੱਲ ਸ਼ਹਿਰੀ ਮਾਡਰਨ ਲੱਗ ਰਿਹਾ ਸੀ, ਉਹੋ ਜਿਹਾ ਜਿਹੋ ਜਿਹੇ ਦੇ ਕਦੇ ਸੁਪਨੇ ਉਸਨੇ ਲਏ ਸਨ, ਤੇ ਦੂਜੇ ਪਾਸੇ ਜੀਨ-ਟਾਪ ਪਾਉਣ ਵਾਲੀ ਪੰਜਾਬੀ ਸੂਟ ਪਾਈ ਸ਼ਹਿਰਣ ਤੋਂ ਪਿਓਰ ਪੰਜਾਬਣ ਬਣੀ ਮਨਰੂਪ, ਪ੍ਰੀਤ ਦੇ ਮਨ ਉੱਤੇ ਗਹਿਰਾ ਅਸਰ ਪਾ ਰਹੀ ਸੀ।

ਸਟੇਜ ਤੇ ਪ੍ਰੀਤ ਨੂੰ ਕੁੱਝ ਲਫਜ਼ ਬੋਲਣ ਲਈ ਅਵਾਜ਼ ਪਈ ਤਾਂ ਉਸਦਾ ਕਿਹਾ ਗਿਆ ਇੱਕ ਇੱਕ ਸ਼ਬਦ, ਜਿੱਥੇ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕਰਦਾ ਸੀ ਉੱਥੇ 'Simple Living, High Thinking' ਦਾ ਮੁਹਾਵਰਾ ਅੱਜ ਪਹਿਲੀ ਵਾਰ ਮਨਰੂਪ ਦੇ ਦਿਮਾਗ ਨੂੰ ਵੀ ਸਮਝ ਵਿੱਚ ਆਇਆ। ਆਖਿਰ ਵਿੱਚ ਉਸਨੇ ਆਪਣੇ ਦੋਸਤਾਂ ਨੂੰ ਇਹ ਕਹਿੰਦੀਆਂ ਸਟੇਜ ਤੋਂ ਇਜਾਜ਼ਤ ਮੰਗੀ ਕਿ, 'ਦੋਸਤੋ! ਵਿਖਾਵੇ ਦੀ ਦੁਨੀਆ ਵਿੱਚ ਹਮੇਸ਼ਾਂ ਧਨ ਅਤੇ ਸਮੇਂ ਦੀ ਬਰਬਾਦੀ ਹੈ, ਦੁਨੀਆ ਤਾਂ ਉਹ ਹੈ, ਜਿਸਨੂੰ ਤੁਸੀਂ ਜਿਉਂਦੇ ਹੋ, ਮਾਣਦੇ ਹੋ ਤੇ ਕਾਮਯਾਬੀ ਦੀਆਂ ਪੌੜੀਆਂ ਚੜ੍ਹਦੇ ਹੋਏ ਸਫਲਤਾ ਪ੍ਰਾਪਤ ਕਰਦੇ ਹੋ, ਸਫਲਤਾ ਕੀ ਹੈ ਨੂੰ ਸੌਖੇ ਸ਼ਬਦਾਂ ਵਿੱਚ ਸਮਝਣਾ ਹੋਵੇ ਤਾਂ ਕਿਹਾ ਜਾ ਸਕਦਾ ਹੈ, 'When Your Signature Changed into Autograph, That is Success' ਆਖਦੇ ਹੋਏ ਉਸਨੇ ਸਾਰਿਆਂ ਦਾ ਧੰਨਵਾਦ ਕੀਤਾ ।

ਪਾਰਟੀ ਖਤਮ ਹੋਣ ਤੇ ਸੱਭ ਆਪੋ ਆਪਣੇ ਘਰ ਚਲੇ ਗਏ, ਸ਼ਾਮਾਂ ਪਈਆਂ ਤਾਂ ਪ੍ਰੀਤ ਦੇ ਮੋਬਾਇਲ ਤੇ ਮਨਰੂਪ ਦਾ ਫੋਨ ਆਇਆ, ਉਸਨੇ ਮੁਆਫੀ ਮੰਗਦੇ ਕਿਹਾ, ਕਿ 'ਮੈਨੂੰ ਸਮਝਣ ਵਿੱਚ ਭੁੱਲ ਹੋਈ ਹੈ, ਮੈਂ ਹਮੇਸ਼ਾਂ ਤੁਹਡਾ ਮਜ਼ਾਕ ਉਡਾਇਆ ਹੈ, ਪਲੀਜ਼ ਮੈਨੂੰ ਮੁਆਫ ਕਰ ਦਿਉ, ਕੀ ਅਸੀਂ ਦੋਸਤ ਬਣ ਸਕਦੇ ਹਾਂ?'

ਪ੍ਰੀਤ ਨੇ ਕਿਹਾ ਕਿ ਅਸੀਂ ਤਾਂ ਪਹਿਲਾਂ ਹੀ ਦੋਸਤ ਸੀ, ਹੁਣ ਵੀ ਹਾਂ ਤੇ ਅੱਗੋਂ ਵੀ ਰਹਾਂਗੇ। ਨਾਲੇ ਮੁਆਫੀ ਵਾਲੀ ਕੋਈ ਗੱਲ ਨਹੀਂ, ਜਿੱਥੇ ਇਕੱਠੇ ਉੱਠਣਾ ਬੈਠਣਾ, ਪੜ੍ਹਨਾ-ਲਿਖਣਾ ਹੋਵੇ ਉੱਥੇ ਜੇ ਕੋਈ ਥੋੜਾ ਬਹੁਤਾ ਹਾਸਾ ਮਜ਼ਾਕ ਤਾਂ ਕਰ ਹੀ ਲੈਣ ਦੇਣਾ ਚਾਹੀਦਾ ਹੈ । ਚੱਲੋ.... ਇਸੇ ਪੱਜ ਨਾਲ ਕੁੱਝ ਦੇਰ ਲਈ ਬੋਰ ਪੜ੍ਹਾਈ ਤੋਂ ਛੁਟਕਾਰਾ ਤਾਂ ਮਿਲ ਜਾਂਦਾ ਹੈ, ਕਹਿ ਕੇ ਦੋਵੇਂ ਖਿੜ ਖਿੜਾ ਕੇ ਹੱਸਣ ਲੱਗ ਪਏ।

ਹੌਲੀ-ਹੌਲੀ ਇਹ ਗੱਲਬਾਤ ਵਿੱਚ ਬੇਸ਼ੁਮਾਰ ਵਾਧਾ ਹੁੰਦਾ ਗਿਆ, ਦੋਹਾਂ ਨੇ

ਪੇਪਰਾਂ ਦੌਰਾਨ ਵੀ ਇੱਕ ਦੂਜੇ ਦੀ ਸਿਲੇਬਸ ਸਮਝਣ ਸਮਝਾਉਣ ਵਿੱਚ ਮੱਦਦ ਕੀਤੀ ਤੇ ਦੋਵੇਂ ਹੀ ਵਧੀਆ ਨੰਬਰ ਲੈ ਕੇ ਪਾਸ ਹੋਏ। ਪੇਪਰਾਂ ਦੌਰਾਨ ਦੋਹਾਂ ਦੀ ਪ੍ਰੇਮ ਕਹਾਣੀ ਵੀ ਬਾਕੀ ਦੋਸਤਾਂ ਨੂੰ ਪਤਾ ਲੱਗ ਗਈ। ਸ਼ਾਇਦ ਪ੍ਰੀਤ ਦਾ ਪਿਆਰ ਪਾਗਲਪਨ ਤੱਕ ਪੁੱਜ ਚੁੱਕਾ ਸੀ, ਪਰ ਮਨਰੂਪ ਪਿਆਰ ਕਰਦੀ ਹੋਈ ਵੀ ਬੇਪਰਵਾਹ ਸੀ, ਕਿਉਂਜੁ ਉਸਦਾ ਗਲਤ ਐਟੀਟਿਊਡ, ਈਗੋ ਅਤੇ ਸਟੇਟਸ ਉਸਦਾ ਪਿੱਛਾ ਨਹੀਂ ਸਨ ਛੱਡ ਰਹੇ। ਅਕਸਰ ਪ੍ਰੀਤ ਉਸ ਨਾਲ ਰੁਮਾਟਿੰਕ ਗੱਲਾਂ ਕਰਨ ਦੀ ਕੋਸ਼ਿਸ਼ ਕਰਦਾ, ਮਨਰੂਪ ਹਾਮੀ ਵੀ ਭਰਦੀ, ਪਰ ਗੱਲ ਨੂੰ ਸੱਪਸ਼ਟ ਤੌਰ ਤੇ ਸਾਫ ਨਾ ਕਰਦੀ। ਪ੍ਰੀਤ ਦੀ ਬੇਚੈਨੀ ਵਿੱਚ ਦਿਨ-ਬ-ਦਿਨ ਵਾਧਾ ਹੋ ਰਿਹਾ ਸੀ, ਪਰ ਮਨਰੂਪ ਨੂੰ ਇਸ ਨਾਲ ਕੋਈ ਫਰਕ ਨਹੀਂ ਸੀ ਪੈ ਰਿਹਾ। ਭਾਵੇਂ ਕਿ ਕੋਈ ਅਜਿਹਾ ਦਿਨ ਨਹੀਂ ਸੀ ਹੁੰਦਾ ਕਿ ਦੋਹਾਂ ਨੇ ਗੱਲ ਨਾ ਕੀਤੀ ਹੋਵੇ ਤੇ ਫੋਨ ਵੀ ਮਨਰੂਪ ਹੀ ਕਰਦੀ ਸੀ, ਪਰ ਫਿਰ ਵੀ ਆਪਣੀ ਖੂਬਸੂਰਤੀ ਦੀ ਈਗੋ ਉਸਨੂੰ ਸੱਪਸ਼ਟ ਨਹੀਂ ਸੀ ਹੋਣ ਦਿੰਦੀ।

ਪੱਕਾ ਮਨ ਬਣਾ ਕੇ ਪ੍ਰੀਤ ਨੇ ਵੀ ਮਨਰੂਪ ਤੋਂ ਕਿਨਾਰਾ ਕਰਨਾ ਸ਼ੁਰੂ ਕਰ ਦਿੱਤਾ ਤਾਂ ਪ੍ਰੀਤ ਉਸ ਨੂੰ ਫੋਨ ਕਰਕੇ ਇੱਧਰ ਉੱਧਰ ਦੀਆਂ ਗੱਲਾਂ ਕਰਕੇ ਉਸਦੇ ਟੱਚ ਵਿੱਚ ਰਹਿਣ ਦਾ ਯਤਨ ਕਰਦੀ ਰਹਿੰਦੀ, ਜੇ ਅੱਗੋਂ ਪ੍ਰੀਤ ਫਿਰ ਦੁਬਾਰਾ ਗੱਲ ਚਲਾਉਣ ਦੀ ਕੋਸ਼ਿਸ਼ ਕਰਦਾ ਤਾਂ ਉਹ ਫਿਰ ਬਿਫਰ ਜਾਂਦੀ। ਕਈ ਤਰ੍ਹਾਂ ਦੇ ਕੀਮਤੀ ਤੋਹਫੇ ਮਨਰੂਪ ਲੈ ਚੁੱਕੀ ਸੀ, ਕਿਸੇ ਤਰ੍ਹਾਂ ਦੀ ਲੋੜ ਪੈਂਦੀ ਦਾ ਪ੍ਰੀਤ ਦੀ ਮੱਦਦ ਮੰਗਦੀ, ਕੋਈ ਮੁਸ਼ਕਿਲ ਪੈਂਦੀ ਤਾਂ ਪ੍ਰੀਤ ਦੀ ਸਹਾਇਤਾ ਮੰਗਦੀ, ਪ੍ਰੀਤ ਉਸਦੀ ਸਹਾਇਤਾ ਕਰਨ, ਉਸਦੇ ਕੰਮ ਆਉਣ ਅਤੇ ਉਸਨੂੰ ਖੁਸ਼ ਰੱਖਣ ਦੀ ਹਰ ਕੋਸ਼ਿਸ਼ ਕਰਦਾ ਤੇ ਸਫਲ ਵੀ ਹੁੰਦਾ। ਪਰ ਪਤਾ ਨਹੀਂ ਕਿਉਂ ਮਨਰੂਪ ਸੱਭ ਕੁੱਝ ਜਾਣਦੀ ਹੋਈ ਵੀ ਅਨਜਾਣ ਬਣਨ ਦੀ ਕੋਸ਼ਿਸ਼ ਕਰਦੀ ਰਹਿੰਦੀ।

ਮਨਰੂਪ ਦੀਆਂ ਅੱਖਾਂ ਸੱਚ ਦੱਸਦੀਆਂ ਸੀ, ਪਰ ਜ਼ੁਬਾਨ ਉਸ ਸੱਚ ਨੂੰ ਹਮੇਸ਼ਾਂ ਦਬਾ ਦਿੰਦੀ ਸੀ ਕਿ ਉਹ ਵੀ ਪ੍ਰੀਤ ਨੂੰ ਪਿਆਰ ਕਰਦੀ ਹੈ। ਕਈ ਵਾਰ ਖੁਦ ਮਨਰੂਪ, ਪ੍ਰੀਤ ਨੂੰ ਡੇਟ ਤੇ ਜਾਣ ਲਈ ਕਹਿੰਦੀ, ਲੌਂਗ ਡਰਾਈਵ ਤੇ ਜਾਣ ਨੂੰ ਕਹਿੰਦੀ, ਪ੍ਰੋਗ੍ਰਾਮ ਵੀ ਬਣ ਜਾਂਦਾ ਪਰ ਐਨ ਮੌਕੇ ਤੇ ਬਣੇ ਬਣਾਏ ਪ੍ਰੋਗ੍ਰਾਮ ਨੂੰ ਰੱਦ ਕਰ ਦਿੰਦੀ ਤੇ ਪ੍ਰੀਤ ਦੇ ਦਿਲ ਨੂੰ ਤੋੜ ਦਿੰਦੀ।

ਕਈ ਵਾਰ ਪ੍ਰੀਤ ਨੂੰ ਬਹੁਤ ਗੁੱਸਾ ਆਉਂਦਾ, ਪਰ ਉਹ ਗੁੱਸੇ ਨੂੰ ਪੀ ਜਾਂਦਾ ਤੇ ਹਰ ਵਾਰ ਮਨਰੂਪ ਨੂੰ ਖੁਸ਼ ਮਿਜਾਜ਼ੀ ਮੂਡ ਵਿੱਚ ਮਿਲਦਾ। ਇਸ ਤਰ੍ਹਾਂ ਕਰਦੇ ਤਕਰੀਬਨ ਤਿੰਨ ਸਾਲ ਤੋਂ ਵੱਧ ਸਮਾਂ ਬੀਤ ਗਿਆ। ਇਸ ਕਸ਼ਮਕਸ਼ ਵਿੱਚ ਕਈ ਵਾਰ ਪ੍ਰੀਤ ਤੇ ਮਨਰੂਪ ਵਿੱਚ ਝਗੜਾ ਵੀ ਹੋਇਆ ਇੱਕ ਦੂਜੇ ਨੂੰ ਕਈ ਵਾਰ





ਮਨਾਇਆ ਵੀ, ਪਰ ਦਿਲ ਦੀ ਗੱਲ ਦਿੱਲ ਵਿੱਚ ਹੀ ਦਬਾਈ ਰੱਖੀ ਦੋਹਾਂ ਨੇ। ਪਤਾ ਨਹੀਂ ਕਿਉਂ, ਜਦ ਵੀ ਪ੍ਰੀਤ ਨੂੰ ਮੌਕਾ ਮਿਲਦਾ ਰਿਹਾ, ਮਨਰੂਪ ਜਾਣ ਬੁੱਝ ਕੇ ਉਹ ਮੌਕਾ ਉਸ ਕੋਲੋਂ ਖੋ ਲੈਂਦੀ ਤੇ ਗੱਲ ਦਾ ਵਿਸ਼ਾ ਬਦਲ ਦਿੰਦੀ, ਜਦ ਖੁੱਦ ਮੌਕਾ ਬਣਾਉਂਦੀ ਤਾਂ ਵੀ ਗੱਲ ਨਾ ਕਰਨ ਦਿੰਦੀ।

ਇਹ ਕੀ ਸੀ (?) ਪਿਆਰ, ਖੁਦਗਰਜ਼ੀ, ਝੂਠਾ ਸਟੇਟਸ, ਜਾਂ ਹੁਸਨ ਦਾ ਗਰੂਰ? ਇਸ ਗੱਲ ਨੂੰ ਪ੍ਰੀਤ ਨੇ ਜਦ ਵੀ ਸਮਝਣ ਦੀ ਕੋਸ਼ਿਸ਼ ਕੀਤੀ, ਇਸ ਵਿੱਚ ਹੋਰ ਉਲਝ ਕੇ ਰਹਿ ਗਿਆ। ਅੱਜ ਪੰਜ ਸਾਲ ਪੂਰੇ ਹੋ ਚੁੱਕੇ ਹਨ ਤੇ ਅੱਜ ਸ਼ਾਮੀਂ ਵੀ ਮਨਰੂਪ ਦਾ ਫੋਨ ਆਇਆ, ਜਿਵੇਂ ਉਹ ਪ੍ਰੀਤ ਨਾਲ ਲੰਬੀ ਗੱਲ ਕਰਨੀ ਚਾਹੁੰਦੀ ਹੋਵੇ ਤੇ ਪਰ ਅਸਲ ਗੱਲ ਵੱਲ ਨਾ ਆ ਰਹੀ ਹੋਵੇ, ਤੇ ਹਰ ਵਾਰ ਦੀ ਤਰ੍ਹਾਂ ਗੱਲ ਨੂੰ ਘੁਮਾ ਫਿਰਾ ਕੇ ਕਰਦੀ ਰਹੀ ਤੇ ਇੱਕ ਘੰਟੇ ਤੋਂ ਵੱਧ ਸਮਾਂ ਗੱਲ ਕੀਤੀ, ਪ੍ਰੀਤ ਨੇ ਹਰ ਵਾਰ ਦੀ ਤਰ੍ਹਾਂ ਹਾਂ, ਹਾਂ-ਹੂੰ ਦਾ ਜੁਆਬ ਦਿੰਦਿਆ ਇਕ ਘੰਟਾ ਬਿਤਾ ਦਿੱਤਾ। ਤੇ ਫੋਨ ਕੱਟ ਜਾਣ ਤੋਂ ਬਾਅਦ, ਹਮੇਸ਼ਾਂ ਦੀ ਤਰ੍ਹਾਂ ਮੋਬਾਇਲ ਨੂੰ ਚੁੰਮ ਕੇ, ਮੋਬਾਇਲ ਦਿਲ ਦੇ ਕੋਲ ਉਪਰਲੀ ਜੇਬ ਵਿੱਚ ਪਾ ਲਿਆ.....



ਮੈਂ ਤੁਹਾਨੂੰ ਕਾਲ ਕਰਕੇ ਦੀਵਾਲੀ ਦੀ ਮੁਬਾਰਕਬਾਦ ਦੇਵਾਂਗੀ। ਨਾਲੇ ਸਾਡੀ ਪਹਿਲੀ ਵਾਰ ਫੋਨ ਤੇ ਇੱਕ ਦੂਜੇ ਨਾਲ ਗੱਲ ਹੋ ਜਾਵੇਗੀ ਅਤੇ ਇੱਕ ਦੂਜੇ ਦੀ ਆਵਾਜ਼ ਵੀ ਸੁਣ ਸਕਾਂਗੇ। ਰੋਜ਼ਦੀਪ ਨੇ ਵੀ ਹਾਂ ਕਰ ਦਿੱਤੀ ਤਾਂ ਸੋਫੀਆ ਨੇ ਆਪਣਾ ਨੰ. ਉਸਨੂੰ ਸੈਂਡ ਕਰ ਦਿੱਤਾ ਅਤੇ ਰੋਜ਼ ਨੇ ਸੋਫੀਆ ਨੂੰ। ਦੀਵਾਲੀ ਆਈ ਤਾਂ ਦੋਹਾਂ ਨੇ ਸ਼ਾਮ ਪੈਣ ਤੇ ਇੱਕ ਦੂਜੇ ਨਾਲ ਖੂਬ ਲੰਬੀ ਚੌੜੀ ਗੱਲਬਾਤ ਕੀਤੀ। ਇੱਕ ਦੂਜੇ ਨਾਲ ਹੋਈ ਪਹਿਲੀ ਵਾਰ ਇਸ ਗੱਲਬਾਤ ਨੇ ਇੱਕ ਦੂਜੇ ਨੂੰ ਹੋਰ ਵੀ ਕਰੀਬ ਲੈ ਆਂਦਾ।





# ਮੈਡਮ ਸਾਹਿਬਾ

ਗੱਲ ਉਸ ਸਮੇਂ ਦੀ ਹੈ ਜਦ ਇੰਟਰਨੈੱਟ ਦੇ ਜ਼ਮਾਨੇ ਦੀ ਸ਼ੁਰੂਆਤ ਹੀ ਹੋਈ ਸੀ, ਅਤੇ ਅਜਿਹੀਆਂ ਖਬਰਾਂ ਆਉਣ ਲੱਗ ਪਈਆਂ ਸਨ ਕਿ ਇੰਟਰਨੈੱਟ ਤੇ ਹੀ ਕੁੜੀ ਮੁੰਡੇ ਦਾ ਵਿਆਹ ਹੋ ਗਿਆ। ਖੈਰ! ਬੀ.ਏ. ਫਸਟ ਯੀਅਰ ਦੀ ਪੜ੍ਹਾਈ ਤੋਂ ਬਾਅਦ ਰੋਜ਼ਦੀਪ ਵੀ ਨਵਾਂ ਕੰਪਿਊਟਰ ਲੈ ਆਇਆ ਤੇ ਉਸ ਉੱਪਰ ਇੰਟਰਨੈੱਟ ਕਨੈਕਸ਼ਨ ਵੀ ਚਲਵਾ ਲਿਆ। ਯਾਹੂ ਮੈਸੇਂਜਰ ਤੇ ਚਾਟਿੰਗ ਕਰਨ ਬਾਰੇ ਕੁੱਝ ਜਾਣਕਾਰੀ ਹਾਸਿਲ ਕੀਤੀ। ਆਈ.ਡੀ. ਬਣਵਾਈ ਤੇ ਚਾਟਿੰਗ ਦੀ ਪਿੜ ਵਿੱਚ ਉੱਤਰ ਗਿਆ। ਬੱਸ ਕੁੜੀਆਂ ਦੀ ਆਈਡੀਆਂ ਤੇ ਗੱਲ ਕਰਨੀ, ਪੁੱਠੇ ਸਿੱਧੇ ਸਵਾਲਾਂ ਦੇ ਜੁਆਬ, ਕੁੜੀਆਂ ਅਤੇ ਮੁੰਡਿਆਂ ਵੱਲੋਂ ਘਰਦਿਆਂ ਤੋਂ ਚੋਰੀ ਕੀਤੀ ਜਾਂਦੀ ਨੈੱਟ-ਆਸ਼ਕੀ, ਪੜ੍ਹਾਈ ਦੇ ਬਹਾਨੇ ਕੈਫੇ ਵਿੱਚ ਜਾ ਕੇ ਨੰਗੀਆਂ ਗੱਲਾਂ, ਇਹ ਸੱਭ ਕੁੱਝ ਰੋਜ਼ਦੀਪ ਨੂੰ ਬਿਲਕੁੱਲ ਵੀ ਪਸੰਦ ਨਾ ਆਇਆ ਤੇ ਆਈ.ਡੀ ਡੀਐਕਟੀਵੇਟ ਕਰਕੇ ਇਸ ਗੰਦ ਵਿੱਚ ਨਿਕਲ ਗਿਆ।

ਰੋਜ਼ਦੀਪ ਇੱਕ ਸੰਸਕਾਰੀ ਖਾਨਦਾਨੀ ਪਰਿਵਾਰ ਨਾਲ ਸਬੰਧ ਰੱਖਦਾ ਸੀ। ਕੁੱਝ ਦਿਨ ਪਹਿਲਾਂ ਹੀ ਉਸਦੀ ਮੰਗਣੀ ਨੇੜੇ ਦੇ ਹੀ ਇੱਕ ਪਿੰਡ ਦੀ ਕੁੜੀ ਮਨਮੀਤ ਨਾਲ ਹੋਈ ਸੀ ਤੇ ਛੇ ਕੁ ਮਹੀਨਿਆਂ ਤੱਕ ਵਿਆਹ ਪੱਕਾ ਹੋ ਚੁੱਕਿਆ ਸੀ। ਵਿਆਹ ਦੇ ਕਾਰਡ ਛੱਪ ਕੇ ਵੰਡੇ ਜਾ ਚੁੱਕੇ ਸਨ ਤੇ ਤਿਆਰੀਆਂ ਦਾ ਜ਼ੋਰ ਸੀ, ਕਿ ਪਤਾ ਲੱਗਾ ਕਿ ਮਨਮੀਤ, ਰੋਜ਼ਦੀਪ ਨਾਲ ਨਹੀਂ, ਕਿਸੇ ਹੋਰ ਨਾਲ ਵਿਆਹ ਕਰਵਾਉਣਾ ਚਾਹੁੰਦੀ ਹੈ। ਇੱਕ ਵਾਰ ਤਾਂ ਜਿਵੇਂ ਘਰ ਦੀਆਂ ਸਾਰੀਆਂ ਹੀ ਖੁਸ਼ੀਆਂ, ਉਮੰਗਾਂ ਅਤੇ ਚਾਵ੍ਹਾਂ ਤੇ ਪਾਣੀ ਫਿਰ ਗਿਆ ਹੋਵੇ। ਰਿਸ਼ਤੇਦਾਰਾਂ ਨੇ ਸਮਝਾਇਆ ਪਰ ਮਨਮੀਤ ਉੱਤੇ ਕੋਈ ਅਸਰ ਨਾ ਹੋਇਆ ਤੇ ਇੱਕ ਦਿਨ ਕਿਸੇ ਗ਼ੈਰ ਨਾਲ ਘੁੰਮਦੀ ਨੂੰ ਰੋਜ਼ਦੀਪ ਨੇ ਆਪ ਦੇਖ ਲਿਆ। ਮੁੰਡਾ ਕਾਫੀ ਅਮੀਰ ਪਰਿਵਾਰ ਦਾ ਲੱਗਦਾ ਸੀ। ਅੱਖੀਂ ਦੇਖਣ ਤੋਂ ਬਾਅਦ ਰੋਜ਼ਦੀਪ ਨੇ ਵੀ ਮਨਮੀਤ ਨਾਲ ਵਿਆਹ ਨਾ ਕਰਵਾਉਣ ਦਾ ਫੈਸਲਾ ਆਪਣੇ ਪਰਿਵਾਰ ਨਾਲ ਸਾਂਝਾ ਕੀਤਾ।

ਤੇ ਆਖੀਰ ਦੋਹਾਂ ਪਰਿਵਾਰਾਂ ਦੀ ਰਜ਼ਾਮੰਦੀ ਨਾਲ ਵਿਆਹ ਹੋਣ ਤੋਂ ਪਹਿਲਾਂ

ਹੀ ਇਹ ਵਿਆਹ ਟੁੱਟ ਗਿਆ। ਤੇ ਉਲਟਾ ਕੁੜੀ ਪਰਿਵਾਰ ਨੇ ਲੜਕਾ ਪਰਿਵਾਰ ਤੇ ਦੋਸ਼ ਲਗਾ ਕੇ, ਝੂਠ ਦੀ ਬੁਨਿਆਦ ਤੇ ਮੰਗਣੀ ਤੇ ਹੋਏ ਖਰਚ ਅਤੇ ਗਹਿਣੇ ਸਮੇਤ ਹੋਰ ਵੀ ਕਾਫੀ ਪੈਸਾ ਲੈ ਕੇ ਰਾਜੀਨਾਵਾਂ ਕੀਤਾ। ਇਸ ਉਲਝਣ ਤੋਂ ਵਿਹਲਾ ਹੋ ਕੇ ਰੋਜ਼ਦੀਪ ਨੇ ਆਪਣੇ ਕੰਮ ਕਾਰ ਵੱਲ ਧਿਆਨ ਦੇਣਾ ਸ਼ੁਰੂ ਕਰ ਦਿੱਤਾ। ਇਹਨਾਂ ਦਿਨਾਂ ਵਿੱਚ ਹੀ ਫੁਰਸਤ ਦੇ ਪਲਾਂ ਵਿੱਚ ਆਪਣੀ ਸੋਸ਼ਲ ਸਾਈਟ ਔਰਕੁਟ ਤੇ ਆਪਣੀ ਆਈ.ਡੀ. ਰੀ-ਐਕਟੀਵੇਟ ਕੀਤੀ। ਦੋ-ਚਾਰ ਫ੍ਰੈਂਡ ਲਿਸਟ ਵਿੱਚ ਸ਼ਾਮਿਲ ਦੋਸਤਾਂ ਦੀਆਂ ਪ੍ਰੋਫਾਈਲਸ ਦੇਖ ਕੇ ਆਈ.ਡੀ ਬੰਦ ਕਰ ਦਿੱਤੀ ਅਤੇ ਗਰਾਊਂਡ ਵਿੱਚ ਰਾਊਂਡ ਦੇਣ ਲਈ ਚਲਿਆ ਗਿਆ। ਅਗਲੇ ਦਿਨ ਆਫਿਸ ਆ ਕੇ ਉਸਨੇ ਕੰਮ ਕਾਰ ਤੋਂ ਵਿਹਲੇ ਹੋ ਕੇ ਮੁੜ ਆਪਣਾ ਆਰਕੁੱਟ ਅਕਾਊਂਟ ਚੈੱਕ ਕੀਤਾ ਤਾਂ ਇੱਕ ਸੋਫੀਆ ਨਾਮ ਦੇ ਲੜਕੀ ਦੀ ਦੋਸਤ ਸੂਚੀ ਵਿੱਚ ਸ਼ਾਮਿਲ ਕਰਨ ਲਈ (Request) ਬੇਨਤੀ ਆਈ ਹੋਈ ਸੀ। ਉਸਦੀ ਆਈ.ਡੀ ਤੇ ਸਰਸਰੀ ਨਜ਼ਰ ਮਾਰਨ ਤੋਂ ਬਾਅਦ ਅਕਸੈੱਪਟ ਕਰ ਲਈ। ਇਹ ਸ਼ਾਇਦ ਸਤੰਬਰ 2009 ਦੀ ਗੱਲ ਸੀ।

ਸੋਫੀਆ ਦਾ ਮੈਸੇਜ ਆਇਆ। ਫਿਰ ਹੈਲੋ, ਹਾਏ, ਹਾਓ ਆਰ ਯੂ' ਤੋਂ ਗੱਲ ਸ਼ੁਰੂ ਹੋ ਕੇ ਕੁੱਝ ਦਿਨਾਂ ਵਿੱਚ ਹੀ ਇੱਕ ਦੂਜੇ ਦੀ ਪਸੰਦ, ਨਾ-ਪਸੰਦ ਤੱਕ ਪੁੱਜ ਗਈ। ਲਗਭਗ ਦੋਹਾਂ ਨੂੰ ਚਾਟਿੰਗ ਕਰਦਿਆਂ ਇੱਕ ਮਹੀਨੇ ਤੋਂ ਵੱਧ ਸਮਾਂ ਬੀਤ ਗਿਆ ਕਿ ਇੱਕ ਦਿਨ ਸੋਫੀਆ ਨੇ ਰੋਜ਼ਦੀਪ ਨੂੰ ਬੜਾ ਅਜੀਬ ਸਵਾਲ ਪੁੱਛਿਆ, 'ਤੁਸੀਂ ਸੱਚੀ ਕੋਈ ਲੜਕੇ ਹੀ ਹੋ, ਜੋ ਮੇਰੇ ਨਾਲ ਇੱਕ ਮਹੀਨੇ ਤੋਂ ਗੱਲ ਕਰ ਰਹੇ ਹੋ? ਕਿਤੇ ਤੁਸੀਂ ਕੋਈ ਲੜਕੀ ਤਾਂ ਨਹੀਂ, ਜੋ ਫੇਕ ਅਕਾਊਂਟ ਬਣਾ ਕੇ ਮੇਰੇ ਨਾਲ ਚਾਟਿੰਗ ਕਰ ਰਹੇ ਹੋ?

ਰੋਜ਼ਦੀਪ ਨੇ ਹੈਰਾਨ ਹੋ ਕੇ ਪੁਛਿਆ, ਇਹ ਕਿੱਦਾਂ ਦਾ ਸਵਾਲ ਹੋਇਆ ਮੈਡਮ ਸਾਹਿਬਾ? (ਰੋਜ਼ਦੀਪ ਪਿਆਰ ਨਾਲ ਸੋਫੀਆ ਨੂੰ ਮੈਡਮ ਸਾਹਿਬਾ ਕਹਿ ਕੇ ਬੁਲਾਉਂਦਾ ਸੀ)

ਉਹ ਕਹਿਣ ਲੱਗੀ, ਇੱਕ ਮਹੀਨੇ ਤੋਂ ਸਾਡੀ ਦੋਸਤੀ ਵਿੱਚ ਬਹੁਤ ਨਜ਼ਦੀਕੀਆਂ ਆਈਆਂ ਹਨ, ਅਸੀਂ ਇੱਕ ਦੂਜੇ ਦੀ ਪਸੰਦ, ਨਾ-ਪਸੰਦ ਅਤੇ ਹੋਰ ਬਹੁਤ ਵਿਸ਼ਿਆਂ ਤੇ ਗੱਲਬਾਤ ਕੀਤੀ ਹੈ। ਸਾਡੀ ਸੋਚ ਵਿੱਚ, ਸਮਝ ਵਿੱਚ, ਸੁਭਾਅ ਵਿੱਚ ਬਹੁਤ ਸਾਰੀਆਂ ਗੱਲਾਂ ਇੱਕ ਦੂਜੇ ਨਾਲ ਮਿਲਦੀਆਂ ਹਨ। ਇੱਕ ਦੂਜੇ ਨਾਲ ਚਾਟਿੰਗ ਤੋਂ ਬਿਨ੍ਹਾਂ ਚੰਗਾ ਨਹੀਂ ਲੱਗਦਾ, ਪਰ ਇਸ ਦੌਰਾਨ ਅੱਜ ਤੱਕ ਤੁਸੀਂ ਮੇਰੇ ਕੋਲੋਂ ਮੇਰਾ ਮੋਬਾਇਲ ਨੰ., ਜਾਂ ਮੈਨੂੰ ਮੇਰੀ ਫੋਟੋ ਦਿਖਾਉਣ ਲਈ ਨਹੀਂ ਕਿਹਾ, ਇਹ ਕਿਉਂ?





ਜਦਕਿ ਹੋਰ ਲੜਕੇ ਤਾਂ ਇੱਕ ਦਿਨ ਗੱਲ ਕਰੋ ਦੂਜੇ ਦਿਨ ਮੋਬਾਇਲ ਨੰ. ਤੇ ਫਿਰ ਫੋਟੋ ਦਿਖਾਉਣ ਲਈ ਜ਼ੋਰ ਪਾਉਣ ਲੱਗ ਜਾਂਦੇ ਹਨ। ਪਰ ਤੁਸੀਂ ਇੱਕ ਵਾਰ ਵੀ ਅਜਿਹਾ ਨਹੀਂ ਕਿਹਾ, ਨਾ ਹੀ ਹੈਂਡਫੋਨ ਤੇ ਗੱਲ ਕਰਨ ਨੂੰ, ਨਾ ਵੈੱਬ-ਕੈਮ, ਨਾ ਫੋਟੋ ਲਈ ਤੇ ਨਾ ਮੋਬਾਇਲ ਨੰ. ਲਈ?'

ਰੋਜ਼ਦੀਪ ਕਹਿਣ ਲੱਗਾ, ਮੈਡਮ ਸਾਹਿਬਾ! ਇਹਨਾਂ ਚੀਜ਼ਾਂ ਦੀ ਲੋੜ ਤਾਂ ਉਹਨਾਂ ਨੂੰ ਪੈਂਦੀ ਹੈ, ਜਿਨ੍ਹਾਂ ਨੇ ਸ਼ਕਲ ਸੂਰਤ ਦੇਖ ਕੇ ਦੋਸਤੀ ਅੱਗੇ ਵਧਾਉਣੀ ਹੋਵੇ, ਫ਼ਲਰਟ ਕਰਨਾ ਹੋਵੇ ਜਾਂ ਫਿਰ ਜਿਸਮਾਨੀ ਪੂਰਤੀ ਲਈ ਕਿਸੇ ਨੂੰ ਫਸਾਉਣ ਤੋਂ ਪਹਿਲਾਂ ਉਸਦਾ ਹੁਸਨ ਤੱਕਣਾ ਹੋਵੇ। ਤੂੰ ਮੇਰੀ ਇੰਟਰਨੈੱਟ ਤੇ ਦੋਸਤ ਹੈਂ, ਤੇਰੇ ਨਾਲ ਮੇਰਾ ਸੁਭਾਅ, ਮੇਰੀ ਸੋਚ ਲੱਗਭਗ 80 ਫੀਸਦੀ ਤੋਂ ਵੀ ਵੱਧ ਮਿਲਦੀ ਹੈ। ਇਹ ਇੱਕ ਚੰਗੀ ਗੱਲ ਹੈ, ਮੈਂ ਖੁਸ਼ ਹਾਂ ਕਿ ਮੈਨੂੰ ਬਹੁਤ ਚੰਗੀ ਦੋਸਤ ਮਿਲੀ ਹੈ, ਜੋ ਮੇਰੇ ਨਾਲ ਟਾਈਮ ਕੱਢ ਕੇ ਰੋਜ਼ ਚਾਟਿੰਗ ਰਾਹੀਂ ਗੱਲ ਕਰਦੀ ਹੈ। ਤੁਹਾਡਾ ਵਿਅਕਤੀਤਵ, ਤੁਹਾਡਾ ਹੁਸਨ ਅਤੇ ਤੁਹਾਡੀ ਖੂਬਸੂਰਤੀ ਨੂੰ ਤੁਹਾਡੀਆਂ ਗੱਲਾਂ-ਬਾਤਾਂ, ਤੁਹਾਡੀ ਚੰਗੀ ਨਰੋਈ ਸੋਚ ਵਿੱਚੋਂ ਮੈਂ ਦੇਖ ਲਿਆ ਹੈ, ਮਿੱਟੀ ਦੇ ਸਰੀਰ ਨੂੰ ਤੱਕਣ ਨਾਲ ਕੁੱਝ ਨਹੀਂ ਹੁੰਦਾ, ਸੂਰਤ ਦਾ ਨਹੀਂ ਮੁੱਲ ਸੀਰਤ ਦਾ ਪੈਂਦਾ ਹੈ। ਸੀਰਤ ਸੋਹਣੀ ਹੋਣੀ ਚਾਹੀਦੀ ਹੈ ਸੂਰਤ ਆਪੇ ਸੋਹਣੀ ਹੋ ਜਾਂਦੀ ਹੈ।

ਰੋਜ਼ਦੀਪ ਦੀਆਂ ਇਹ ਗੱਲਾਂ ਸੋਫੀਆ ਦੇ ਦਿਲ ਤੇ ਡੂੰਘਾ ਅਸਰ ਕਰ ਗਈਆਂ। ਹੁਣ ਚਾਟਿੰਗ ਰਾਹੀਂ ਇੱਕ ਦੂਜੇ ਦੀ ਨਿੱਜੀ ਜਿੰਦਗੀ ਨੂੰ ਕਾਫੀ ਹੱਦ ਤੱਕ ਦੋਵੇਂ ਜਾਣੇ ਸਮਝ ਚੁੱਕੇ ਸੀ।

ਦੀਵਾਲੀ ਨਵੰਬਰ ਮਹੀਨੇ ਆਉਣ ਵਾਲੀ ਸੀ। ਚਾਟਿੰਗ ਕਰਦਿਆਂ ਸੋਫੀਆ ਨੇ ਕਿਹਾ, ਇਸ ਵਾਰ ਦਿਵਾਲੀ ਤੇ ਕਿਉਂ ਨਾ ਅਸੀਂ ਇੱਕ ਦੂਜੇ ਨੂੰ ਕੋਈ ਤੋਹਫਾ ਦੇਈਏ, ਮੈਂ ਤੁਹਾਨੂੰ ਕਾਲ ਕਰਕੇ ਦੀਵਾਲੀ ਦੀ ਮੁਬਾਰਕਬਾਦ ਦੇਵਾਂਗੀ। ਨਾਲੇ ਸਾਡੀ ਪਹਿਲੀ ਵਾਰ ਫੋਨ ਤੇ ਇੱਕ ਦੂਜੇ ਨਾਲ ਗੱਲ ਹੋ ਜਾਵੇਗੀ ਅਤੇ ਇੱਕ ਦੂਜੇ ਦੀ ਆਵਾਜ਼ ਵੀ ਸੁਣ ਸਕਾਂਗੇ। ਰੋਜ਼ਦੀਪ ਨੇ ਵੀ ਹਾਂ ਕਰ ਦਿੱਤੀ ਤਾਂ ਸੋਫੀਆ ਨੇ ਆਪਣਾ ਨੰ. ਉਸਨੂੰ ਸੈਂਡ ਕਰ ਦਿੱਤਾ ਅਤੇ ਰੋਜ਼ ਨੇ ਸੋਫੀਆ ਨੂੰ। ਦੀਵਾਲੀ ਆਈ ਤਾਂ ਦੋਹਾਂ ਨੇ ਸ਼ਾਮ ਪੈਣ ਤੇ ਇੱਕ ਦੂਜੇ ਨਾਲ ਖੂਬ ਲੰਬੀ ਚੌੜੀ ਗੱਲਬਾਤ ਕੀਤੀ। ਇੱਕ ਦੂਜੇ ਨਾਲ ਹੋਈ ਪਹਿਲੀ ਵਾਰ ਇਸ ਗੱਲਬਾਤ ਨੇ ਇੱਕ ਦੂਜੇ ਨੂੰ ਹੋਰ ਵੀ ਕਰੀਬ ਲੈ ਆਂਦਾ।

ਇੱਕ ਹਫਤਾ ਗੁਜ਼ਰਿਆ ਤਾਂ ਸੋਫੀਆ ਨੇ ਕਿਹਾ , ਕੀ ਤੁਸੀਂ ਮੈਨੂੰ ਆਪਣੀ ਫੋਟੋ ਸੈਂਡ ਕਰੋਗੇ ਮੈਂ ਤੁਹਾਨੂੰ ਦੇਖਣਾ ਚਾਹੁੰਦੀ ਹਾਂ, ਚਾਹੁੰਦੀ ਤਾਂ ਮੈਂ ਇਹ ਵੀ ਹਾਂ ਕਿ

ਜਲਦੀ ਹੀ ਤੁਹਾਨੂੰ ਮਿਲਾਂ ਅਤੇ ਤੁਹਾਡੇ ਸਾਹਮਣੇ ਬੈਠ ਕੇ ਢੇਰ ਸਾਰੀਆਂ ਗੱਲਾਂ ਕਰਾਂ, ਪਰ ਅਜੇ ਟਾਈਮ ਨਹੀਂ ਲੱਗ ਰਿਹਾ, ਪਰ ਤੁਸੀਂ ਮੈਨੂੰ ਆਪਣੀ ਫੋਟੋ ਜ਼ਰੂਰ ਭੇਜੋ ਮੇਰੀ ਈ-ਮੇਲ ਤੇ, ਤਾਂ ਕਿ ਮੈਂ ਤੁਹਾਨੂੰ ਦੇਖ ਸਕਾਂ ਅਤੇ ਮੈਂ ਆਪਣੀ ਫੋਟੋ ਸੈਂਡ ਕਰ ਦਿੱਤੀ ਹੈ ।

ਜਦ ਦੋਹਾਂ ਨੇ ਇੱਕ ਦੂਜੇ ਦੀਆਂ ਤਸਵੀਰਾਂ ਦੇਖੀਆਂ ਦਾ ਇਹ ਤਸਵੀਰਾਂ ਦੋਹਾਂ ਲਈ ਹੈਰਾਨੀ ਵਾਲੀ ਗੱਲ ਇਹ ਹੋਈ ਕਿ ਜੋ-ਜੋ ਕਲਪਨਾ ਇੱਕ ਦੂਜੇ ਬਾਰੇ ਕੀਤੀ ਹੋਈ ਸੀ, ਜੋ-ਜੋ ਸੁਪਨੇ ਦੇਖ ਕੇ ਆਪਣੇ ਸੁਪਨਿਆਂ ਦੇ ਰਾਜਕੁਮਾਰ ਅਤੇ ਰਾਜਕੁਮਾਰੀ ਦੀ ਕਲਪਨਾ ਨਿੱਜੀ ਤੌਰ ਤੇ ਆਪਣੀ ਜਿੰਦਗੀ ਵਿੱਚ ਦੋਹਾਂ ਕੀਤੀ ਹੋਈ ਸੀ, ਅੱਜ ਉਹ ਕਲਪਨਾ ਇਸ ਦੁਨੀਆ ਵਿੱਚ ਜਿਉਂਦੇ ਜਾਗਦੇ ਹਕੀਕਤ ਹੋ ਨਿਬੜੀ ਸੀ।

ਰੋਜ਼ਦੀਪ ਤਾਂ ਮੈਡਮ ਸਾਹਿਬਾ ਦੀ ਤਸਵੀਰ ਦੇਖ ਕੇ ਹੈਰਾਨ ਹੋ ਗਿਆ, ਉਸਨੇ ਘੁੱਟ ਕੇ ਕੁੱਝ ਦੇਰ ਲਈ ਆਪਣੀਆਂ ਅੱਖਾਂ ਮੀਚ ਲਈਆਂ, ਤਾਂ ਉਹੀ ਚਿਹਰਾ ਹੂ-ਬ-ਹੂ ਅੱਖਾਂ ਵਿੱਚ ਦਿੱਸਣ ਲੱਗਾ ਜਿਹੜਾ ਉਹ ਪਿਛਲੇ ਲੰਬੇ ਸਮੇਂ ਤੋਂ ਬੰਦ ਅੱਖਾਂ ਨਾਲ ਦੇਖਦਾ ਆ ਰਿਹਾ ਸੀ ਤੇ ਪਹਿਲੀ ਵਾਰ ਕੁੱਝ ਦੇਰ ਪਹਿਲਾਂ ਹੀ ਕੰਪਿਊਟਰ ਤੇ ਮੈਡਮ ਸਾਹਿਬਾ ਦਾ ਦੇਖਿਆ ਸੀ। ਦੂਜੇ ਪਾਸੇ ਸੋਫੀਆ ਇਸ ਗੱਲੋਂ ਹੈਰਾਨ ਸੀ ਕਿ ਰੋਜ਼ਦੀਪ ਦੀ ਇਹ ਤਸਵੀਰ ਤਾਂ ਉਸਨੇ ਅੱਜ ਤੋਂ 5 ਸਾਲ ਪਹਿਲਾਂ ਆਪਣੀ ਨਿੱਜੀ ਡਾਇਰੀ ਦੇ ਇੱਕ ਸਫੇ ਤੇ ਡਰਾਅ ਕੀਤੀ ਸੀ। ਇਕਦਮ ਉਸਨੇ ਰੋਜ਼ ਦੇ ਨੰਬਰ ਤੇ ਫੋਨ ਲਗਾ ਦਿੱਤਾ ਪਰ ਨੰਬਰ ਬਿਜ਼ੀ ਆਉਣ ਲੱਗ ਪਿਆ, ਕਿਉਂਕਿ ਦੂਜੇ ਪਾਸਿਉਂ ਰੋਜ਼ਦੀਪ, ਸੋਫੀਆ ਨੂੰ ਕਾਲ ਕਰ ਰਿਹਾ ਸੀ ਤੇ ਇੰਝ ਦੋਹਾਂ ਨੂੰ ਇੱਕ ਦੂਜੇ ਦਾ ਨੰਬਰ ਵਿਅਸਥ ਆ ਰਿਹਾ ਸੀ।

ਦੋਹਾਂ ਨੇ ਇਹ ਗੱਲ ਇੱਕ ਦੂਜੇ ਨਾਲ ਸ਼ੇਅਰ ਨਾ ਕੀਤੀ। ਪਰ 25 ਦਸੰਬਰ 2009 ਦੀ ਰਾਤ ਨੂੰ ਮੈਸਜ ਚਾਟ ਰਾਹੀਂ ਗੱਲ ਕਰਦਿਆ ਸੋਫੀਆ ਨੇ ਰੋਜ਼ਦੀਪ ਨੂੰ ਮੁੜ ਇੱਕ ਸਵਾਲ ਕੀਤਾ, 'ਰੋਜ਼ ਡੂ ਯੂ ਲਵ ਮੀ?' ਸੱਚੀਂ ਰੋਜ਼ ਤੁਸੀਂ ਉਹੀ ਹੋ ਜਿਸ ਨੂੰ ਮੈਂ ਕਈ ਸਾਲਾਂ ਤੋਂ ਚਾਹ ਰਹੀਂ ਹਾਂ, ਜਿਸ ਨੂੰ ਸੁਪਨਿਆ ਵਿੱਚ ਤੱਕਿਆ, ਜਿਸ ਨੂੰ ਦਿਲ ਦਾ ਮੀਤ ਤਾਂ ਮੈਂ, ਤੁਹਾਡੇ ਨਾਲ ਮੇਲ ਹੋਣ ਤੋਂ ਪਹਿਲਾਂ ਹੀ ਬਣਾ ਚੁੱਕੀ ਸਾਂ।

ਸਵਾਲ ਦੇ ਜੁਆਬ ਵਿੱਚ ਰੋਜ਼ ਨੇ ਕਿਹਾ, ਬਿਲਕੁੱਲ ਅਜਿਹਾ ਸੱਚ ਹੀ ਮੇਰੀ ਜਿੰਦਗੀ ਵਿੱਚ ਵੀ ਹੈ, ਮੈਂ ਤੁਹਾਡੀ ਤਸਵੀਰ ਦੇਖਣ ਤੋਂ ਪਹਿਲਾਂ ਕਈ ਵਾਰ ਤੁਹਾਨੂੰ ਇਸ਼ਕ ਦੇ ਪਾਗਲਪਣ ਵਿੱਚ ਮਿਲ ਵੀ ਚੁੱਕਿਆ ਹਾਂ। ਰੋਜ਼ਦੀਪ ਨੇ ਵੀ ਜੁਆਬ ਹਾਂ





ਵਿੱਚ ਦਿੱਤੀ ਤੇ ਕਿਹਾ, 'ਯੈੱਸ, ਆਈ ਲਵ ਯੂ? ਐਂਡ ਯੂ?

ਆਈ ਲਵ ਯੂ ਟੂ ਰੋਜ਼, ਪਲੀਜ਼ ਮੈਨੂੰ ਜਲਦੀ ਮਿਲੋ, ਹੁਣ ਹੋਰ ਦੂਰੀ ਸਹੀ ਨਹੀਂ ਜਾਣੀ ਮੇਰੇ ਤੋਂ। ਪਲੀਜ਼

ਹਾਂ! ਮੈਡਮ ਸਾਹਿਬਾ, ਜਲਦੀ ਮਿਲਾਂਗੇ, ਵੱਸ ਵਿੱਚ ਹੁੰਦਾ ਤਾਂ ਇੱਕ ਪਲ ਵਿੱਚ ਤੁਹਾਡੇ ਕੋਲ ਹੁੰਦਾ। ਮੈਡਮ ਸਾਹਿਬਾ, ਬਿਲਕੁੱਲ ਵੀ ਯਕੀਨ ਨਹੀਂ ਹੁੰਦਾ ਕਿ ਸੁਪਨੇ ਹਕੀਕਤ ਬਣ ਸਕਦੇ ਹਨ, ਉਹ ਵੀ ਬਿਨ੍ਹਾਂ ਮਿਹਨਤ ਕੀਤਿਆਂ ਜਾਂ ਬਿਨ੍ਹਾਂ ਕੁੱਝ ਗੁਆਂਇਆਂ, ਰੱਬ ਨੇ ਸਾਡਾ ਮੇਲ ਕਰਵਾ ਕੇ ਸਾਬਤ ਕਰ ਦਿੱਤਾ, ਕਿ ਰੱਬ ਨੇ ਸਾਨੂੰ ਦੋਹਾਂ ਨੂੰ ਇੱਕੋ ਸੱਚੇ ਵਿੱਚ ਢਾਲਿਆ ਹੈ, ਇੱਕ ਰੂਹ ਤੇ ਦੋ ਸਰੀਰ।

ਹਾਂ! ਰੋਜ਼ਦੀਪ, ਰੱਬ ਨੇ ਤਾਂ ਸਾਨੂੰ ਇੱਕ ਦੂਜੇ ਦੀ ਪਹਿਚਾਣ ਕਰਵਾ ਦਿੱਤੀ, ਪਰ ਕੀ ਇਹ ਸਮਾਜ, ਇਹ ਦੁਨੀਆ, ਸਾਡੇ ਪਰਿਵਾਰ ਵਾਲੇ ਇਹ ਸੱਭ ਸਮਝ ਲੈਣਗੇ?

ਪਤਾ ਨਹੀਂ ਮੈਡਮ ਸਾਹਿਬਾ! ਪਰ ਮੈਂ ਤਾਂ ਵੱਖ ਰਹਿ ਕੇ ਜਿਊਣ ਨਾਲੋਂ ਮੌਤ ਪ੍ਰਵਾਨ ਕਰਨਾ ਚਾਹੁੰਗਾ। ਇਸੇ ਤਰ੍ਹਾਂ ਦੋਹਾਂ ਨੇ ਗੱਲਾਂ ਕਰਦਿਆਂ ਰਾਤ ਮੁਕਾ ਲਈ। ਹਰ ਆਏ ਦਿਨ ਇੱਕ ਦੂਜੇ ਨੂੰ ਮਿਲਣ ਦੀ ਤਾਂਘ ਇੰਨੀ ਕੁ ਬਹਿਬਲ ਸੀ ਜਿਵੇਂ ਪਤੰਗਾ, ਅੱਗ ਨਾਲ ਝੁਲਸਣ ਲਈ ਤਿਆਰ ਹੋ ਜਾਵੇ ਪਰ ਅੱਗ ਕਿਤੇ ਨਾ ਦਿੱਸੇ। ਦੂਜੇ ਪਾਸੇ ਮੈਡਮ ਸਾਹਿਬਾ ਦੀ ਹਾਲਤ ਐਸੀ ਸੀ, ਜਿਵੇਂ ਕਿਸੇ ਨੇ ਮਛਲੀ ਨੂੰ ਪਾਣੀ ਵਿੱਚੋਂ ਕੱਢ ਦਿੱਤਾ ਹੋਵੇ ਤੇ ਮੱਛਲੀ ਪਾਣੀ ਤੱਕ ਪੁੱਜਣ ਲਈ ਤੜਫ ਰਹੀ ਹੋਵੇ।

ਹੱਸਦਿਆਂ ਖੇਡਦਿਆਂ ਗੱਲਾਂ ਕਰਨ ਵਾਲੀਆਂ ਇਹ ਦੋ ਰੂਹਾਂ ਹੁਣ ਜੁਦਾਈ ਦੇ ਹੰਝੂਆਂ ਵਿੱਚ ਦਿਨ ਬਤੀਤ ਕਰਨ ਲੱਗ ਪਏ। ਇੱਕ ਪਾਸੇ ਰੋਜ਼ਦੀਪ ਦੀਆਂ ਕੁੱਝ ਮਜਬੂਰੀਆਂ ਸਨ ਤੇ ਦੂਜੇ ਪਾਸੇ ਮੈਡਮ ਸਾਹਿਬਾ ਦੀਆਂ। ਇਸੇ ਤਰ੍ਹਾਂ ਛੇ ਮਹੀਨੇ ਤੇ ਫਿਰ ਸਾਲ ਬੀਤ ਗਿਆ ਤੇ ਅਗਲੀ 25 ਦਸੰਬਰ 2010 ਆ ਗਈ। ਪੂਰਾ ਸਾਲ ਹੋ ਗਿਆ ਸੀ। ਦੋਵੇਂ ਮਿਲ ਤੇ ਨਾ ਸਕੇ ਪਰ 24 ਘੰਟਿਆਂ ਵਿੱਚ 20 ਘੰਟੇ ਇੱਕ ਦੂਜੇ ਨਾਲ ਗੱਲਾਂ ਕਰਦੇ ਸਨ ਤੇ ਸਿਰਫ 4 ਘੰਟੇ ਸੌਂਦੇ ਸਨ।

ਹਫਤੇ ਕੁ ਬਾਅਦ ਸੋਫੀਆ ਦੇ ਘਰ ਇਸ ਗੱਲ ਦਾ ਪਤਾ ਲੱਗ ਗਿਆ ਕਿ ਇਹ ਕਿਸੇ ਲੜਕੇ ਨਾਲ ਗੱਲ ਕਰਦੀ ਹੈ, ਉਸ ਕੋਲੋਂ ਮੋਬਾਇਲ ਖੋਹ ਲਿਆ ਗਿਆ। ਜਦੋਂ ਦਾ ਦੋਹਾਂ ਵਿੱਚ ਰਿਸ਼ਤਾ ਜੁੜਿਆ ਸੀ ਇਹ ਪਹਿਲੀ ਵਾਰ ਹੋਇਆ ਸੀ ਕਿ ਇੱਕ ਹਫਤਾ ਬੀਤ ਗਿਆ ਦੋਹਾਂ ਨੇ ਗੱਲ ਨਾ ਕੀਤੀ।

ਸੋਫੀਆ ਦਾ ਸਰੀਰ ਰੋ ਰੋ ਕੇ ਅੱਧਾ ਰਹਿ ਗਿਆ ਸੀ ਤੇ ਦੂਜੇ ਪਾਸੇ

ਮੋਬਾਇਲ ਦੀ ਸਕਰੀਨ ਵੱਲ ਟਿਕਟਿਕੀ ਲਗਾਈ ਬੈਠੇ ਰੋਜ਼ ਦੀਆਂ ਅੱਖਾਂ ਪੱਥਰਾ ਗਈਆਂ ਸਨ। ਤੇ ਇਹ ਉਸਦੀ ਜਿੰਦਗੀ ਦਾ ਉਹ ਹਫਤਾ ਸੀ ਕਿ ਉਹ ਇੱਕ ਪਲ ਲਈ ਵੀ ਸੌਂ ਨਹੀਂ ਸੀ ਪਾਇਆ। ਇੱਕ ਦਿਨ ਲੈਂਡਲਾਈਨ ਫੋਨ ਤੋਂ ਮੈਡਮ ਸਾਹਿਬਾ ਦੀ ਕਾਲ ਆਈ। ਬੱਸ ਇੰਨਾ ਹੀ ਕਹਿ ਸਕੀ ਮੈਨੂੰ ਲੈ ਜਾਉ ਰੋਜ਼ਦੀਪ, ਨਹੀਂ ਤਾਂ ਮੈਂ ਮਰ ਜਾਣਾ ਇੱਥੇ। ਰੋਜ਼ਦੀਪ ਨੇ ਮੈਂ ਜਲਦੀ ਆਵਾਂਗਾ ਅਜੇ ਕਿਹਾ ਹੀ ਸੀ ਕਿ ਦੂਜੇ ਪਾਸਿਉਂ ਫੋਨ ਕੱਟਿਆ ਗਿਆ, (ਸ਼ਾਇਦ ਕੋਈ ਕੋਲ ਆ ਗਿਆ ਹੋਵੇ)।

ਅਗਲੀ ਸਵੇਰੇ ਹੀ ਪੱਗ ਬੰਨ੍ਹ ਕੇ, ਆਪਣਾ ਬੈਗ ਪੈਕ ਕਰਕੇ ਤੇ ਕੁੱਝ ਰੁਪਏ ਨਗਦੀ ਲੈ ਕੇ ਜਦ ਰੋਜ਼ਦੀਪ ਘਰੋਂ ਨਿਕਲਣ ਲੱਗਾ ਤਾਂ ਉਸਦੇ ਪਾਪਾ (ਮਨਿੰਦਰ ਸਿੰਘ ਬਾਵਾ) ਨੇ ਅਵਾਜ਼ ਮਾਰੀ, ਓ ਪੁੱਤਰਾ ਕਿੱਥੇ ਚੱਲਿਆਂ, ਉਰੇ ਆ ਤੈਨੂੰ ਖੁਸ਼ੀ ਵਾਲੀ ਗੱਲ ਦੱਸਾਂ।

ਹਾਂਜੀ, ਪਾਪਾ ਜਲਦੀ ਦੱਸੋ, ਕੀ ਗੱਲ ਹੈ..?

ਬੇਟਾ ਬੱਸ ਪੰਜ ਮਿੰਟ ਠਹਿਰ, ਆਹ ਆਪਣੀ ਗਲੀ ਦੇ ਮੋੜ ਤੇ ਤੇਰੇ ਅੰਕਲ ਤੇ ਮੇਰੇ ਆੜੀ ਗੁਲਜ਼ਾਰ ਸਿੰਘ ਸੰਧੂ ਦੀ ਫੈਮਿਲੀ ਆ ਰਹੀ ਹੈ ਨਾਲ ਉਹਨਾਂ ਦੀ ਬੇਟੀ ਗੁਰਪ੍ਰੀਤ ਵੀ ਹੈ ਅੱਜ ਤੈਨੂੰ ਰੋਕ ਕੇ (ਸ਼ਗਨ ਲਗਾ ਕੇ) ਜਾਣਾ ਉਹਨਾਂ ਨੇ, ਅਸੀਂ ਤੈਨੂੰ ਤਾਂ ਨਹੀਂ ਦੱਸਿਆ ਕਿਉਂਕਿ ਤੂੰ ਗੁਰਪ੍ਰੀਤ ਨੂੰ ਚੰਗੀ ਤਰ੍ਹਾਂ ਜਾਣਦਾ ਹੈ ਤੇ ਉਹ ਵੀ ਤੈਨੂੰ। ਰਿਸ਼ਤਾ ਵੀ ਉਹਨਾਂ ਨੇ ਆਪ ਮੰਗਿਐ ਤੇ ਆਪਾਂ ਤੈਨੂੰ ਅੱਜ ਸਰਪ੍ਰਾਈਜ਼ ਦੇਣਾ ਸੀ।

ਪਰ ਪਾਪਾ, ਮੈਨੂੰ ਇੱਕ ਵਾਰ ਪੁੱਛ ਤਾਂ ਲੈਂਦੇ, ਨਾ ਤੁਸੀਂ ਪਿਛਲੀ ਵਾਰ ਪੁਛਿਆ ਸੀ ਤੇ ਨਾ ਹੁਣ, ਕੀ ਮੇਰੀ ਕੋਈ ਜਿੰਦਗੀ ਨਹੀਂ? ਮੈਂ ਅਜੇ ਨਹੀਂ ਕਰਵਾਉਣਾ ਵਿਆਹ। ਬੱਸ ਇਹੀ ਮੇਰਾ ਆਖਰੀ ਫੈਸਲਾ ਹੈ। ਰੋਜ਼ਦੀਪ ਨੇ ਕਿਹਾ।

'ਕਿਹੜੀ ਜਿੰਦਗੀ ਪੁੱਤ? ਬੱਚਿਆਂ ਦੀ ਜਿੰਦਗੀ ਤੇ ਪਹਿਲਾਂ ਹੱਕ ਮਾਂ-ਬਾਪ ਦਾ ਹੁੰਦਾ ਹੈ ਤੇ ਇਹ ਹੱਕ ਉਹਨਾਂ ਕੋਲੋਂ ਕੋਈ ਨਹੀਂ ਖੋਹ ਸਕਦਾ', ਮਨਿੰਦਰ ਸਿੰਘ ਬੋਲਿਆ ।

ਪਾਪਾ ਮੈਂ ਕੁੱਝ ਦਿਨ ਲਈ ਘਰੋਂ ਬਾਹਰ ਜਾ ਰਿਹਾ ਹਾਂ, ਇੱਥੇ ਰਿਹਾ ਤਾਂ ਪਾਗਲ ਕਰ ਦੇਵੋਗੇ ਮੈਨੂੰ, ਕਹਿੰਦਾ ਹੋਇਆ ਗੁੱਸੇ ਵਿੱਚ ਘਰੋਂ ਬਾਹਰ ਨਿਕਲ ਗਿਆ ਗੇਟ ਖੋਲ੍ਹਿਆ ਤਾਂ ਅੱਗੇ ਗੁਲਜ਼ਾਰ ਸਿੰਘ ਸੰਧੂ ਦੀ ਗੱਡੀ ਆ ਖੜ੍ਹੀ ਹੋਈ। ਇਸਤੋਂ ਪਹਿਲਾਂ ਕਿ ਗੱਡੀ ਵਿੱਚੋਂ ਕੋਈ ਉਤਰਦਾ, ਰੋਜ਼ਦੀਪ ਬਾਈਕ ਤੇ ਕਿੱਕ ਮਾਰ ਕੇ ਗਲੀ ਦੇ ਮੋੜ ਤੱਕ ਜਾ ਚੁੱਕਾ ਸੀ।

ਉੱਧਰ ਮਨਿੰਦਰ ਸਿੰਘ ਬਾਵਾ ਨੇ, ਗੁਲਜ਼ਾਰ ਸਿੰਘ ਨੂੰ ਮੂੰਹ ਦਿਖਾਉਣ ਜੋਗਾ





ਨਾ ਰਿਹਾ ਅਤੇ ਪੁੱਤਰ ਦੇ ਵਤੀਰੇ ਤੋਂ ਦੁਖੀ ਹੋ ਸਟੋਰ ਵਿੱਚ ਜਾ ਕੇ ਸਲਫਾਸ ਨਿਗਲ ਲਈ। ਘਰ ਵਿੱਚ ਚੀਕ-ਚਿਹਾੜਾ ਮੱਚ ਗਿਆ। ਤੁਰੰਤ ਸੰਧੂ ਸਾਹਿਬ ਦੀ ਗੱਡੀ ਵਿੱਚ ਪਾ ਕੇ ਹਸਪਤਾਲ ਲਿਜਾਇਆ ਗਿਆ। ਗੁਆਂਢ ਰਹਿੰਦੇ ਰੋਜ਼ ਦੇ ਦੋਸਤ ਉਸੇ ਵੇਲੇ ਰੋਜ਼ਦੀਪ ਨੂੰ ਟੈਕਸਟ ਮੈਸਜ ਕੀਤਾ, ਜਿਸ ਨੂੰ ਪੜ੍ਹ ਕੇ ਦੋਸਤ ਵੱਲੋਂ ਦੱਸੇ ਮੁਤਾਬਿਕ ਸਿੱਧਾ ਹਸਪਤਾਲ ਪੁੱਜਾ। ਜਾ ਕੇ ਦੇਖਿਆ ਸੰਧੂ ਪਰਿਵਾਰ ਅਤੇ ਬਾਵਾ ਪਰਿਵਾਰ ਇਸ ਤਰ੍ਹਾਂ ਇੱਕਠੇ ਬੈਠੇ ਸਨ ਜਿਵੇਂ ਕੋਈ ਬਹੁਤ ਪੁਰਾਣੀ ਅਤੇ ਪੱਕੀ ਰਿਸ਼ਤੇਦਾਰੀ ਹੋਵੇ।

ਰੋਜ਼ ਦੀ ਮਾਂ ਨੇ ਰੋਜ਼ਦੀਪ ਅੱਗੇ ਜਿੱਦ ਕੀਤੀ ਅਤੇ ਪ੍ਰੀਤ ਨਾਲ ਵਿਆਹ ਲਈ ਹਾਂ ਕਰ ਦੇਣ ਲਈ ਵਾਸਤੇ ਪਾਏ। ਪਿਉ ਨੂੰ ਇਸ ਹਾਲਤ ਵਿੱਚ ਦੇਖ ਕੇ ਰੋਜ਼ ਨੇ 'ਹਾਂ' ਕਰ ਦਿੱਤੀ। ਹਸਪਤਾਲ ਤੋਂ ਛੁੱਟੀ ਮਿਲਦੇ ਹੀ ਰੋਜ਼ਦੀਪ ਦਾ ਵਿਆਹ ਗੁਰਪ੍ਰੀਤ ਨਾਲ ਕਰ ਦਿੱਤਾ ਗਿਆ।

ਪਰ ਮੈਡਮ ਸਾਹਿਬਾ ਨੂੰ ਉਹ ਕਦੇ ਨਾ ਭੁੱਲ ਸਕਿਆ ਅਤੇ ਨਾ ਹੀ ਭੁੱਲ ਸਕੇਗਾ। ਹੁਣ ਪ੍ਰੀਤ ਨਾਲ ਉਸਦੀ ਜਿੰਦਗੀ ਚੱਲ ਤਾਂ ਰਹੀ ਹੈ, ਪਰ ਕਿਸੇ ਪਿਆਰ ਦੇ ਸਹਾਰੇ ਨਹੀਂ, ਸਿਰਫ ਹਮਦਰਦੀ ਦੇ ਸਹਾਰੇ। ਕਿਸੇ ਤਰ੍ਹਾਂ ਇਸ ਗੱਲ ਦੀ ਸੂਹ ਮੈਡਮ ਸਾਹਿਬਾ ਤੱਕ ਵੀ ਪੁੱਜ ਗਈ, ਸਿਰਫ ਇੱਕ ਵਾਰ ਫੋਨ ਕਰਕੇ ਰੋਜ਼ ਨੂੰ ਇੰਨਾ ਹੀ ਕਿਹਾ ਕਿ, ਜੋ ਵੀ ਹੋਇਆ ਚੰਗਾ ਹੋਇਆ, ਹੁਣ ਤੁਸੀਂ ਆਪਣੀ ਜਿੰਦਗੀ ਪ੍ਰੀਤ ਨਾਲ ਸ਼ੁਰੂ ਕਰੋ ।

ਰੋਜ਼ ਨੇ ਕਿਹਾ ਅਜੇ ਤੱਕ ਅਸੀਂ ਇੱਕ ਦੂਜੇ ਨਾਲ ਜਿਸਮਾਨੀ ਸਬੰਧ ਨਹੀਂ ਬਣਾਏ, ਪਲੀਜ਼ ਮੇਰਾ ਵਿਸ਼ਵਾਸ਼ ਕਰ, ਮੈਂ ਅੱਜ ਵੀ ਤੇਰਾ ਹਾਂ ।

ਹੁਣ ਬਹੁਤ ਦੇਰ ਹੋ ਚੁੱਕੀ ਹੈ, ਰੋਜ਼। ਮੈਨੂੰ ਭੁੱਲ ਜਾਉ ।

ਇੰਨਾ ਕਹਿ ਕੇ ਸੋਫੀਆ ਨੇ ਫੋਨ ਕੱਟ ਦਿੱਤਾ ਤੇ ਮੋਬਾਇਲ ਵਿੱਚ ਸਿੱਮ ਕੱਢ ਕੇ ਤੋੜ ਦਿੱਤੀ, ਆਰਕੁਟ ਅਕਾਉਂਟ ਡੀ-ਐਕਟੀਵੇਟ ਕਰ ਦਿੱਤਾ ।

ਪਰ ਅੱਜ ਕਈ ਸਾਲ ਬੀਤਣ ਤੋਂ ਬਾਅਦ ਵੀ ਰੋਜ਼ਦੀਪ ਨੇ ਦਿਮਾਗ ਵਿੱਚ ਇੱਕ ਹੀ ਯਾਦ ਹੈ, ਇੱਕ ਹੀ ਆਸ ਹੈ, ਇੱਕ ਹੀ ਉਮੀਦ ਹੈ, ਤੇ ਉਹ ਹੈ 'ਮੈਡਮ ਸਾਹਿਬਾ।'



ਮੈਨੂੰ ਕਮਰੇ ਵਿੱਚ ਬੰਦ ਕਰ ਦਿੱਤਾ ਤੇ ਤਿੰਨ ਦਿਨ ਭੁੱਖਾ ਰੱਖਿਆ। ਅਖਿਰ ਮੈਂ ਹਾਰ ਮੰਨ ਲਈ ਅਤੇ ਸਮਝੌਤਾ ਕੀਤਾ ਕਿ ਕਦੇ ਵੀ ਨਵਪ੍ਰੀਤ ਨੂੰ ਨਹੀਂ ਮਿਲਾਂਗੀ, ਜਿੱਥੇ ਕਹੋਗੇ ਤੁਰ ਜਾਵਾਂਗੀ। ਇੱਕ ਦਿਨ ਮੈਨੂੰ ਨਵਪ੍ਰੀਤ ਦਾ ਫੋਨ ਆਇਆ, ਉਹ ਵੀ ਇਹ ਸੱਭ ਕੁੱਝ ਸੁਣ ਕੇ ਬਹੁਤ ਨਿਰਾਸ਼ ਹੋਇਆ ਤੇ ਸਿਰਫ ਇੱਕ ਵਾਰ ਮੈਨੂੰ ਮਿਲਣ ਲਈ ਮੇਰੇ ਅੱਗੇ ਤਰਲੇ ਕਰਨ ਲੱਗਾ। ਉਸ ਰਾਤ ਘਰ ਵੀ ਕੋਈ ਨਹੀਂ ਸੀ ਅਤੇ ਜਗੂ ਕਿਆਂ ਦੇ ਘਰ ਵਿਆਹ ਸੀ।





# ਡਬਲ ਸਟੈਂਡਰਡ

ਕਰਤਾਰੇ ਦੀਆਂ ਦੋ ਧੀਆਂ ਮਨਮੀਤ ਤੇ ਗੁਰਰੀਤ ਅਤੇ ਇੱਕ ਪੁੱਤਰ ਸਮਸ਼ੇਰ ਸਿੰਘ ਸੀ। ਆਪਣੇ ਸਾਰੇ ਧੀਆਂ ਪੁੱਤਰਾਂ ਨੂੰ ਉਸਨੇ ਬੜੇ ਪਿਆਰ ਅਤੇ ਲਾਡ ਨਾਲ ਪਾਲਿਆ-ਪੋਸਿਆ ਅਤੇ ਪੜ੍ਹਾਇਆ ਲਿਖਾਇਆ। ਕਾਲਜ ਟਾਈਮ ਦੌਰਾਨ ਸਮਸ਼ੇਰ ਨੇ ਆਪਣੇ ਨਾਲ ਹੀ ਪੜ੍ਹਾਈ ਕਰਦੀ ਇੱਕ ਲੜਕੀ ਨਵਨੀਤ ਨੂੰ ਆਪਣੇ ਜੀਵਣ ਸਾਥਣ ਵੱਜੋਂ ਚੁਣ ਲਿਆ। ਭਾਵੇਂ ਕਿ ਸਮਸ਼ੇਰ ਨੂੰ ਪਤਾ ਸੀ ਕਿ ਲੜਕੀ ਦੇ ਪਰਿਵਾਰ ਵਾਲੇ ਛੇਤੀ ਮੰਨਣ ਵਾਲੇ ਨਹੀਂ ਅਤੇ ਉਸਦੇ ਬਾਪ ਨੇ ਵੀ ਨਹੀਂ ਮੰਨਣਾ ਪਰ ਫਿਰ ਵੀ ਉਹ ਆਪਣੀ ਜ਼ਿੱਦ ਤੇ ਅੜਿਆ ਰਿਹਾ ਅਤੇ ਨਵਨੀਤ ਨਾਲ ਵਿਆਹ ਕਰਵਾਉਣ ਲਈ ਕੋਈ ਨਾ ਕੋਈ ਸਕੀਮ ਲਗਾਉਂਦਾ ਰਹਿੰਦਾ।

ਇੱਕ ਦਿਨ ਉਸਨੇ ਆਪਣੇ ਬਾਪ ਕਰਤਾਰ ਸਿੰਘ ਨਾਲ ਇਸ ਬਾਰੇ ਗੱਲਬਾਤ ਕੀਤੀ, ਕਰਤਾਰ ਪਹਿਲਾਂ ਤਾਂ ਜ਼ਰਾ ਨਰਾਜ਼ ਜਿਹਾ ਹੋ ਗਿਆ, ਪਰ ਫਿਰ ਵੀ ਸਮਸ਼ੇਰ ਦੀ ਮਾਂ ਵੱਲੋਂ ਹਾਂ ਕਹਿਣ ਤੇ ਉਹ ਵੀ ਰਾਜ਼ੀ ਹੋ ਗਿਆ। ਮਾਂ ਨੇ ਵੀ ਪੁੱਤ ਨੂੰ ਪੂਰੀ ਹੱਲ੍ਹਾ ਸ਼ੇਰੀ ਦਿੱਤੀ ਕਿ ਕੋਈ ਨਾ ਪੁੱਤ, ਅਸੀਂ ਕਿਹੜਾ ਕੋਈ ਗਲਤ ਕੰਮ ਕੀਤਾ, ਪਿਆਰ ਈ ਕੀਤਾ ਵਾ...।

ਫਿਕਰ ਨਾ ਕਰ ਇਸ ਘਰ ਦੀ ਨੂੰਹ ਤਾਂ ਹੁਣ ਨਵਨੀਤ ਹੀ ਬਣੂਗੀ ਭਾਵੇਂ ਕੱਢ ਕੇ ਕਿਉਂ ਨਾ ਲਿਆਉਣੀ ਪਵੇ, ਬੱਸ ਮਾਂ ਦੀਆਂ ਇਹਨਾਂ ਗੱਲਾਂ ਨੇ ਹੀ ਸਮਸ਼ੇਰ ਨੂੰ ਸਿਰੇ ਚੜ੍ਹਾ ਦਿੱਤਾ ਅਤੇ ਉਹ ਇਹ ਵੀ ਭੁੱਲ ਗਿਆ ਕਿ ਉਸਦੇ ਘਰ ਵਿੱਚ ਵੀ ਉਸਦੀਆਂ ਦੋ ਜਵਾਨ ਭੈਣਾਂ ਬੈਠੀਆ ਹੋਈਆਂ ਹਨ, ਜੇਕਰ ਉਹ ਇਸ ਤਰ੍ਹਾਂ ਦੀ ਕੋਈ ਵੀ ਪੁੱਠੀ-ਸਿੱਧੀ ਸੋਚ ਸੋਚਦਾ ਹੈ ਤਾਂ ਉਸਦਾ ਬੁਰਾ ਅਸਰ ਮਨਮੀਤ ਅਤੇ ਗੁਰਰੀਤ ਦੀ ਭਵਿੱਖੀ ਜਿੰਦਗੀ ਤੇ ਵੀ ਪੈ ਸਕਦਾ ਹੈ।

ਖੈਰ! ਸਮਾਂ ਬੀਤਿਆ ਤੇ ਕਾਫੀ ਲੜਾਈ-ਝਗੜੇ ਤੋਂ ਬਾਅਦ, ਰਾਜੀਨਾਵਿਆਂ ਵਿੱਚੋਂ ਹੁੰਦਾ ਹੋਇਆ ਦੋਹਾਂ ਪਰਿਵਾਰਾਂ ਦਾ ਮੇਲ ਹੋ ਗਿਆ ਅਤੇ ਸਮਸ਼ੇਰ ਸਿੰਘ ਦਾ ਵਿਆਹ, ਨਵਨੀਤ ਨਾਲ ਕਰ ਦਿੱਤਾ ਗਿਆ। ਸਮਾਂ ਬੀਤਿਆ ਤਾਂ ਘਰ ਵਿੱਚ ਖੁਸ਼ੀ ਵਾਲਾ ਮਾਹੌਲ ਬਣਿਆ ਰਿਹਾ ਅਤੇ ਸਾਰਾ ਪਰਿਵਾਰ ਬੜੀ ਸੋਹਣੀ

ਜਿੰਦਗੀ ਜਿਊਣ ਲੱਗ ਪਿਆ ਸੀ। ਸੱਭ ਕੁੱਝ ਬੜਾ ਵਧੀਆ ਚੱਲ ਰਿਹਾ ਸੀ, ਸਾਰੇ ਬਹੁਤ ਸੁੱਖੀ ਸਨ।

ਇੱਕ ਦਿਨ ਅਚਾਨਕ ਘਰ ਵਿੱਚ ਪੁਲਿਸ ਆਈ...

ਇੰਸਪੈਕਟਰ: ਕਰਤਾਰ ਤੇ ਸਮਸ਼ੇਰ ਸਿੰਘ ਕਿੱਥੇ ਨੇ, ਜਲਦੀ ਪੇਸ਼ ਕਰੋ।

ਕਰਤਾਰੇ ਦੀ ਘਰਵਾਲੀ ਬੋਲੀ: ਕੀ ਗੱਲ ਹੋ ਗਈ ਜੀ, ਉਹ ਘਰ ਨਹੀਂ ਹਨ ਖੇਤਾਂ ਨੂੰ ਪਾਣੀ ਲਾਉਣ ਗਏ ਹਨ ਅਤੇ ਕੁੱਝ ਦੇਰ ਤੱਕ ਆਉਣਗੇ, ਪਰ ਗੱਲ ਕੀ ਹੋਈ ਹੈ?

ਇੰਸਪੈਕਟਰ: ਦੋਵਾਂ ਦੇ ਖਿਲਾਫ ਪੁਲਿਸ ਕੋਲ ਸ਼ਿਕਾਇਤ ਪੁੱਜੀ ਹੈ ਅਤੇ ਗੁਪਤ ਕੀਤੀ ਗਈ ਕਾਰਵਾਈ ਤੋਂ ਸਾਬਤ ਹੁੰਦਾ ਹੈ ਕਿ ਇਹਨਾਂ ਦੋਵੇਂ ਪਿਉ ਪੁੱਤਾਂ ਨੇ ਨਾਲ ਦੇ ਪਿੰਡ ਦੇ ਸਰਪੰਚ ਜਾਗੀਰ ਸਿੰਘ ਨੇ ਪੁੱਤਰ ਦੀ ਹੱਤਿਆ ਕੀਤੀ ਹੈ। ਬਾਕੀ ਗੱਲ ਥਾਣੇ ਤੇ ਅਦਾਲਤ ਵਿੱਚ ਕੀਤੀ ਜਾਵੇਗੀ। ਜਲਦੀ ਪੇਸ਼ ਕਰੋ ਦੋਹਾਂ ਨੂੰ ਨਹੀਂ ਤਾਂ ਸਾਨੂੰ ਮਜਬੂਰੀ ਵੱਸ ਤੁਹਾਡੇ ਵਿੱਚੋਂ ਕਿਸੇ ਨੂੰ ਨਾਲ ਥਾਣੇ ਲਿਜਾਣਾ ਪਵੇਗਾ।

ਮਨਮੀਤ ਤੇ ਗੁਰਰੀਤ ਸੱਭ ਕੁੱਝ ਦਰਵਾਜ਼ੇ ਦੇ ਓਹਲੇ ਹੋ ਕੇ ਸੁਣ ਰਹੀਆਂ ਸਨ। ਪਿੰਡ ਵਿੱਚ ਪਹਿਲੀ ਵਾਰ ਹੋਇਆ ਸੀ ਕਿ ਕਰਤਾਰ ਤੇ ਘਰ ਪੁਲਿਸ ਆਈ ਹੋਵੇ ਤੇ ਮਾਮਲਾ ਵੀ ਹੱਤਿਆ ਦਾ ਹੋਵੇ। ਇਹ ਕਿੰਵ ਹੋ ਸਕਦਾ? ਕਿਉਂਜੁ ਇਸ ਪਰਿਵਾਰ ਦੀ ਜਿੰਨੀ ਇੱਜ਼ਤ ਸਾਰਾ ਪਿੰਡ ਕਰਦਾ ਹੈ ਉਨੀਂ ਤਾਂ ਪਿੰਡ ਦੇ ਸਰਪੰਚ ਦੀ ਵੀ ਨਹੀਂ ਕਰਦਾ।

ਆਖਰ ਕੌਣ ਹੈ? ਜਿਸਨੇ ਇਹੋ ਜਿਹਾ ਕਤਲ ਦਾ ਸੰਗੀਨ ਇਲਜ਼ਾਮ ਕਰਤਾਰੇ ਤੇ ਉਸਦੇ ਮੁੰਡੇ ਖਿਲਾਫ ਲਗਾ ਦਿੱਤਾ, ਨਾਲੇ ਸਰਪੰਚ ਜਗੀਰ ਸਿੰਘ ਦੇ ਮੁੰਡੇ ਮਰੇ ਨੂੰ ਤਾਂ ਅੱਜ 6 ਮਹੀਨੇ ਹੋ ਚੱਲੇ ਨੇ। ਪੁਲਿਸ ਕਿਸ ਆਧਾਰ ਤੇ ਇਹ ਗੱਲ ਕਰ ਰਹੀ ਹੈ, ਘਰ ਦੇ ਬਾਹਰ ਪਿੰਡ ਦੇ ਲੋਕ ਜੁੜਨੇ ਸ਼ੁਰੂ ਹੋ ਗਏ। ਇੰਨੇ ਨੂੰ ਕਰਤਾਰਾ ਤੇ ਉਸਦਾ ਮੁੰਡਾ ਵੀ ਟਰੈਕਟਰ-ਟਰਾਲੀ ਲੈ ਕੇ ਆ ਗਏ। ਘਰ ਦਾ ਬਾਹਰ ਪੁਲਿਸ ਦੀਆਂ ਗੱਡੀਆਂ ਅਤੇ ਲੋਕਾਂ ਦੀ ਭੀੜ ਦੇਖ ਕੇ ਦੋਵੇਂ ਪਿਉ-ਪੁੱਤ ਹੈਰਾਨ ਰਹਿ ਗਏ। ਭੀੜ ਨੂੰ ਚੀਰ ਕੇ ਇੱਕ ਦਮ ਅੰਦਰ ਗਏ ਤਾਂ ਅੰਦਰ ਪੁਲਿਸ ਦੀ ਪੂਰੀ ਫੌਜ ਤਾਇਨਾਤ ਸੀ।

ਕੀ ਗੱਲ ਹੋ ਗਈ ਇੰਸਪੈਕਟਰ ਸਾਹਿਬ? ਕਰਤਾਰੇ ਨੇ ਪੁੱਛਿਆ।

ਗੱਲ ਦਾ ਮੇਰੇ ਨਾਲੋਂ ਜਿਆਦਾ ਤੁਹਾਨੂੰ ਪਤਾ ਹੋਣੈ ਚਾਹੀਦਾ, ਕਰਤਾਰ ਸਿੰਘ





ਤੇ ਸਮਸ਼ੇਰ ਸਿੰਘ ਜੀ, ਜੇ ਨਹੀਂ ਪਤਾ ਤਾਂ ਚੱਲੋ ਥਾਣੇ, ਉੱਥੇ ਜਾ ਕੇ ਚੇਤਾ ਆ ਜਾਊਗਾ ਕਿ ਦੋਵੇਂ ਪਿਉ-ਪੱਤਾਂ ਨੇ ਕਿਹੜੇ ਚੰਨ ਚਾੜ੍ਹੇ ਹਨ...?

ਹਨੇਰ ਸਾਈਂ ਦਾ! ਕਰਤਾਰੇ ਦੀ ਘਰਵਾਲੀ ਬੋਲੀ.. ਨਾ ਇੰਸਪੈਕਟਰ ਸਾਹਿਬ ਇੰਝ ਨਾ ਕਹੋ, ਮੇਰੇ ਸਿਰ ਦਾ ਸਾਈਂ ਅਤੇ ਮੇਰਾ ਪੁੱਤ ਬੇਕਸੂਰ ਹਨ, ਇਹਨਾਂ ਕਿਸੇ ਨੂੰ ਨਹੀਂ ਮਾਰਿਆ, ਤੁਹਾਨੂੰ ਜ਼ਰੂਰ ਗਲਤਫਿਹਮੀ ਹੋਈ ਹੈ। ਇਹਨਾਂ ਨੂੰ ਥਾਣੇ ਨਾ ਲੈ ਕੇ ਜਾਉ, ਸਾਰੇ ਪਿੰਡ ਵਿੱਚ ਸਾਡੀ ਬੜੀ ਇੱਜ਼ਤ ਹੈ, ਜਿਹੜੀ ਗੱਲ ਕਰਨੀ ਹੈ ਇੱਥੇ ਹੀ ਕਰ ਲਉ!

ਬੱਸ ਬੀਬਾ! ਕਾਨੂੰਨ ਦਾ ਟਾਈਮ ਨਾ ਵੇਸਟ ਕਰ, ਅਸੀਂ ਹੋਰ ਵੀ ਕੰਮ ਕਰਨੇ ਆ। ਮਾਮਲਾ ਕੋਈ ਛੋਟਾ ਮੋਟਾ ਹੁੰਦਾ ਤਾਂ ਅਸੀਂ ਆਪ ਆਉਂਦੇ ਹੀ ਨਾ, ਕਤਲ ਕੀਤਾ ਇਹਨਾਂ ਨੇ ਕਤਲ, ਕੋਈ ਛੋਟਾ ਮਸਲਾ ਨਹੀਂ ਹੈ। ਇਹ ਤਾਂ ਕਾਨੂੰਨ ਮੁਤਾਬਿਕ ਕਾਰਵਾਈ ਹੋਵੇਗੀ।

ਚੱਲੋ ਓਇ ਮੁੰਡਿਉ! ਬਿਠਾਉ ਇਹਨਾਂ ਨੂੰ ਗੱਡੀ ਵਿੱਚ।ਇੰਸਪੈਕਟਰ ਸਿਪਾਹੀਆਂ ਨੂੰ ਹੁਕਮ ਚਾੜ੍ਹਿਆ ਕਿ ਕੁੱਝ ਹੀ ਪਲਾਂ ਵਿੱਚ ਗੱਡੀ ਪੁਲਿਸ ਧੂੜ ਉਡਾਉਂਦੀ ਅੱਖਾਂ ਤੋਂ ਓਹਲੇ ਹੋ ਗਈ, ਤੇ ਪਿੰਡ ਦੇ ਲੋਕ ਵੀ ਘੁਸਰ-ਮੁਸਰ ਕਰਦੇ ਹੋਏ ਆਪਣੇ ਘਰਾਂ ਨੂੰ ਚੱਲ ਪਏ।

ਇੱਕ ਗੱਲ ਤੋਂ ਕਰਤਾਰੇ ਦਾ ਪਰਿਵਾਰ ਅਤੇ ਸਾਰਾ ਪਿੰਡ ਡਾਢਾ ਹੈਰਾਨ ਸੀ ਕਿ ਕਰਤਾਰੇ ਦੇ ਖਿਲਾਫ ਸ਼ਿਕਾਇਤ ਕਰਨ ਵਾਲੇ ਤੇ ਇੰਨਾ ਵੱਡਾ ਇਲਜ਼ਾਮ ਲਗਾਉਣ ਵਾਲਾ ਕੌਣ ਹੋ ਸਕਦੈ? ਰਾਤ ਵੇਲੇ ਗੁਰਰੀਤ ਵੀ ਘਰੋਂ ਗਾਇਬ ਹੋ ਗਈ, ਬਿਨ੍ਹਾਂ ਕਿਸੇ ਨੂੰ ਕੁੱਝ ਦੱਸੇ ਪਤਾ ਨਹੀਂ ਉਹ ਕਿੱਥੇ ਚਲੀ ਗਈ।

ਸਵੇਰੇ ਪੈਂਦਿਆਂ ਹੀ ਸਾਰਾ ਪਿੰਡ ਮੁਹਤਬਾਰ ਬੰਦਿਆ ਨੂੰ ਨਾਲ ਕੇ ਸਰਪੰਚ ਸਮੇਤ ਥਾਣੇ ਪੁੱਜਿਆ, ਤਾਂ ਪਤਾ ਲੱਗਾ ਕਿ ਰਾਤੋ ਰਾਤ ਹੀ ਵਕੀਲ ਕਰਕੇ ਕਰਤਾਰੇ ਅਤੇ ਉਸਦੇ ਪੁੱਤਰ ਨੂੰ ਜਿਲ੍ਹਾ ਪੁਲਿਸ ਵੱਲੋਂ ਅਣਦੱਸੀ ਥਾਂ ਤੇ ਲਿਜਾਇਆ ਜਾ ਚੁੱਕਾ ਹੈ ਅਤੇ ਗ਼ੈਰ-ਜ਼ਮਾਨਤੀ ਵਰੰਟ ਜਾਰੀ ਕਰਵਾ ਕੇ ਪੁਲਿਸ ਵੱਲੋਂ 20 ਦਿਨ ਦਾ ਰਿਮਾਂਡ ਲੈ ਲਿਆ ਗਿਆ ਹੈ।

ਸਰਪੰਚ ਨੇ ਕਾਫੀ ਦਬਾਅ ਪਾ ਕੇ ਇੰਸਪੈਕਟਰ ਕੋਲੋਂ ਇਹ ਜਾਣਕਾਰੀ ਹਾਸਲ ਕਰ ਲਈ ਕਿ ਇਸ ਸਾਰੇ ਮਸਲੇ ਪਿੱਛੇ ਕਿਹੜਾ ਦਿਮਾਗ ਜਾਂ ਵਿਅਕਤੀ ਕੰਮ ਕਰ ਰਿਹਾ ਹੈ ਤਾਂ ਉਸਦੇ ਅਤੇ ਸਾਰੇ ਪਿੰਡ ਦੇ ਸਮੇਤ ਸਰਪੰਚ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ ਜਦ ਪੁਲਿਸ ਨੇ ਦੱਸਿਆ ਕਿ ਕਰਤਾਰੇ ਤੇ ਉਸਦੇ ਪੁੱਤਰ ਦੇ ਖਿਲਾਫ

ਸਬੂਤ, ਸ਼ਿਕਾਇਤ ਅਤੇ ਤੇਜ਼ੀ ਨਾਲ ਕਾਰਵਾਈ ਕਰਕੇ ਥਾਣੇ ਤੋਂ ਗਾਇਬ ਕਰਵਾਉਣ ਵਾਲਾ ਕੋਈ ਹੋਰ ਨਹੀਂ, ਉਸਦੀ ਛੋਟੀ ਧੀ 'ਗੁਰਰੀਤ' ਦਾ ਹੱਥ ਹੈ।

ਵੇ ਲੋਕੋ ! ਮੈਂ ਤਾਂ ਕਿਹਾ ਸੀ ਕਰਤਾਰੇ ਨੂੰ ਧੀ ਜੰਮ ਪਈ ਆ ਹੁਣੇ ਗਲਾ ਘੁੱਟ ਕੇ ਮਾਰ ਦੇ ਇਸਨੂੰ, ਇਹ ਪੱਕਾ ਤੇਰੀ ਇੱਜ਼ਤ ਤੇ ਦਾਗ ਬਣੂੰਗੀ। ਓਹੀ ਗੱਲ ਹੋਈ। ਇਸ ਚੰਦਰੀ ਦਾ ਕਿਸੇ ਨੇ ਕੀ ਵਿਗਾੜਿਆ ਸੀ? ਜੰਮਦੀ ਮਾਰ ਹੀ ਕਿਉਂ ਨਾ ਦਿੱਤੀ..। ਬੇਸ਼ਰਮ, ਬੇਹਯਾ ਧੀ ਨੇ ਆਪਣੇ ਹੀ ਬਾਬੁਲ ਦੀ ਪੱਗ ਨੂੰ ਦਾਗ ਤਾਂ ਕੀ ਲਾਉਣਾ ਸੀ, ਸਿਰ ਤੇ ਪੱਗ ਹੀ ਨਾ ਰਹਿਣ ਦਿੱਤੀ ਇਸ ਨਖੱਤੀ ਨੇ... ਕੱਲ੍ਹ ਦੀ ਘਰੋਂ ਗਾਇਬ ਆ ਪਤਾ ਨਹੀਂ ਕਿਹੜੇ ਖਸਮਾਂ ਖਾਣੇ ਨਾਲ ਖੇਹ ਖਾ ਰਹੀ ਹੋਣੀ ਆ....

ਪਿੰਡ ਦੀ ਸਾਂਝੀ ਤਾਈ ਬੰਤੋ ਨੇ, ਜ਼ਰਾ ਧੀਰਜ ਦਿੱਤਾ ਨਾ ਭੈਣੇ ਨਾ, ਮੂੰਹੋਂ ਮਾੜਾ ਲਫਜ਼ ਨਹੀਂ ਕੱਢੀਦਾ। ਸ਼ਾਮਾਂ ਨੂੰ ਮੁੜ ਆਉਗੀ ਤਾਂ ਸਾਰੀ ਗੱਲ ਪਿੰਡ ਦੀ ਪੰਚਾਇਤ ਵਿੱਚ ਬਿਠਾ ਕੇ ਪੁੱਛਾਂਗੇ।

ਸ਼ਾਮੀਂ ਗੁਰਰੀਤ ਵਾਪਸ ਆਈ। ਉਸ ਦੇ ਸੱਜੇ ਹੱਥ ਵਿੱਚ ਇੱਕ ਕਾਗਜ਼ਾਂ ਦੀ ਵੱਡੀ ਫਾਈਲ ਅਤੇ ਖੱਬੇ ਪਾਸੇ ਬਾਂਹ 'ਚ ਲਮਕਦਾ ਵਕੀਲਾਂ ਵਾਲਾ ਕਾਲਾ ਕੋਟ ਸੀ। ਉਸਨੂੰ ਆਉਂਦਿਆਂ ਹੀ ਉਸਦੀ ਮਾਂ ਨੇ ਹਜ਼ਾਰਾਂ ਗਾਲ੍ਹਾਂ ਕੱਢਦਿਆਂ, ਗਾਲ-ਮੰਦਾ ਕਰਦਿਆਂ ਘਰੋਂ ਧੱਕੇ ਮਾਰ ਕੇ ਬਾਹਰ ਕੱਢ ਦਿੱਤਾ। ਤਾਈ ਬੰਤੋ ਉਸਨੂੰ ਆਪਣੇ ਘਰ ਲੈ ਆਈ। ਸਵੇਰੇ ਸਾਰੀ ਪੰਚਾਇਤ ਇਕੱਠੀ ਹੋਈ। ਗੁਰਰੀਤ ਦੇ ਰਿਸ਼ਤੇਦਾਰ, ਉਸਦੀ ਮਾਂ ਅਤੇ ਭੈਣ ਵੀ ਹਾਜ਼ਰ ਸੀ।

ਸਰਪੰਚ ਨੇ ਬੜੀ ਹਲੀਮੀ ਨਾਲ ਪੁਛਿਆ 'ਧੀਏ ! ਇਹ ਤੂੰ ਕੀ ਕੀਤਾ? ਕੀ ਇਸੇ ਵਾਸਤੇ ਤੈਨੂੰ ਤੇਰੇ ਬਾਪੂ ਕਰਤਾਰੇ ਨੇ ਵਕੀਲ ਦੀ ਪੜ੍ਹਾਈ ਕਰਵਾਈ ਸੀ? ਵਕੀਲ ਪੈਸੇ ਦੇ ਲਾਲਚ ਵਿੱਚ ਝੂਠੇ ਮੁਕੱਦਮੇ ਲੜ੍ਹਦੇ ਤਾਂ ਕਈ ਦੇਖੇ, ਪਰ ਆਪਣੇ ਹੀ ਘਰ ਵਿੱਚ ਇਹੋ ਜਿਹੇ ਕੇਸ ਦਾ ਸਾਹਮਣਾ ਇੱਕ ਬਾਪ ਨੂੰ ਕਰਨਾ ਪੈ ਜਾਵੇ ਤੇ ਦੂਜੇ ਪਾਸੇ ਉਸਦੀ ਆਪਣੀ ਧੀ ਹੀ ਵਕੀਲ ਹੋਵੇ ਤੇ ਉਹ ਵੀ ਬਾਪ ਦੇ ਖਿਲਾਫ ਭੁਗਤ ਜਾਵੇ? ਇਹ ਸੱਭ ਕਿਸ ਲਈ? ਵੇਖ ਕਿੰਨੀ ਇੱਜ਼ਤ ਸੀ ਤੇਰੇ ਬਾਪ ਕਰਤਾਰੇ ਦੀ? ਆਪਣੀ ਮਾਂ ਦੀ ਹਾਲਤ ਵੇਖ ਕੀ ਹਾਲ ਹੋ ਗਿਆ ਰੋ ਰੋ ਕੇ। ਦੱਸ ਅੱਜ ਸਾਰਾ ਪਿੰਡ ਤੇਰੇ ਕੋਲੋਂ ਜੁਆਬ ਮੰਗਦਾ ਹੈ? ਕਿਤੇ ਇਹ ਨਾ ਹੋਵੇ ਕਿ ਤੇਰੇ ਅਜਿਹੇ ਕਾਰਨਾਮੇ ਕਰ ਕੇ ਕੱਲ੍ਹ ਨੂੰ ਪਿੰਡ ਦੇ ਲੋਕ ਧੀਆਂ ਜੰਮ ਕੇ ਪਾਲਣ ਪੋਸ਼ ਕੇ ਵੱਡੀਆਂ ਕਰਨ ਨਾਲੋਂ, ਮਾਰਨ ਨੂੰ ਤਰਜੀਹ ਦੇਣ।

ਗੁਰਰੀਤ ਕੁੱਝ ਦੇਰ ਚੁੱਪ ਰਹੀ ਤੇ ਫਿਰ ਬੋਲਣ ਲੱਗੀ, ਸਰਪੰਚ ਸਾਹਿਬ !





ਅਗਲੇ ਪਿੰਡ ਦੇ ਸਰਪੰਚ ਸ੍ਰ. ਜਗੀਰ ਸਿੰਘ ਦਾ ਪੁੱਤਰ ਨਵਪ੍ਰੀਤ ਸਿੰਘ ਮੇਰੇ ਨਾਲ ਹੀ ਕਾਲਜ ਵਿੱਚ ਲਾਅ ਕਰਦਾ ਸੀ। ਉਹ ਹਮੇਸ਼ਾਂ ਕਲਾਸ ਵਿੱਚ ਪਹਿਲੇ ਨੰਬਰ ਤੇ ਆਉਂਦਾ ਸੀ। ਹੁਸ਼ਿਆਰ ਅਤੇ ਆਪਣੇ ਮਾਂ-ਬਾਪ ਦਾ ਇਕਲੌਤਾ ਪੁੱਤਰ ਸੀ। ਮੈਂ ਉਸਨੂੰ ਬੜੀ ਚੰਗੀ ਤਰ੍ਹਾਂ ਜਾਣਦੀ ਸੀ। ਅਸੀਂ ਅਕਸਰ ਹੀ ਕਾਲਜ ਵਿੱਚ ਇਕੱਠੇ ਰਹਿੰਦੇ, ਪੜ੍ਹਾਈ ਕਰਦੇ ਅਤੇ ਘੁੰਮਦੇ ਫਿਰਦੇ ਸੀ। ਸਾਡੇ ਦੋਹਾਂ ਵਿੱਚ ਕੁੱਝ ਵੀ ਗਲਤ ਨਹੀਂ ਸੀ। ਅਸੀਂ ਦੋਵੇਂ ਹੀ ਵੱਡੇ ਵਕੀਲ ਬਣ ਕੇ, ਕਾਮਯਾਬ ਹੋਣਾ ਚਾਹੁੰਦੇ ਸੀ। ਇਸੇ ਦੌਰਾਨ ਅਸੀਂ ਇੱਕ ਦੂਜੇ ਨੂੰ ਪਸੰਦ ਕਰਨ ਲੱਗ ਪਏ ਤੇ ਵਿਆਹ ਕਰਵਾਉਣ ਬਾਰੇ ਵੀ ਸੋਚ ਲਿਆ। ਉਦੋਂ ਵੀਰ ਸਮਸ਼ੇਰ ਦੇ ਵਿਆਹ ਬਾਰੇ ਲੜਾਈ ਝਗੜਾ ਚੱਲ ਰਿਹਾ ਸੀ? ਕਿਉਂਕਿ ਇਹ ਲਵ ਮੈਰਿਜ਼ ਕਰਵਾਉਣੀ ਚਾਹੁੰਦਾ ਸੀ ਪਰ ਭਾਬੀ ਦੇ ਪਰਿਵਾਰ ਵਾਲੇ ਨਹੀਂ ਮੰਨਦੇ ਸੀ। ਇਸ ਲਈ ਮੈਂ ਘਰ ਕੋਈ ਗੱਲ ਨਾ ਕੀਤੀ। ਪਰ ਸਮਸ਼ੇਰ ਵਾਰੀ ਮੇਰੀ ਹੀ ਮਾਂ ਅਤੇ ਪਿਉ ਵੱਲੋਂ ਲਵ ਮੈਰਿਜ਼ ਦੇ ਹੱਕ ਵਿੱਚ ਸਟੈਂਡ ਲੈਣ ਦੀਆਂ ਗੱਲਾਂ ਨੇ ਮੈਨੂੰ ਵੀ ਪ੍ਰਭਾਵਿਤ ਕੀਤਾ। ਮੈਨੂੰ ਵੀ ਆਪਣੇ ਮਾਂ-ਬਾਪ ਦੀ ਅਗਾਂਹਵਧੂ ਸੋਚ ਤੇ ਮਾਣ ਹੋਇਆ ਕਿ ਅੱਜ ਦੇ ਸਮਾਜ ਵਿੱਚ ਇਹ ਗੱਲਾਂ ਆਮ ਹੋ ਗਈਆਂ ਹਨ। ਜ਼ਬਰੀ ਕਿਤੇ ਵਿਆਹ ਦੇਣ ਨਾਲੋਂ ਜੇ ਵਰ ਜਾਂ ਕੰਨਿਆ ਦੀ ਮਰਜ਼ੀ ਪੁੱਛ ਲਈ ਜਾਵੇ ਤਾਂ ਬਹੁਤ ਸਾਰੀਆਂ ਸਮਾਜਿਕ ਬੁਰਾਈਆਂ ਦਾ ਖਾਤਮਾ ਕੀਤਾ ਜਾ ਸਕਦੈ। ਕਿਉਂਕਿ ਦੂਜੇ ਪਾਸੇ ਭਾਬੀ ਵੀ ਸਮਸ਼ੇਰ ਨਾਲ ਹੀ ਵਿਆਹ ਕਰਵਾਉਣ ਨੂੰ ਬਜ਼ਿੱਦ ਸੀ।

ਵਿਆਹ ਹੋਇਆ, ਸੱਭ ਕੁੱਝ ਆਮ ਵਾਂਗ ਹੋ ਗਿਆ। ਦੋਵੇਂ ਜੀਅ ਵਧੀਆ ਜਿੰਦਗੀ ਬਿਤਾਉਣ ਲੱਗੇ। ਹੁਣ ਮੇਰੇ ਵਿਆਹ ਲਈ ਵਰ ਲੱਭਣਾ ਸ਼ੁਰੂ ਕਰ ਦਿੱਤਾ ਸੀ, ਇਸ ਲਈ ਮੈਂ ਨਵਪ੍ਰੀਤ ਬਾਰੇ ਆਪਣੇ ਪਿਤਾ ਜੀ ਅਤੇ ਵੀਰ ਨੂੰ ਦੱਸ ਦਿੱਤਾ। ਪਰ ਮੇਰੇ ਸੁਪਨਿਆਂ ਦਾ ਮਹਿਲ ਚਕਨਾ ਚੂਰ ਹੋ ਗਿਆ, ਜਦ ਮੈਨੂੰ ਪਿਉ ਦੀ ਪੱਗ, ਵੀਰ ਦੀ ਪੱਗ ਦੀਆਂ ਦੁਹਾਈਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਤੇ ਵੀਰ ਨੇ ਮੇਰੇ ਉੱਤੇ ਪਹਿਲੀ ਵਾਰ ਹੱਥ ਚੁੱਕਿਆ। ਜਦ ਮੈਂ ਮਾਂ ਨੂੰ ਉਹ ਵੇਲੇ ਯਾਦ ਕਰਵਾਇਆ ਜਦ ਇਹ ਵੀਰ ਸਮਸ਼ੇਰ ਨੂੰ ਕਹਿੰਦੀ ਸੀ, ਕੋਈ ਨਾ ਪੁੱਤ ਜੇ ਕੁੜੀ ਨਾ ਮੰਨੀ ਤਾਂ ਕੱਢ ਕੇ ਲੈ ਆਵੀਂ, ਇਸ ਘਰ ਦੀ ਨੂੰਹ ਤਾਂ ਉਹੀ ਬਣੂਗੀ, ਇਹ ਕਿਹੜਾ ਕੋਈ ਪਾਪ ਕੀਤਾ ਹੈ, ਪਿਆਰ ਈ ਕੀਤਾ ਹੈ..।

ਇਸ ਜੁਆਬ ਤੋਂ ਪਿੱਟ ਉੱਠੇ ਮੇਰੇ ਵੀਰ ਨੇ ਮੇਰੇ ਉੱਤੇ ਕਹੀ ਨਾਲ ਵਾਰ ਕੀਤਾ ਪਰ ਮੈਂ ਆਪਣੀ ਛੋਟੀ ਭੈਣ ਦੇ ਕਰਕੇ ਬੱਚ ਗਈ, ਉਸਨੇ ਵੀਰ ਨੂੰ ਧੱਕਾ ਮਾਰ ਦਿੱਤਾ ਸੀ।

ਮੈਨੂੰ ਕਮਰੇ ਵਿੱਚ ਬੰਦ ਕਰ ਦਿੱਤਾ ਤੇ ਤਿੰਨ ਦਿਨ ਭੁੱਖਾ ਰੱਖਿਆ। ਅਖਿਰ ਮੈਂ ਹਾਰ ਮੰਨ ਲਈ ਅਤੇ ਸਮਝੌਤਾ ਕੀਤਾ ਕਿ ਕਦੇ ਵੀ ਨਵਪ੍ਰੀਤ ਨੂੰ ਨਹੀਂ ਮਿਲਾਂਗੀ, ਜਿੱਥੇ ਕਹੋਗੇ ਤੁਰ ਜਾਵਾਂਗੀ। ਇੱਕ ਦਿਨ ਮੈਨੂੰ ਨਵਪ੍ਰੀਤ ਦਾ ਫੋਨ ਆਇਆ, ਉਹ ਵੀ ਇਹ ਸੱਭ ਕੁੱਝ ਸੁਣ ਕੇ ਬਹੁਤ ਨਿਰਾਸ਼ ਹੋਇਆ ਤੇ ਸਿਰਫ ਇੱਕ ਵਾਰ ਮੈਨੂੰ ਮਿਲਣ ਲਈ ਮੇਰੇ ਅੱਗੇ ਤਰਲੇ ਕਰਨ ਲੱਗਾ। ਉਸ ਰਾਤ ਘਰ ਵੀ ਕੋਈ ਨਹੀਂ ਸੀ ਅਤੇ ਜਗੂ ਕਿਆ ਦੇ ਘਰ ਵਿਆਹ ਸੀ। ਮੰਮੀ ਤੇ ਭੈਣ ਉੱਧਰ ਗਏ ਸਨ, ਮੈਂ ਆਪਣੇ ਇਮਤਿਹਾਨ ਨੇੜੇ ਹੋਣ ਕਰਕੇ ਉੱਪਰ ਛੱਤ ਤੇ ਪੜ੍ਹ ਰਹੀ ਸੀ। ਬਾਪੂ ਤੇ ਵੀਰਾ ਵੀ ਟਰੈਕਟਰ ਲੈ ਕੇ ਕਿਤੇ ਚਲੇ ਗਏ ਸੀ।

ਸੋ ਮੈਂ ਮੌਕਾ ਸਮਝ ਕੇ ਇੱਕ ਆਖਰੀ ਵਾਰ ਨਵਪ੍ਰੀਤ ਨੂੰ ਮਿਲਣ ਵਾਸਤੇ ਉਹ ਪਰਲੇ ਪਿੰਡ ਦੀਆਂ ਬਹਿਕਾਂ ਕੋਲ ਬੁਲਾ ਲਿਆ। ਜਦ ਤੱਕ ਮੈਂ ਉੱਥੇ ਪਹੁੰਚੀ ਤਾਂ ਬਾਪੂ ਅਤੇ ਸਮਸ਼ੇਰ ਵੀਰਾ ਪਹਿਲਾਂ ਹੀ ਉੱਥੇ ਮੌਜੂਦ ਸਨ, ਮੈਂ ਝਾੜੀਆਂ ਦੇ ਓਹਲੇ ਹੋ ਗਈ। ਤਾਂ ਮੇਰੀ ਅੱਖਾਂ ਦੇ ਸਾਹਮਣੇ ਬਾਪੂ ਜੀ ਤੇ ਵੀਰੇ ਨੇ ਨਵਪ੍ਰੀਤ ਦੀ ਹੱਤਿਆ ਕੀਤਾ। ਮੈਂ ਕੰਬਣ ਲੱਗ ਪਈ, ਰੋ-ਰੋ ਕੇ ਬੁਰਾ ਹਾਲ ਹੋ ਰਿਹਾ ਸੀ। ਵੀਰੇ ਨੇ ਉਸਦੇ ਹੱਥਾਂ ਨੂੰ ਪਿੱਠ ਪਿੱਛੇ ਬੰਨ੍ਹ ਕੇ, ਜ਼ਮੀਨ ਤੇ ਲਿਟਾ ਦਿੱਤਾ ਤੇ ਬਾਪੂ ਜੀ ਨੇ ਉਸ ਉੱਤੋਂ ਟਰੈਕਟਰ ਲੰਘਾ ਦਿੱਤਾ, ਤਿੰਨ ਵਾਰ ਟਰੈਕਟਰ ਉਸ ਦੇ ਉੱਤੋਂ ਦੀ ਲੰਘਾਇਆ ਗਿਆ। ਮੈਂ ਉਸੇ ਵੇਲੇ ਆਪਣੇ ਮੋਬਾਇਲ ਤੇ ਇਸ ਸੱਭ ਦੀ ਵੀਡੀਓ ਰਿਕਾਰਡਿੰਗ ਕੀਤੀ ਅਤੇ ਫੋਟੋਆਂ ਖਿੱਚ ਲਈਆਂ। ਬਾਅਦ ਵਿੱਚ ਬੰਬੀ ਦੇ ਪਾਣੀ ਨਾਲ ਟਰੈਕਟਰ ਦੀ ਟਾਇਰਾਂ ਤੋਂ ਖ਼ੂਨ ਸਾਫ ਕੀਤਾ ਅਤੇ ਬੜੇ ਚਲਾਕੀ ਨਾਲ ਉਸਦੀ ਮੌਤ ਨੂੰ ਇੱਕ ਹਾਦਸਾ ਬਣਾ ਕੇ ਪੇਸ਼ ਕਰ ਦਿੱਤਾ।

ਮੇਰੇ ਵੱਲੋਂ ਨਵਪ੍ਰੀਤ ਨੂੰ ਮਿਲਣ ਬਾਰੇ ਕਿਸੇ ਨੂੰ ਕੁੱਝ ਵੀ ਪਤਾ ਨਹੀਂ ਸੀ। ਜਾਣਬੁੱਝ ਕੇ ਆਪਣੇ ਘਰ ਦੀ ਇੱਜ਼ਤ ਜਾਂ ਅਖੌਤੀ ਅਣਖ ਖਾਤਰ, ਸਰਪੰਚ ਜਗੀਰ ਸਿੰਘ ਦੇ ਇਕਲੌਤੇ ਪੁੱਤਰ ਨੂੰ ਬੇਮੌਤੇ ਮਾਰ ਕੇ ਪਿਛਲੇ ਛੇ ਮਹੀਨਿਆਂ ਤੋਂ ਇਹ ਮੁਲਜ਼ਮ ਅਜ਼ਾਦ ਘੁੰਮ ਰਹੇ ਸੀ। ਇਹ ਅਣਮਨੁੱਖੀ ਮੌਤ ਪੂਰੀ ਤਰ੍ਹਾਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਸੀ ਅਤੇ ਇੱਕ ਨਜਾਇਜ਼ ਕਤਲ ਸੀ।

ਜਦ ਮੈਂ ਵਾਅਦਾ ਕੀਤਾ ਸੀ ਕਿ ਜਿੱਥੇ ਤੁਸੀਂ ਵਿਆਹੋਗੇ ਮੈਂ ਤੁਰ ਜਾਵਾਂਗੀ ਤਾਂ ਫਿਰ ਵੀ ਇਸਦੇ ਕਿਉਂ ਇੱਕ ਮਾਂ-ਬਾਪ ਦੇ ਬਜ਼ੁਰਗੀ ਤੇ ਸਹਾਰੇ ਨੂੰ ਖੋਹ ਲਿਆ ਗਿਆ? ਕਿਉਂ ਮੇਰੇ ਵੀਰ ਨੇ ਉਸਨੂੰ ਮੌਤ ਦੇ ਘਾਟ ਉਤਾਰ ਦਿੱਤਾ? ਕਿਉਂ ਮਾਂ-ਬਾਪ ਦੀ ਸੋਚ ਧੀਆਂ ਅਤੇ ਪੁੱਤਰਾਂ ਲਈ ਇੱਕੋ ਜਿਹੀ ਨਹੀਂ? ਕਿਉਂ ਲੜਕੀ ਦੀ ਲਵ





ਮੈਰਿਜ਼ ਤੋਂ ਇਰਤਾਜ਼ ਹੈ, ਜਦਕਿ ਲੜਕੇ ਵਾਰੀ ਉਸਨੂੰ ਹੌਂਸਲਾ ਤੇ ਉਤਸ਼ਾਹ ਦਿੱਤਾ ਜਾਂਦਾ ਹੈ। ਇਹ ਡਬਲ ਸਟੈਂਡਰਡ ਕਿਉਂ?

ਮੈਂ ਇੱਕ ਧੀ ਹੋਣ ਦੇ ਨਾਲ ਇੱਕ ਇਨਸਾਨ ਵੀ ਹਾਂ। ਕੀ ਸਰਪੰਚ ਜਗੀਰ ਸਿੰਘ ਵਾਸਤੇ ਇਨਸਾਫ ਨਾਮ ਦੀ ਕੋਈ ਚੀਜ਼ ਨਹੀਂ ਹੈ? ਉਸਨੂੰ ਇਨਸਾਫ ਦਿਵਾਉਣ ਲਈ ਮੈਂ ਕੇਵਲ ਸੱਚ ਦਾ ਸਾਥ ਦਿੱਤਾ ਹੈ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਤੱਕ ਇਹ ਸੰਘਰਸ਼ ਜਾਰੀ ਰਖਾਂਗੀ। ਜੇ ਅਜੇ ਵੀ ਤੁਹਾਨੂੰ ਲੱਗਦਾ ਕਿ ਮੈਂ ਕੁੱਝ ਗਲਤ ਕੀਤਾ ਹੈ ਤਾਂ ਆਪ ਜੀ ਪਿੰਡ ਦੇ ਮੋਹਤਬਰ ਹੋ, ਸਿਆਣੇ ਅਤੇ ਸੂਝਵਾਨ ਹੋ। ਜੋ ਕਹੋਗੇ ਮੈਂ ਮੰਨ ਲਵਾਂਗੀ।

ਸਰਪੰਚ ਸਾਹਿਬ ਬੋਲਣ ਲੱਗੇ, 'ਧੀਏ! ਤੇਰੀ ਦਲੇਰੀ ਸਿਰ ਮੱਥੇ ਹੈ, ਜੋ ਵੀ ਹੋਇਆ ਚੰਗਾ ਨਹੀਂ ਹੋਇਆ। ਪਰ ਅੱਜ ਸਾਨੂੰ, ਸਾਡੇ ਸਮਾਜ ਨੂੰ ਬਦਲਣ ਦੀ ਲੋੜ ਹੈ। ਸੋਚ ਵਿੱਚ ਤਬਦੀਲੀ ਜ਼ਰੂਰੀ ਹੈ ਅਤੇ ਸਮੇਂ ਦੀ ਮੰਗ ਹੈ। ਧੀਆਂ ਦੇ ਅਧਿਕਾਰਾਂ ਦਾ ਹੋਰ ਘਾਣ ਨਾ ਕੀਤਾ ਜਾਵੇ। ਇਨਸਾਨੀ ਕਦਰਾਂ ਕੀਮਤਾਂ ਨੂੰ ਛਿੱਕੇ ਤੇ ਨਾ ਟੰਗਿਆ ਜਾਵੇ। ਪ੍ਰਮਾਤਮਾ ਸੱਭ ਦਾ ਭਲਾ ਕਰੇ.. ਆਖਿਰ ਪੰਚਾਇਤ ਉੱਠ ਗਈ..



ਬਲਬੀਰ ਸਿੰਘ ਦੇ ਚਿਹਰੇ ਤੇ ਝੁਰੜੀਆਂ, ਗੋਰਾ ਰੰਗ, ਚਿੱਟੀ ਚਾਂਦਨੀ ਦੇ ਵਰਗੇ ਚਿੱਟੇ ਲਿਸ਼ਕਦੇ ਵਾਲ, ਖੜ੍ਹੀਆਂ ਮੁੱਛਾਂ, ਥੱਲੇ ਚਿੱਟਾ ਬਿਸਕੁਟੀ ਡੱਬੀਆਂ ਵਾਲਾ ਚਾਦਰਾ , ਪੈਰੀਂ ਕਾਲੇ ਮੌਜੇ ਤੇ ਦੁੱਧ ਚਿੱਟਾ ਕੁੜਤਾ ਪਾਈ, ਹੱਥ ਵਿੱਚ ਇੱਕ ਖੂੰਡੀ ਫੜ੍ਹ ਕੇ, ਅੱਖਾਂ ਤੇ ਲੱਗੀਆਂ ਵੱਡੀਆਂ-ਵੱਡੀਆਂ ਐਨਕਾਂ ਰਾਹੀਂ ਗੱਲ ਸੁਣ ਰਹੇ ਸਾਥੀਆਂ ਵੱਲ ਧਿਆਨ ਨਾਲ ਵੇਖਦਾ ਹੋਇਆ ਪੂਰੇ ਜੋਸ਼ ਨਾਲ ਦੱਸ ਰਿਹਾ ਸੀ..





# ਬਾਪੂ

ਮੈਨੇਜਰ ਸਾਹਿਬ! ਮੈਂ ਸਰਦਾਰ ਬਲਬੀਰ ਸਿੰਘ ਜੀ ਹੁਰਾਂ ਨੂੰ ਮਿਲਣਾ ਚਾਹੁੰਦਾ ਹਾਂ।

ਅੱਗੋਂ ਸਵਾਲ ਆਇਆ, ਤੁਸੀਂ ਕੌਣ ਹੋ ?

ਮੈਂ ਹਰਕੀਰਤ ਸਿੰਘ ਕੈਨੇਡਾ ਤੋਂ, ਉਹਨਾਂ ਦਾ ਬੇਟਾ।

ਬੇਟਾ..?? ਇਹ ਕਿੱਦਾਂ ਹੋ ਸਕਦਾ, ਜੇ ਤੂੰ ਉਹਨਾਂ ਦਾ ਬੇਟਾ ਹੁੰਦਾ ਤਾਂ ਆਪਣੇ ਬਾਪ ਨੂੰ ਇਸ ਬਿਰਧ ਘਰ ਵਿੱਚ ਨਾ ਛੱਡ ਕੇ ਜਾਂਦਾ...।

ਨਹੀਂ ਸਰ, ਸ਼ਾਇਦ ਤੁਸੀਂ ਗਲਤ ਸਮਝ ਰਹੇ ਹੋ.. ਮੈਂ ਕੱਲ੍ਹ ਰਾਤ ਹੀ ਕੈਨੇਡਾ ਤੋਂ 10 ਸਾਲ ਬਾਅਦ ਵਾਪਸ ਆਇਆ ਹਾਂ। ਮੈਨੂੰ ਤਾਂ ਅੱਜ ਕਈ ਸਾਲਾਂ ਬਾਅਦ ਪਤਾ ਲੱਗਾ ਕਿ ਮੇਰੇ ਪਿਤਾ ਜੀ ਇੱਥੇ ਹਨ। ਪਲੀਜ਼ ਮੈਨੂੰ ਉਹਨਾਂ ਨਾਲ ਮਿਲਵਾ ਦਿਉ। ਮੈਂ ਉਹਨਾਂ ਨੂੰ ਆਪਣੇ ਨਾਲ ਲਿਜਾਉਣ ਆਇਆ ਹਾਂ।

ਆਉ ਤੁਹਾਨੂੰ ਮਿਲਵਾਉਂਦਾ ਹਾਂ ਤੁਹਾਡੇ ਪਿਤਾ ਜੀ ਨਾਲ, ਕਹਿ ਕੇ ਬਿਰਧ ਘਰ ਦਾ ਮੈਨੇਜਰ ਆਪਣੀ ਕੁਰਸੀ ਤੋਂ ਉੱਠਿਆ ਅਤੇ ਬਰਾਂਡੇ ਵੱਲ ਨੂੰ ਹੋ ਤੁਰਿਆ। ਬਰਾਂਡੇ ਦੇ ਕੋਲ ਇੱਕ ਖਿੜਕੀ ਦੇ ਨੇੜਿਉਂ ਮੈਨੇਜਰ ਨੇ ਕਿਹਾ ਕਿ, 'ਉਹ ਨੀਲੇ ਦਸਤਾਰੇ ਸਜਾਈ ਖੜ੍ਹਾ, ਆਪਣੇ ਪੁੱਤਰ ਕੀਰਤ ਬਾਰੇ ਆਪਣੇ ਸਾਥੀਆਂ ਨਾਲ ਗੱਲ ਕਰ ਰਿਹਾ ਹੈ ਤੇ ਹਮੇਸ਼ਾਂ ਹੀ ਕਰਦਾ ਰਹਿੰਦਾ ਹੈ।

ਹਾਂ ਜੀ ਮੈਨੇਜਰ ਸਾਹਿਬ ਬਾਪੂ ਜੀ ਮੈਨੂੰ ਹੀ ਕੀਰਤ ਕਹਿੰਦੇ ਹਨ।

ਬਲਬੀਰ ਸਿੰਘ ਦੇ ਚਿਹਰੇ ਤੇ ਝੁਰੜੀਆਂ, ਗੋਰਾ ਰੰਗ, ਚਿੱਟੀ ਚਾਂਦਨੀ ਦੇ ਵਰਗੇ ਚਿੱਟੇ ਲਿਸ਼ਕਦੇ ਵਾਲ, ਖੜ੍ਹੀਆਂ ਮੁੱਛਾਂ, ਥੱਲੇ ਚਿੱਟਾ ਬਿਸਕੁਟੀ ਡੱਬੀਆਂ ਵਾਲਾ ਚਾਦਰਾ , ਪੈਰੀਂ ਕਾਲੇ ਮੌਜੇ ਤੇ ਦੁੱਧ ਚਿੱਟਾ ਕੁੜਤਾ ਪਾਈ, ਹੱਥ ਵਿੱਚ ਇੱਕ ਖੂੰਡੀ ਫੜ੍ਹ ਕੇ, ਅੱਖਾਂ ਤੇ ਲੱਗੀਆਂ ਵੱਡੀਆਂ-ਵੱਡੀਆਂ ਐਨਕਾਂ ਰਾਹੀਂ ਗੱਲ ਸੁਣ ਰਹੇ ਸਾਥੀਆਂ ਵੱਲ ਧਿਆਨ ਨਾਲ ਵੇਖਦਾ ਹੋਇਆ ਪੂਰੇ ਜੋਸ਼ ਨਾਲ ਦੱਸ ਰਿਹਾ ਸੀ, ਯਾਰੋ! ਮੈਂ ਬਾਪ ਵੱਲੋਂ ਮਿਲੇ ਦੋ ਕਿਲ੍ਹੇ ਜ਼ਮੀਨ ਤੋਂ 100 ਕਿੱਲ੍ਹੇ ਬਣਾਏ ਸੀ, ਪਰ ਜਦ ਭੋਗਣ ਦਾ ਵੇਲਾ

ਆਇਆ ਤਾਂ ਮੇਰੇ ਪੁੱਤ ਨੇ ਮੈਨੂੰ ਇੱਥੇ ਸੁੱਟ ਦਿੱਤਾ। ਮੇਰਾ ਕਮਾਏ 98 ਕਿਲ੍ਹੇ ਤਾਂ ਕੀ ਮਿਲਣੇ ਸੀ, ਜੇਹੜੇ ਮੇਰੇ ਬਾਪ ਨੇ ਮੈਨੂੰ ਦੋ ਕਿਲ੍ਹੇ ਦਿੱਤੇ ਸੀ ਉਹ ਵੀ ਜਾਂਦੇ ਰਹੇ। ਜੇ ਮੇਰਾ ਵੱਡਾ ਪੁੱਤ, ਕੀਰਤ ਮੇਰੇ ਤੋਂ ਦੂਰ ਨਾ ਜਾਂਦਾ ਤਾਂ ਅੱਜ 100 ਦੇ 200 ਕਿਲ੍ਹੇ ਹੋ ਜਾਣੇ ਸੀ, ਪਰ ਵਾਹਿਗੁਰੂ ਘਰ ਦੇਰ ਹੈ ਹਨੇਰ ਨਹੀਂ, ਜਲਦੀ ਹੀ ਮੈਂ ਇੱਥੋਂ ਚਲਿਆ ਜਾਣਾ ਫਿਰ ਆਪਣੇ ਘਰ ਵਾਪਿਸ, ਕਿਉਂਕਿ ਮੇਰਾ ਪੁੱਤ ਕੀਰਤ ਇਕ ਨਾ ਇੱਕ ਦਿਨ ਮੈਨੂੰ ਜ਼ਰੂਰ ਲੈਣ ਆਊਗਾ.. ਕਹਿੰਦਿਆਂ ਹੀ ਬਲਬੀਰ ਸਿੰਹੁ ਦੀਆਂ ਅੱਖਾਂ ਗਿੱਲੀਆਂ ਹੋ ਗਈਆਂ ਤੇ ਗਲ ਭਰ ਗਿਆ...।

ਕੋਲ ਬੈਠਾ ਦਲੀਪ ਸਿੰਘ ਬੋਲਿਆ, 'ਬਲਬੀਰ ਸਿੰਹਾਂ ਤਕੜਾ ਬਣ ਤਕੜਾ, ਐਵੇਂ ਹਿੰਮਤ ਨਹੀਂ ਹਾਰੀਦੀ, ਉਸਦੀ ਦਰਗਾਹ ਤੋਂ ਕਦੇ ਕੋਈ ਨਹੀਂ ਮੁੜਿਆ, ਬਲਬੀਰ ਸਿੰਹਾਂ ਸੱਚ ਨੂੰ ਪਹਿਚਾਣ, ਹਿੰਮਤ ਰੱਖ।

ਨਹੀਂ ਦਲੀਪ ਸਿੰਘਾਂ! ਉਹ ਉਸਦੀ ਦਰਗਾਹ ਤੇ ਨਹੀਂ ਗਿਆ, ਉਹ ਤਾਂ ਇੱਥੇ ਕਿਤੇ ਈ ਆ, ਬੱਸ ਐਵੇਂ ਲੁਕਣ ਮਿਟੀ ਖੇਡਦਾ ਕਿਤੇ ਲੁੱਕ ਗਿਆ ਹੈ, ਮੈਂਥੋਂ ਲੱਭਿਆ ਨਹੀਂ ਗਿਆ, ਪਰ ਵੇਖੀਂ, ਉਹਨੇ ਆਪੇ ਈ ਬਾਹਰ ਆ ਕੇ, ਘੁੱਟ ਕੇ ਗਲ ਨਾਲ ਲਾ ਲੈਣਾ ਐ ਤੇ ਆਖਣਾ ਬਾਪੂ ਮੈਂ ਆ ਗਿਆ...

ਗੁਰਕੀਰਤ ਦੇ ਪੈਰ ਬਾਪੂ ਦੀ ਗੱਲਾਂ ਸੁਣ ਕੇ ਉਸ ਵੱਲ ਭੱਜ ਪਏ ਤੇ, ਤੇ ਜ਼ੋਰ ਦੀ ਆਵਾਜ਼ ਮਾਰੀ... ਹਾਂ ਬਾਪੂ ਮੈਂ ਆ ਗਿਆ ਈ, ਆਜਾ ਮੇਰੇ ਕਾਲਜੇ ਲੱਗ ਜਾ ਬਾਪੂ, ਤੇਰੇ ਬਿਨ੍ਹਾਂ ਕਦੇ ਕਿਸੇ ਖੁਸ਼ੀ ਨੂੰ, ਕਿਸੇ ਸੁੱਖ ਨੂੰ ਮਾਣ ਨਹੀਂ ਸਕਿਆ ਮੈਂ...

ਆਵਾਜ਼ ਸੁਣ ਕੇ ਬਲਬੀਰ ਸਿੰਘ ਨੇ ਪਿੱਛੇ ਮੁੜ ਗੁਰਕੀਰਤ ਨੂੰ ਵੇਖਿਆ, ਹੱਥੋਂ ਖੂੰਡੀ ਛੁੱਟ ਗਈ, ਲੱਤਾਂ ਵਿੱਚ ਜਾਣ ਆ ਗਈ ਤੇ ਉੱਚੀ ਸਾਰੀ ਬੋਲਿਆ, ਵੇਖ ਓਏ ਪ੍ਰਦੂਮਣਿਆਂ, 'ਓ ਸੱਚੀਂ ਆ ਗਿਆ ਈ ਮੇਰਾ ਪੁੱਤ ਕੀਰਤ, ਮੈਂ ਨਾ ਕਹਿੰਦਾ ਸੀ ਕਿ ਉਹ ਜ਼ਰੂਰ ਆਊਗਾ, ਕਹਿੰਦਾ ਹੋਇਆ ਪੁੱਤ ਕੀਰਤ ਦੇ ਘੁੱਟ ਕੇ ਗਲ ਲੱਗ ਗਿਆ।

ਮਾਹੌਲ ਬੜਾ ਭਾਵੁਕ ਤੇ ਗਮਗੀਨ ਹੋ ਗਿਆ। ਕਿੱਥੇ ਚਲਿਆ ਗਿਆ ਸੀ ਪੁੱਤਰਾ, ਬੱਸ ਤੈਨੂੰ ਆਖਰੀ ਵਾਰ ਦੇਖਣ ਲਈ ਹੀ ਜਿਊਂਦਾ ਹਾਂ, ਉਹ ਪ੍ਰਮਾਤਮਾ ਬੜਾ ਬਲੀ ਹੈ, ਮੇਰੀ ਅਰਦਾਸ ਉਸਨੇ ਸੁਣ ਲਈ, ਮੈਂ ਧੰਨ ਹੋ ਗਿਆ ਪੁੱਤਰਾ, ਮੈਂ ਧੰਨ ਹੋ ਗਿਆ।

ਬਾਪੂ ਮੈਂ ਕਿਤੇ ਨਹੀਂ ਸੀ ਗਿਆ, ਬਸ ਰੱਬ ਦੀ ਮਰਜ਼ੀ ਹੀ ਸੀ।

ਬਿਰਧ ਘਰ ਦੀ ਮੈਨੇਜਮੈਂਟ ਨੇ ਦੋਹਾਂ ਪਿਉ ਪੁੱਤਰਾਂ ਦੀ ਇਸ ਮਿਲਣੀ ਨੂੰ





ਮਾਣਿਆ ਹੈ ਅਤੇ ਪਿਉ-ਪੁੱਤ ਦੇ ਇੱਕ ਸੱਚੇ ਰਿਸ਼ਤੇ ਨੂੰ ਵੇਖਿਆ।

ਹੁਣ ਬੱਸ ਸਾਰਿਆਂ ਦੇ ਦਿਲ ਵਿੱਚ ਇਹੀ ਸਵਾਲ ਸੀ ਕਿ ਇਸ ਸਾਰੇ ਪਿੱਛੇ ਮਾਜ਼ਰਾ ਕੀ ਹੈ? ਸੱਭ ਦੀਆਂ ਅੱਖਾਂ ਕੀਰਤ ਅਤੇ ਬਲਬੀਰ ਸਿੰਘ ਵੱਲ ਟਿਕੀਆਂ ਹੋਈਆਂ ਸਨ, ਮਨ ਵਿੱਚ ਕਈ ਕੁੱਝ ਆ ਰਿਹਾ ਸੀ, ਕਿ ਕੀਰਤ ਤਾਂ ਮਰ ਚੁੱਕਾ ਸੀ? ਜਾਂ ਬਲਬੀਰ ਸਿੰਘ ਸੱਚ ਬੋਲਦਾ ਸੀ, ਕੁੱਝ ਵੀ ਕਿਸੇ ਦੀ ਸਮਝ ਵਿੱਚ ਨਹੀਂ ਸੀ। ਜੇ ਦੋਹਾਂ ਪਿਉ-ਪੁੱਤਰਾਂ ਵਿੱਚ ਇੰਨਾ ਪਿਆਰ ਹੈ ਤਾਂ ਘਰੋਂ ਚੁੱਕ ਕੇ ਪਿਉ ਨੂੰ ਇੱਥੇ ਕਿਉਂ ਸੁੱਟ ਗਿਆ? ਪਿਛਲੇ ਇੰਨੇ ਸਾਲਾਂ ਵਿੱਚ ਪਿਉ ਦੀ ਯਾਦ ਕਿਉਂ ਨਾ ਆਈ?

ਹਰਕੀਰਤ ਨੇ ਸਾਰੀ ਕਹਾਣੀ ਦੱਸਣੀ ਸ਼ੁਰੂ ਕੀਤੀ। ਅਸੀਂ ਦੋ ਭਰਾ ਹਾਂ ਮੈਂ ਅਤੇ ਮੇਰਾ ਛੋਟਾ ਮਨਬੀਰ ਸਿੰਘ। ਸਾਡੀ ਮਾਂ ਬਚਪਨ ਵਿੱਚ ਗੁਜ਼ਰ ਗਈ ਸੀ। ਉਦੋਂ ਮੇਰੀ ਉਮਰ 7 ਸਾਲ ਤੇ ਛੋਟੇ ਦੀ 3 ਕੁ ਸਾਲ ਸੀ। ਦੋਹਾਂ ਭਰਾਵਾਂ ਨੂੰ ਕਿਤੇ ਮਤਰੇਈ ਮਾਂ ਕਿਸੇ ਤਰ੍ਹਾਂ ਕੋਈ ਦੁੱਖ, ਕਸ਼ਟ ਨਾ ਦੇਵੇ, ਮੇਰੇ ਬਾਪੂ ਨੇ ਕਦੇ ਦੂਜੇ ਵਿਆਹ ਦੀ ਸੋਚੀ ਵੀ ਨਾਂਹ। ਸਾਡੀ ਮਾਂ ਵੀ ਇਹੋ ਤੇ ਪਿਉ ਵੀ ਇਹੋ ਸੀ। ਇੱਕ ਮਿਹਨਤਕਸ਼ ਇਨਸਾਨ ਹੋਣ ਦੇ ਨਾਲ ਧਾਰਮਿਕ ਬਿਰਤੀ ਹੋਣ ਕਰਕੇ ਇਸ ਬੰਦੇ ਵਿੱਚ ਰੱਬ ਤੇ ਭਰੋਸਾ, ਸਹਿਜ ਤੇ ਸਬਰ-ਸੰਤੋਖ ਕਦੇ ਨਾ ਮੁੱਕਿਆ। ਸਾਨੂੰ ਦੋਹਾਂ ਭਰਾਵਾਂ ਨੂੰ ਪੜ੍ਹਾਇਆ ਲਿਖਾਇਆ ਤੇ ਵੱਡੇ ਕੀਤਾ। ਜਦ ਜਵਾਨੀ ਵਿੱਚ ਪੈਰ ਧਰਦਿਆਂ ਮੇਰੇ ਵਿਆਹ ਦੀ ਗੱਲ ਨਾਲਦੇ ਪਿੰਡ ਚੱਲੀ ਤਾਂ ਮੈਂ ਬਾਪੂ ਨੂੰ ਕਿਹਾ ਬਾਪੂ, ਮੈਂ ਬਾਹਰ ਜਾਣਾ ਚਾਹੁੰਦਾ ਜੇ ਤੂੰ ਹਾਂ ਕਰ ਦੇਵੇਂ, ਵਿਆਹ ਤਾਂ ਬਾਅਦ ਵਿੱਚ ਵੀ ਹੋਜੂ। ਮੈਂ ਵਿਦੇਸ਼ ਜਾ ਕੇ ਹੋਰ ਵੀ ਕਾਮਯਾਬ ਬਣਨਾ ਚਾਹੁੰਦਾ ਹਾਂ। ਬਾਪੂ ਨੇ ਨਾ ਚਾਹੁੰਦਿਆਂ ਵੀ ਆਪਣੀ ਅੱਧੀ ਜ਼ਮੀਨ ਵੇਚ ਛੱਡੀ ਤੇ ਠੱਗ ਏਜੰਟਾਂ ਦੇ ਢਹੇ ਚੜ੍ਹ ਕੇ ਲੱਖਾਂ ਰੁਪਿਆਂ ਦਾ ਨੁਕਸਾਨ ਕਰਵਾ ਕੇ, ਸਾਲ ਦੋ ਸਾਲ ਦੀ ਜੱਦੋ ਜਹਿਦ ਕਰਕੇ ਮੈਨੂੰ ਵਿਦੇਸ਼ ਭੇਜ ਦਿੱਤਾ।

ਬੁਰੀ ਕਿਸਮਤ ਨੂੰ ਵੀਜ਼ਾ ਨਕਲੀ ਸੀ ਤੇ ਦੂਜਾ ਸਾਨੂੰ ਕਿਤੇ ਹੋਰ ਹੀ ਇਲਾਕੇ ਜੰਗਲਾਂ ਬੀਆਬਾਨਾਂ ਵਿੱਚ ਛੱਡ ਦਿੱਤਾ ਗਿਆ। ਛੇ ਮਹੀਨੇ ਦੀ ਜੱਦੋ ਜਹਿਦ ਬਾਅਦ ਸਮੁੰਦਰ ਦੇ ਰਸਤੇ ਅਸੀਂ ਉਥੇ ਪੁਜੇ, ਪਹਿਲਾਂ ਲੁੱਕ ਛਿਪ ਕੇ ਕੰਮ ਕਰਦੇ ਰਹੇ, ਫਿਰ ਹੌਲੀ ਹੌਲੀ ਸਖਤ ਮਿਹਨਤ ਨਾਲ, ਜੋ ਆਪਣੇ ਬਾਪੂ ਤੋਂ ਸਿੱਖੀ ਸੀ ਉਸਦੀ ਬਰਕਤ ਨਾਲ ਮੈਂ ਤਿੰਨ ਸਾਲ ਬਾਅਦ ਪੱਕਾ ਹੋਇਆ। ਘਰ ਫੋਨ ਕਰਦਾ ਰਿਹਾ ਪਰ ਕਦੇ ਵੀ ਘਰ ਦੇ ਕਿਸੇ ਮੈਂਬਰ ਨਾਲ ਗੱਲ ਨਾ ਹੋ ਸਕੀ। ਛੋਟੇ ਮਨਬੀਰ ਨੇ ਇੱਕ ਵਾਰ ਫੋਨ ਚੁੱਕਿਆ ਤੇ ਦੱਸਿਆ ਕਿ ਮੇਰੇ ਬਾਪੂ ਦੀ ਮੌਤ ਹੋ ਗਈ ਹੈ ਦੋ ਸਾਲ ਹੋ ਚੁੱਕੇ ਹਨ।

ਜਦੋਂ ਮੈਂ ਕੈਨੇਡਾ ਗਿਆ ਸੀ ਉਸੇ ਦਿਨ ਇੱਕ ਜਹਾਜ ਹਾਦਸਾਗ੍ਰਸਤ

ਹੋਇਆ ਸੀ। ਏਜੰਟ ਨੇ ਦੱਸਿਆ ਕਿ ਉਸ ਵਿੱਚ ਹਰਕੀਰਤ ਦੀ ਮੌਤ ਹੋ ਗਈ ਹੈ।

ਇਸ ਪਿੱਛੇ ਵੀ ਇਹੀ ਸੱਚ ਸੀ ਕਿ ਏਜੰਟ ਧੋਖੇਬਾਜ਼ ਸੀ, ਤੇ ਲੋਕ ਉਸ ਕੋਲੋਂ ਆਪਣੇ ਪੁੱਤਰਾਂ ਬਾਰੇ ਨਾ ਪੁੱਛਣ ਇਸ ਲਈ ਉਸਨੇ ਉਸ ਹਾਦਸਾਗ੍ਰਸਤ ਜਹਾਜ ਨੂੰ, ਸਾਡੇ ਵਾਲਾ ਜਹਾਜ਼ ਬਣਾ ਦਿੱਤਾ। ਮੈਨੂੰ ਬਾਪੂ ਦੀ ਮੌਤ ਦਾ ਯਕੀਨ ਨਾ ਹੋਇਆ ਜਦ ਵੀਰੇ ਨੇ ਦੱਸਿਆ ਕਿ ਬਾਪੂ ਦੀ ਸੰਖੇਪ ਬਿਮਾਰੀ ਤੋਂ ਬਾਅਦ ਮੌਤ ਹੋਈ ਹੈ। ਖੈਰ! ਅਣਚਾਹੇ ਜਿਹੇ ਮਨ ਨਾਲ ਇਸ ਭਾਣੇ ਨੂੰ ਮੰਨ ਲਿਆ।

ਬਾਕੀ ਬਾਪੂ ਜੀ ਤੁਸੀਂ ਦੱਸੋ, ਕੀ ਗੱਲ ਹੋਈ ਸੀ??

ਹੋਣਾਂ ਕੀ ਸੀ ਪੁੱਤਰਾ, ਮੈਂ ਤਾਂ ਕਦੀ ਵੀ ਯਕੀਨ ਨਹੀਂ ਕੀਤਾ, ਕਿ ਮੇਰਾ ਪੁੱਤ ਇਸ ਦੁਨੀਆ ਵਿੱਚ ਨਹੀਂ ਹੈ। ਲੋਕੀ ਜੋ ਮਰਜ਼ੀ ਪਏ ਸੀ ਕਹਿੰਦੇ, ਮੈਨੂੰ ਪੂਰਾ ਯਕੀਨ ਸੀ ਉਸ ਸੱਚੇ ਰੱਬ ਤੇ, ਕਿ ਮੇਰੇ ਤੋਂ ਮੇਰਾ ਪੁੱਤ ਇੱਦਾਂ ਨਹੀਂ ਖੋਹ ਸਕਦਾ। ਭਰੋਸਾ ਸੀ ਕਿ ਇੱਕ ਨਾ ਇੱਕ ਦਿਨ ਤੂੰ ਜ਼ਰੂਰ ਆਵੇਂਗਾ।

ਛੋਟੇ ਮਨਬੀਰ ਨੇ ਵੀ ਘਰ ਬਿਨ੍ਹਾਂ ਗੱਲ ਕੀਤਿਆਂ ਕੋਰਟ ਮੈਰਿਜ਼ ਕਰਵਾ ਲਈ ਤੇ ਆਪਣੀ ਵਹੁਟੀ ਸਮੇਤ ਘਰ ਆ ਢੁੱਕਿਆ। ਚੱਲੋ ਘਰ ਵਿੱਚ ਧੀ ਆ ਗਈ, ਰੋਟੀ-ਟੁੱਕ ਸੋਹਣਾ ਪੱਕਣ ਲੱਗ ਪਿਆ ਤੇ ਜਿੰਦਗੀ ਮੁੜ ਹੌਲੀ-ਹੌਲੀ ਲੀਹਾਂ ਤੇ ਆਉਣ ਲੱਗ ਪਈ। ਪਰ ਸਮਾਂ ਬੀਤਣ ਦੇ ਨਾਲ ਆਪਣੀ ਘਰਵਾਲੀ ਦੇ ਮਗਰ ਲੱਗ ਕੇ ਮਨਬੀਰ ਨੇ ਮੇਰੀ ਸਾਰੀ ਜਾਇਦਾਦ ਨੂੰ ਆਪਣੇ ਨਾਮ ਤੇ ਕਰਵਾਉਣ ਲਈ ਮੈਨੂੰ ਕਿਹਾ, ਮੈਂ ਇੱਕ ਤੇਰਾ ਤੇ ਇੱਕ ਉਸਦਾ ਦੋ ਹਿੱਸੇ ਕਰਦਾ ਸੀ, ਪਰ ਉਹ ਸਾਰੀ ਜ਼ਮੀਨ ਚਾਹੁੰਦਾ ਸੀ।

ਮੈਂ ਬੜਾ ਸਮਝਾਇਆ ਕਿ ਮੇਰੇ ਮਗਰੋਂ ਇਹ ਸਾਰੀ ਤੇਰੀ ਹੀ ਹੋ ਜਾਣੀ ਹੈ, ਪਰ ਉਹ ਜਨਾਨੀ ਦੀ ਚੁੱਕਣਾ ਵਿੱਚ ਆ ਕੇ ਕਾਗਜ਼ੀ ਕਾਰਵਾਈ ਮੁਕਾਉਣ ਲਈ ਕਾਹਲਾ ਪੈਣ ਲੱਗ ਪਿਆ। ਉਸਦੀ ਘਰਵਾਲੀ ਵੀ ਨਿੱਤ ਕਲੇਸ਼ ਕਰਦੀ, ਘਰ ਵਿੱਚ ਸੁੱਖ ਸ਼ਾਤੀ ਕਿੱਧਰੇ ਉੱਡ ਹੀ ਗਿਆ। ਉਹ ਕੰਮ ਤੇ ਜਾਂਦਾ ਤੇ ਮਗਰੋਂ ਮੈਨੂੰ ਸ਼ਾਮਾਂ ਤੱਕ ਰੋਟੀ ਨਾ ਜੁੜਦੀ। ਮੈਂ ਸੱਚੇ ਪਰਵਦਗਾਰ ਦੇ ਭਾਣੇ ਵਿੱਚ ਕਦੀਂ ਗਰਦੁਆਰੇ ਲੰਗਰ ਛੱਕ ਆਉਂਦਾ ਤੇ ਕਦੀ ਦੋ ਰੋਟੀਆ ਨਾਲ ਲੈ ਆਉਂਦਾ। ਜਦ ਨੂੰਹ ਸੱਜੇ-ਖੱਬੇ ਹੁੰਦੀ ਤਾਂ ਚੋਰੀ-ਚੋਰੀ ਖਾ ਕੇ ਵਕਤ ਲੰਘਾ ਲੈਂਦਾ।

ਇੱਕ ਦਿਨ ਮੈਨੂੰ ਹਾਰਟ ਅਟੈਕ ਆ ਗਿਆ। ਦੋਵੇਂ ਨੂੰਹ ਤੇ ਪੁੱਤ ਮੈਨੂੰ ਹਸਪਤਾਲ ਲੈ ਗਏ। ਮੇਰੇ ਦਿਲ ਤੇ ਬੜਾ ਬੋਝ ਸੀ ਪੁੱਤਰਾ। ਆਖੀਰ ਮੈਂ ਹਾਰ ਮੰਨ ਕੇ





ਜਿਉਂਦਾ ਰਹਿਣ ਲਈ ਤੇ ਤੇਰੀ ਤਾਂਘ ਵਿੱਚ, ਸਾਰੀ ਜ਼ਮੀਨ ਜਾਇਦਾਦ ਛੋਟੇ ਪੁੱਤ ਮਨਬੀਰ ਦੇ ਨਾਮ ਕਰ ਦਿੱਤੀ। ਇਸ ਨਾਲ ਕਲੇਸ਼ ਤਾਂ ਮੁੱਕ ਗਿਆ। ਪਰ ਉਸਨੇ ਜ਼ਮੀਨ ਵੇਚਣੀ ਸ਼ੁਰੂ ਕਰ ਦਿੱਤੀ ਤੇ ਬਦਲੇ ਵਿੱਚ ਮਿਲਣ ਵਾਲੇ ਪੈਸਿਆਂ ਨਾਲ ਐਸ਼-ਇਸ਼ਰਤ ਦੀਆਂ ਮਹਿੰਗੀਆਂ ਚੀਜਾਂ ਘਰ ਆਉਣ ਲੱਗ ਪਈਆਂ, ਜਿਹਨਾਂ ਵਿੱਚ ਚੰਦਰੀ ਸ਼ਰਾਬ ਵੀ ਇਸ ਘਰ ਵਿੱਚ ਆਣ ਵੜੀ। ਮਨਬੀਰ ਅਕਸਰ ਨਸ਼ੇ ਵਿੱਚ ਰਹਿੰਦਾ ਤੇ ਇਸ ਸ਼ਰਾਬ ਦੀ ਨਿੱਕੀ ਜਿਹੀ ਬੋਤਲ ਵਿੱਚ ਤੇਰੀ ਪਿਉ ਦੀ ਸਾਰੀ ਜਿੰਦਗੀ ਦੀ ਮਿਹਨਤ, ਘਰ ਦੀ ਜ਼ਮੀਨ-ਜਾਇਦਾਦ ਰੁੜ੍ਹਨ ਲੱਗ ਪਈ। ਜਦ ਇੱਕ ਵਾਰ ਮੈਂ ਰੋਕਿਆ ਤਾਂ ਘਰ ਵਿੱਚ ਪੂਰਾ ਮਹਾਂਭਾਰਤ ਹੋਇਆ ਤੇ ਅਗਲੇ ਦਿਨ ਮਨਬੀਰ ਮੈਨੂੰ ਹਸਪਤਾਲੋਂ ਦਵਾਈ ਲੈਣ ਦੇ ਬਹਾਨੇ ਗੱਡੀ ਵਿੱਚ ਬਿਠਾ ਕੇ, ਇਸ ਬਿਰਧ ਘਰ ਦੇ ਸਾਹਮਣੇ ਛੱਡ ਗਿਆ। ਮੈਂ ਸੱਭ ਕੁੱਝ ਸਮਝ ਗਿਆ ਅਤੇ ਇੱਥੇ ਆ ਕੇ ਠਹਿਰ ਗਿਆ। ਇੱਥੇ ਮੈਨੂੰ ਮੇਰੇ ਵਰਗੇ ਹੋਰ ਯਾਰ ਮਿਲ ਪਏ ਤੇ ਮੈਂ ਨਵੀਂ ਜਿੰਦਗੀ ਸ਼ੁਰੂ ਕਰ ਲਈ। ਨਾ ਤਾਂ ਕਦੇ ਮਨਬੀਰ ਆਇਆ ਤੇ ਨਾ ਹੀ ਮੈਂ ਉਸ ਕੋਲ ਮੁੜ ਕਦੇ ਗਿਆ।

ਪਰ ਕੀਰਤ ਪੁੱਤ! ਤੈਨੂੰ ਕਿੱਦਾਂ ਪਤਾ ਲੱਗਾ ਮੈਂ ਇੱਥੇ ਹਾਂ..?

ਬਾਪੂ ਜੀ, ਛੋਟੇ ਵੀਰ ਮਨਬੀਰ ਨੇ ਦੱਸਿਆ...।

...... ਉਹ ਤੇਰਾ ਛੋਟਾ ਵੀਰ ਨਹੀਂ ਆ ਪੁੱਤ, ਮੇਰਾ ਇੱਕੋ ਈ ਪੁੱਤ ਆ ਮੇਰਾ ਕੀਰਤ।

... ਨਹੀਂ ਬਾਪੂ ਜੀ! ਉਹ ਬੜਾ ਸ਼ਰਮਿੰਦਾ ਹੈ। ਆਪਣੇ ਕੀਤੇ ਤੇ। ਬਾਪੂ ਜੀ ਤੁਹਾਨੂੰ ਇੱਥੇ ਛੱਡ ਕੇ ਜਾਣ ਮਗਰੋਂ ਉਸਦੀ ਗੱਡੀ ਦਾ ਰਸਤੇ ਵਿੱਚ ਐਕਸੀਡੈਂਟ ਹੋ ਗਿਆ ਸੀ ਜਿਸ ਕਰਕੇ ਉਸਦੀ ਇੱਕ ਲੱਤ ਬੁਰੀ ਤਰ੍ਹਾਂ ਟੁੱਟ ਗਈ। ਉਸਦੇ ਇਲਾਜ ਤੇ ਰਹਿੰਦੀ ਜਾਇਦਾਦ ਵੀ ਜਾਂਦੀ ਰਹੀ ਤੇ ਘਰਵਾਲੀ ਅਤੇ ਉਸਦੇ ਬੱਚੇ ਸੜਕ ਤੇ ਆ ਗਏ। ਉਸਦੀ ਘਰਵਾਲੀ ਵੀ ਸਾਹ ਦੀ ਬਿਮਾਰੀ ਨਾਲ ਪੀੜ੍ਹਿਤ ਹੈ ਤੇ ਦੋਵੇਂ ਹਸਪਤਾਲ ਵਿੱਚ ਮਰੀਜ਼ ਬਣੇ ਪਏ ਨੇ। ਇੱਕ ਟੁੱਟੀ ਜਿਹੀ ਝੌਂਪੜੀ ਵਿੱਚ ਗੁਜ਼ਾਰਾ ਕਰਦੇ ਨੇ।

ਮੈਂ ਤਾਂ ਅਕਸਰ ਹੀ ਇੰਡੀਆ ਫੋਨ ਕਰਦਾ ਰਿਹਾ, ਪਰ ਨੰਬਰ ਬੰਦ ਰਿਹਾ ਤੇ ਮੈਂ ਇਹਨਾਂ ਬਾਰੇ ਪਤਾ ਨਹੀਂ ਕਰ ਸਕਿਆ। ਪਰ ਜਦ ਮੈਂ ਇਹਨਾਂ ਦੀ ਗਰੀਬੀ, ਮਜਬੂਰੀ ਅਤੇ ਬੇਬਸੀ ਉੱਤੇ ਕਿਸੇ ਪੱਤਰਕਾਰ ਵੱਲੋਂ ਅਖਬਾਰ ਵਿੱਚ ਲਿਖੀ ਦਾਨੀ ਸੱਜਣਾਂ ਨੂੰ ਅਪੀਲ ਪੜ੍ਹੀ ਤਾਂ ਵਾਪਿਸ ਇੰਡੀਆ ਆਇਆ।

ਮਨਬੀਰ ਮੇਰੇ ਗੱਲ ਲੱਗ ਇੰਨਾਂ ਉੱਚੀ-ਉੱਚੀ ਰੋਇਆ ਕਿ ਬਰਦਾਸ਼ਤ ਨਹੀਂ ਸੀ ਹੁੰਦਾ। ਫਿਰ ਉਸਨੇ ਮੁਆਫੀ ਮੰਗਦੇ ਹੋਏ ਦੱਸਿਆ ਕਿ ਬਾਪੂ ਜਿੰਦਾ ਹੈ। ਫਿਰ ਮੈਂ ਲੱਭ ਲਭਾ ਕੇ ਇੱਥੇ ਪੁੱਜਾ ਹਾਂ।

ਬੱਸ ਹੁਣ ਤੁਸੀਂ ਜਲਦੀ ਘਰ ਚੱਲੋ। ਨਾਲੇ ਤੁਹਾਨੂੰ ਤੁਹਾਡੀ ਨੂੰਹ ਨਾਲ ਮਿਲਾਉਂਦਾ ਹੈ, ਪਰ ਨੂੰਹ ਅਜੇ ਬਣੀ ਨਹੀਂ, ਤੁਹਾਡਾ ਆਸ਼ੀਰਵਾਦ ਤੋਂ ਬਿਨ੍ਹਾਂ ਕੁੱਝ ਵੀ ਸੰਭਵ ਨਹੀਂ ਬਾਪੂ ਜੀ। ਉਹ ਪੰਜਾਬ ਦੀ ਹੀ ਹੈ, ਕੱਲ ਸਵੇਰੇ ਉਸਨੇ ਇੱਥੇ ਸ਼ਹਿਰ ਮੈਨੂੰ ਮਿਲਣ ਆਉਣਾ ਹੈ।

ਪਰ ਪੁੱਤ ! ਮੇਰਾ ਨਿੱਕਾ ਪੁੱਤ ਮਨਬੀਰ...??

ਹਾਂ ਬਾਪੂ ਜੀ ! ਉਹ ਵੀ ਸਵੇਰੇ ਉਸੇ ਹੋਟਲ ਵਿੱਚ ਮਿਲਣਗੇ। ਮੈਂ ਆਪਣੇ ਦੋਸਤ ਨੂੰ ਕਹਿ ਕੇ ਦੋਵੇਂ ਜਾਣਿਆ ਨੂੰ ਹੋਟਲ ਬੁਲਾ ਲਿਆ ਹੈ ਅਤੇ 50,000/- ਰੁਪਏ ਨਕਦ ਦੇ ਕੇ ਉਹਨਾਂ ਨੂੰ ਕੱਪੜੇ ਤੇ ਘਰ ਦੀਆਂ ਜ਼ਰੂਰੀ ਚੀਜਾਂ ਮੰਗਵਾ ਦਿੱਤੀਆਂ ਹਨ। ਜਲਦੀ ਹੀ ਮੈਂ ਆਪਣੀ ਪੁਰਾਣੀ ਜ਼ਮੀਨ ਦਾ ਸੌਦਾ ਕਰ ਲਵਾਂਗਾ ਤੇ ਆਪਾਂ ਵਾਪਿਸ ਆਪਣੇ ਘਰ ਵਿੱਚ ਜਾਵਾਂਗੇ ਬਾਪੂ। ਨਾਲੇ ਹੁਣ ਤੈਨੂੰ ਛੱਡ ਕੇ ਨਹੀਂ ਜਾਣਾ, ਇੱਥੇ ਰਹੂੰਗਾ ਆਪਣੇ ਸਾਰੇ ਪਰਿਵਾਰ ਨਾਲ।

ਬਾਪੂ ਜੀ ! ਲੋਕੀ ਜੋ ਮਰਜ਼ੀ ਕਹਿਣ, ਮੇਰਾ ਬਾਪੂ ਮੇਰੇ ਲਈ ਸੱਭ ਕੁੱਝ ਹੈ, ਭਾਵੇਂ ਬੱਚਾ ਜੰਮਦਾ ਆਪਣੀ ਮਾਂ ਨੂੰ ਯਾਦ ਕਰਦਾ ਹੈ, ਪਰ ਬਾਪੂ ਤੋਂ ਬਿਨ੍ਹਾਂ ਜਿੰਦਗੀ ਦੇ ਸੁੱਖ, ਸੁਪਨਿਆਂ ਦੀ ਪੂਰਤੀ, ਜਿੰਦਗੀ ਦੇ ਕੌੜੇ-ਮਿੱਠੇ ਤਜ਼ੁਰਬੇ ਬਾਪੂ ਕੋਲੋਂ ਹੀ ਮਿਲਦੇ ਨੇ। ਬਾਪੂ ਦੇ ਕੰਧਾਰੇ ਦਾ ਸੁੱਖ, ਮਾਂ ਦੀ ਗੋਦ ਜਿੰਨਾਂ ਹੀ ਹੁੰਦਾ ਹੈ।







ਨਵਨੀਤ ਦੀ ਕਾਰ ਮੇਨ ਰੋਡ ਤੇ ਆਪਣੀ ਸਪੀਡ ਵਿੱਚ ਜਾ ਰਹੀ ਸੀ ਕਿ ਉਸਨੇ ਦੇਖਿਆ ਕਿ ਸੜਕ ਤੇ ਕੁੱਝ ਭੀੜ ਜਮ੍ਹਾਂ ਹੋਈ ਪਈ ਹੈ, ਕਾਰ ਵਿੱਚੋਂ ਉੱਤਰ ਕੇ ਜਦ ਭੀੜ ਵੱਲ ਗਈ ਤਾਂ ਪਤਾ ਲੱਗਾ ਕਿ ਕਿਸੇ ਅਣਪਛਾਤੇ ਵਾਹਨ ਨਾਲ ਟਕਰਾਉਣ ਤੋਂ ਬਾਅਦ ਇੱਕ ਔਰਤ ਸੜਕ ਤੇ ਜ਼ਖਮੀ ਪਈ ਹੈ। ਲੋਕ ਐਂਬੁਲਸ ਦਾ ਇੰਤਜ਼ਾਰ ਕਰ ਰਹੇ ਸਨ, ਪਰ ਨਵਨੀਤ ਨੇ ਤੁਰੰਤ ਲੋਕਾਂ ਦੀ ਮੱਦਦ ਨਾਲ ਉਸ ਜ਼ਖਮੀ ਔਰਤ ਨੂੰ ਆਪਣੀ ਗੱਡੀ ਵਿੱਚ ਬਿਠਾਇਆ ਅਤੇ ਪਹਿਲਾਂ ਸਿੱਧੀ ਹਸਪਤਾਲ ਪੁੱਜੀ। ਜਿੱਥੇ ਤੁਰੰਤ ਡਾਕਟਰਾਂ ਨੇ ਜ਼ਖਮੀ ਔਰਤ ਦਾ ਇਲਾਜ ਸ਼ੁਰੂ ਕਰ ਦਿੱਤਾ ।

# ਭਲਾ ਕਰੀਂ ਦਾਤਿਆ

ਆਪਣੇ ਪੁਰਾਣੇ ਅਤੇ ਇਮਾਨਦਾਰ ਨੌਕਰ ਨੂੰ ਖੁਸ਼ੀ-ਖੁਸ਼ੀ ਦੱਸਦਿਆਂ ਨਵਨੀਤ ਨੇ ਕਿਹਾ, ਬਾਬੂ ਜੀ ! ਮੈਂ ਜ਼ਰਾ ਸਾਹਬ ਦੇ ਆਫਿਸ ਚੱਲੀ ਹਾਂ ਤੇ ਉੱਥੋਂ ਅਸੀਂ ਕਿਤੇ ਅੱਗੇ ਕਿਸੇ ਕੰਮ ਜਾਣਾ ਹੈ, ਅੱਜ ਤੁਹਾਡੇ ਸਾਹਬ ਦੀ ਕੰਪਨੀ ਨੂੰ ਵਿਦੇਸ਼ ਤੋਂ ਵੱਡਾ ਆਰਡਰ ਮਿਲਿਆ ਹੈ, ਉਸੇ ਦੀ ਖੁਸ਼ੀ ਵਿੱਚ ਸ਼ਾਮੀਂ ਡਿਨਰ ਬਾਹਰ ਹੀ ਕਰ ਆਉਣਾ ਹੈ, ਕੁੱਝ ਬਣਾਈ ਨਾਂਹ। ਨਾਲੇ ਦੱਸ ਦੇ ਜੇ ਤੂੰ ਕੁੱਝ ਮੰਗਵਾਉਣਾ ਹੈ...??

ਬਾਬੂ ਨੇ ਆਸੀਸ ਦਿੰਦਿਆਂ ਕਿਹਾ ਜਿਉਂਦੇ ਵੱਸਦੇ ਰਹੋ ਪੁੱਤ! ਮੈਨੂੰ ਕੁੱਝ ਨਹੀਂ ਚਾਹੀਦਾ ਤੇ ਮਾਲਕ ਨੂੰ ਮੇਰੇ ਵੱਲੋਂ ਵਧਾਈ ਦੇਣਾ। ਇੰਨਾ ਕਹਿ ਕੇ ਨਵਨੀਤ ਆਪਣੀ ਕਾਰ ਵਿੱਚ ਬੈਠ ਕੇ ਆਫੀਸ ਵੱਲ ਨੂੰ ਚੱਲ ਪਈ, ਡਰਾਈਵਰ ਛੁੱਟੀ ਤੇ ਹੋਣ ਕਰਕੇ ਅੱਜ ਕਾਰ ਨਵਨੀਤ ਖੁਦ ਡਰਾਈਵ ਕਰ ਰਹੀ ਸੀ।

ਨਵਨੀਤ ਕੌਰ ਨੂਰ, ਨੂਰ ਪਬਲੀਕੇਸ਼ਨ ਦੇ ਮਾਲਕ ਦੀ ਘਰਵਾਲੀ ਸੀ। ਜਿਸਨੇ ਕੇਵਲ ਦੋ ਸਾਲਾਂ ਦੀ ਸਖਤ ਮਿਹਨਤ ਅਤੇ ਲਗਨ ਨਾਲ, ਨੂਰ ਪਬਲੀਕੇਸ਼ਨ ਨੂੰ ਦੁਨੀਆ ਭਰ ਵਿੱਚ ਮਕਬੂਲ ਕਰ ਦਿੱਤਾ ਸੀ। ਸੰਸਾਰ ਭਰ ਵਿੱਚ ਪੁਸਤਕ ਵਿਕਰੇਤਾ ਅਤੇ ਛਾਪਕ/ਪ੍ਰਕਾਸ਼ਕ ਵਜੋਂ ਅੱਜ ਨੂਰ ਪਬਲੀਕੇਸ਼ਨ ਦੀ ਤੂਤੀ ਬੋਲਦੀ ਸੀ। ਦੋਵੇਂ ਹੀ ਮੀਆਂ-ਬੀਬੀ ਵਿੱਚ ਆਪਸੀ ਇਤਫਾਕ ਅਤੇ ਦੋਹਾਂ ਨੇ ਸਾਂਝੇ ਤੌਰ ਤੇ ਸੋਸ਼ਲ ਵੈਲਫੇਅਰ ਨਾਮੀ ਸੰਸਥਾ ਬਣਾਈ ਹੋਈ ਸੀ, ਜਿਸ ਕਰਕੇ ਆਮ ਲੋਕਾਂ ਵਿੱਚ ਵੀ ਨਵਨੀਤ ਅਤੇ ਉਸਦਾ ਪਤੀ ਮਸ਼ਹੂਰ ਸਨ ਅਤੇ ਲੋਕ ਉਹਨਾਂ ਦੀ ਰਾਜ਼ੀ ਖੁਸ਼ੀ ਰੱਬ ਕੋਲੋਂ ਨਿੱਤ ਮੰਗਦੇ ਸਨ।

ਨਵਨੀਤ ਦੀ ਕਾਰ ਮੇਨ ਰੋਡ ਤੇ ਆਪਣੀ ਸਪੀਡ ਵਿੱਚ ਜਾ ਰਹੀ ਸੀ ਕਿ ਉਸਨੇ ਦੇਖਿਆ ਕਿ ਸੜਕ ਤੇ ਕੁੱਝ ਭੀੜ ਜਮ੍ਹਾਂ ਹੋਈ ਪਈ ਹੈ, ਕਾਰ ਵਿੱਚੋਂ ਉੱਤਰ ਕੇ ਜਦ ਭੀੜ ਵੱਲ ਗਈ ਤਾਂ ਪਤਾ ਲੱਗਾ ਕਿ ਕਿਸੇ ਅਣਪਛਾਤੇ ਵਾਹਨ ਨਾਲ ਟਕਰਾਉਣ ਤੋਂ ਬਾਅਦ ਇੱਕ ਔਰਤ ਸੜਕ ਤੇ ਜ਼ਖਮੀ ਪਈ ਹੈ। ਲੋਕ ਐਂਬੂਲਸ ਦਾ ਇੰਤਜ਼ਾਰ ਕਰ ਰਹੇ ਸਨ, ਪਰ ਨਵਨੀਤ ਨੇ ਤੁਰੰਤ ਲੋਕਾਂ ਦੀ ਮੱਦਦ ਨਾਲ ਉਸ ਜ਼ਖਮੀ ਔਰਤ ਨੂੰ





ਆਪਣੀ ਗੱਡੀ ਵਿੱਚ ਬਿਠਾਇਆ ਅਤੇ ਪਹਿਲਾਂ ਸਿੱਧੀ ਹਸਪਤਾਲ ਪੁੱਜੀ। ਜਿੱਥੇ ਤੁਰੰਤ ਡਾਕਟਰਾਂ ਨੇ ਜ਼ਖਮੀ ਔਰਤ ਦਾ ਇਲਾਜ ਸ਼ੁਰੂ ਕਰ ਦਿੱਤਾ ।

ਘਬਰਾਉਣ ਵਾਲੀ ਕੋਈ ਗੱਲ ਨਹੀਂ ਹੈ, ਡਾਕਟਰ ਨੇ ਕਿਹਾ।

ਪਰ ਫਿਰ ਵੀ ਨਵਨੀਤ ਨੂੰ ਇੱਕ ਫਿਕਰ ਜਿਹਾ ਲੱਗਾ ਹੋਇਆ ਸੀ ਕਿ ਨਰਸ ਨੇ ਕਮਰੇ ਵਿੱਚੋਂ ਆ ਕੇ ਕਿਹਾ ਕਿ, 'ਉਹ ਔਰਤ ਖਤਰੇ ਤੋਂ ਬਾਹਰ ਹੈ ਅਤੇ ਤੁਹਾਨੂੰ ਮਿਲਣਾ ਚਾਹੁੰਦੀ ਹੈ।'

ਨਵਨੀਤ ਤੁਰੰਤ ਕਮਰੇ ਅੰਦਰ ਦਾਖਲ ਹੋਈ ਤਾਂ ਅੱਗੋਂ ਉਹ ਔਰਤ, ਨਵਨੀਤ ਦੇ ਪੈਰਾਂ ਵਿੱਚ ਡਿੱਗ ਪਈ ਤੇ ਉਸ ਨੂੰ ਲੰਮੀ ਉਮਰ ਦੀਆਂ ਦੁਆਵਾਂ ਦਿੰਦੀ, ਉਸਦਾ ਧੰਨਵਾਦ ਕਰਦੀ ਹੋਈ, ਉੱਚੀ-ਉੱਚੀ ਰੋ ਪਈ। ਨਵਨੀਤ ਨੇ ਉਸਨੂੰ ਮੋਢਿਆਂ ਤੋਂ ਫੜ੍ਹ ਕੇ ਉੱਤੇ ਚੁੱਕਿਆ ਤੇ ਆਖਿਆ, 'ਦੀਦੀ! ਇਸ ਵਿੱਚ ਰੋਣ ਵਾਲੀ ਕਿਹੜੀ ਗੱਲ ਹੈ? ਮੈਂ ਤਾਂ ਕੇਵਲ ਇਨਸਾਨ ਹੋਣ ਦੇ ਨਾਤੇ ਆਪਣਾ ਫਰਜ਼ ਹੀ ਨਿਭਾਇਆ ਹੈ। ਇਹ ਦੱਸ ਤੇਰਾ ਨਾਮ ਕੀ ਹੈ? ਐਕਸੀਡੈਂਟ ਕਿਵੇਂ ਹੋਇਆ ਸੀ ਤੁਹਾਡਾ?'

ਉਹ ਬੋਲਣ ਲੱਗੀ, ਮੇਰਾ ਨਾਮ ਮਨਪ੍ਰੀਤ ਹੈ। ਮੇਰਾ ਵਿਆਹ ਦੋ ਸਾਲ ਪਹਿਲਾਂ ਹੋਇਆ ਸੀ, ਲੜਕੇ ਵਾਲੇ ਬਹੁਤ ਚੰਗੇ ਸੀ, ਖਾਨਦਾਨੀ ਹੋਣ ਕਰਕੇ ਮੇਰਾ ਵਿਆਹ ਉੱਥੇ ਕਰ ਦਿੱਤਾ ਗਿਆ, ਪਰ ਬਾਅਦ ਵਿੱਚ ਮੈਨੂੰ ਤੰਗ-ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ। ਕਿਸੇ ਨੇ ਉਹਨਾਂ ਨੂੰ ਮੇਰੇ ਪਹਿਲਾਂ ਹੋਏ ਤਲਾਕ ਬਾਰੇ ਦੱਸ ਦਿਤਾ ਤਾਂ ਉਹਨਾਂ ਨੇ ਮੇਰੇ ਨਾਲ ਕੁੱਟ-ਮਾਰ ਵੀ ਕਰਨੀ ਸ਼ੁਰੂ ਕਰ ਦਿੱਤੀ। ਦਿਨ-ਬ-ਦਿਨ ਮੇਰੇ ਉੱਤੇ ਤਸ਼ੱਦਦ ਕਰਨ ਲੱਗ ਪਏ। ਮੇਰੇ ਪੇਟ ਵਿੱਚ ਪਲ ਰਹੇ ਬੱਚੇ ਨੂੰ ਕਈ ਵਾਰ ਮਾਰਨ ਦੀ ਕੋਸ਼ਿਸ਼ ਕੀਤੀ ਤੇ ਇੱਕ ਦਿਨ ਮੈਨੂੰ ਘਰੋਂ ਕੱਢ ਦਿੱਤਾ, ਜਦ ਮੈਂ ਆਪਣੇ ਘਰ ਪੁੱਜੀ ਤਾਂ ਮੇਰੇ ਬਾਪ ਨੇ ਘਰ ਰੱਖ ਕੇ ਵੀ, ਮੇਰੇ ਨਾਲ ਮਤਰੇਆਂ ਵਾਲਾ ਸਲੂਕ ਹੀ ਕੀਤਾ। ਜਦਕਿ ਇਹ ਸਾਰਾ ਕੁੱਝ ਕਰਨ ਪਿੱਛੇ ਮੇਰੇ ਪਿਉ ਦਾ ਹੀ ਹੱਥ ਸੀ, ਕਿਉਂਕਿ ਮੈਂ ਉਦੋਂ ਵੀ ਕਿਹਾ ਸੀ ਕਿ ਰਿਸ਼ਤੇ ਤੋਂ ਪਹਿਲਾਂ ਦੱਸ ਦਈਏ ਕਿ ਕੁੜੀ ਦਾ ਪਹਿਲਾਂ ਤਲਾਕ ਹੋਇਆ ਹੈ, ਪਰ ਉਹ ਨਹੀਂ ਮੰਨੇ। ਉਹ ਬਹੁਤ ਲਾਲਚੀ ਇਨਸਾਨ ਸੀ। ਪਹਿਲੇ ਤਲਾਕ ਪਿੱਛੇ ਵੀ ਉਹਨਾਂ ਦਾ ਹੀ ਹੱਥ ਸੀ ਅਤੇ ਮੈਨੂੰ ਧੋਖੇ ਨਾਲ ਮੇਰੇ ਪਹਿਲੇ ਸੋਹਰੇ ਪਰਿਵਾਰ ਦੇ ਘਰੋਂ ਬੁਲਾ ਕੇ, ਮੈਨੂੰ ਮੁੜ ਜਾਣ ਨਾ ਦਿੱਤਾ ਅਤੇ ਉਸ ਲੜਕੇ ਉੱਤੇ ਦਾਜ ਦਾ ਕੇਸ ਕਰਕੇ, 10 ਲੱਖ ਰੁਪਏ ਲੈ ਕੇ ਮੇਰਾ ਤਲਾਕ ਕਰਵਾ ਦਿੱਤਾ ਸੀ।

ਜਦ ਇਹਨਾਂ ਗੱਲਾਂ ਦਾ ਪਤਾ ਹੁਣ ਮੇਰੇ ਨਵੇਂ ਬਣੇ ਸੋਹਰੇ ਪਰਿਵਾਰ ਨੂੰ ਲੱਗਾ

ਤਾਂ ਇਹ ਨੌਬਤ ਆਈ ਕਿ ਮੈਨੂੰ ਦੂਜੀ ਵਾਰ ਆਪਣੇ ਘਰ ਵਾਪਿਸ ਆਉਣਾ ਪਿਆ। ਹੁਣ ਮੈਂ ਦੁਬਾਰਾ ਨਹੀਂ ਰੁਲਣਾ ਚਾਹੁੰਦੀ ਅਤੇ ਮੈਂ ਬਾਰ-ਬਾਰ ਆਪਣੇ ਬਾਪ ਨੂੰ ਕਿਹਾ ਕਿ ਰਾਜੀਨਾਵਾਂ ਕਰਵਾ ਕੇ, ਮੁਆਫੀ ਮੰਗ ਕੇ ਮੈਨੂੰ ਮੇਰੇ ਘਰ ਸਮਝੌਤੇ ਨਾਲ ਵਾਪਿਸ ਛੱਡ ਆਉ, ਪਰ ਜਦ ਇੱਕ ਦਿਨ ਸਾਡੇ ਘਰ ਪਹਿਲਾਂ ਵਾਲੇ ਵਕੀਲ ਅੰਕਲ ਆਏ, ਜਿਹਨਾਂ ਨੇ ਮੇਰੇ ਪਹਿਲੇ ਤਲਾਕ ਵੇਲੇ ਮੇਰੇ ਕੋਲੋਂ ਦਸਤਖਤ ਕਰਵਾਏ ਸੀ ਤਾਂ ਮੈਂ ਆਪਣੇ ਪਾਪਾ ਨੂੰ ਉਹਨਾਂ ਨਾਲ ਗੱਲਾਂ ਕਰਦੇ ਸੁਣ ਲਿਆ, ਉਹ ਕਹਿ ਰਹੇ ਸੀ ਕਿ, 'ਪਿਛਲੀ ਵਾਰ ਤਾਂ ਇਸਦਾ ਬੱਚਾ ਨਹੀਂ ਸੀ, ਹੁਣ ਤਾਂ ਅਗਲਿਆਂ ਦਾ ਜੰਮਿਆ ਬੱਚਾ ਵੀ ਹੈ, ਘੱਟੋ-ਘੱਟ ਵੀ 50 ਲੱਖ ਰੁਪਿਆ ਆਰਾਮ ਨਾਲ ਮਿਲ ਜਾਣਾ ਤੇ ਇਸ ਵਾਰ ਤਾਂ ਸੱਚਮੁੱਚ ਮਨੀ ਦੇ ਸੋਹਰਿਆਂ ਨੇ ਉਸਨੂੰ ਘਰੋਂ ਕੱਢਿਆ ਵੀ ਹੈ, ਮੈਨੂੰ ਆਪ ਮਨੀ ਨੇ ਸੱਭ-ਕੁੱਝ ਦੱਸਿਆ ਹੈ। ਗਵਾਹੀਆਂ ਦੇਣ ਲਈ ਮੈਂ ਆਪ ਹੀ ਉਸਨੂੰ ਮਨਾ ਲੈਣਾ ਹੈ, ਤੁਸੀਂ ਬੱਸ ਫਾਈਲ ਤਿਆਰ ਕਰੋ ਅਤੇ ਕੋਰਟ ਵਿੱਚ ਕੇਸ ਲਾਉ । ਕਾਨੂੰਨ ਤਾਂ ਪਹਿਲਾਂ ਹੀ ਸਾਰੇ, ਕੁੜੀਆਂ (ਧੀਆਂ ਵਾਲਿਆਂ) ਦੇ ਹੱਕ ਵਿੱਚ ਹਨ, ਫਿਰ ਕਾਹਦੀ ਟੈਂਸ਼ਨ?' ਤੇ ਉੱਚੀ-ਉੱਚੀ ਹੱਸਣ ਲੱਗ ਪਏ।

ਬੱਸ ਉਸੇ ਰਾਤ ਮੈਂ ਆਪਣੇ 1 ਸਾਲ ਦੇ ਬੇਟੇ ਨੂੰ, ਕੁੱਝ ਕੱਪੜਿਆਂ ਸਮੇਤ ਘਰੋਂ ਨਿਕਲ ਤੁਰੀ। ਤੇ ਚੰਡੀਗੜ੍ਹ ਵਰਗੇ ਇਸ ਵੱਡੇ ਸ਼ਹਿਰ ਵਿੱਚ ਆ ਗਈ ਕਿ ਇੱਥੇ ਤਾਂ ਕੋਈ ਨਾ ਕੋਈ ਕੰਮ ਜ਼ਰੂਰ ਮਿਲ ਜਾਵੇਗਾ। ਅੱਜ ਕਾਹਲੀ ਵਿੱਚ, ਬੇਧਿਆਨੀ ਕਿਸੇ ਕੰਮ ਦੀ ਭਾਲ ਲਈ ਜਾ ਰਹੀ ਸੀ ਕਿ ਤੇਜ਼ ਰਫਤਾਰ ਟਰੱਕ ਵੇਖ ਕੇ, ਘਬਰਾ ਗਈ ਅਤੇ ਸੱਜੇ ਪਾਸੇ ਆ ਰਹੀ ਕਾਰ ਨਾਲ ਟਕਰਾ ਕੇ ਬੇਹੋਸ਼ ਹੋ ਡਿੱਗ ਪਈ। ਮੇਰੇ ਬੱਚਾ ਵੀ ਸਵੇਰੇ ਦਾ ਭੁੱਖਾ ਹੈ, ਉਸ ਲਈ ਰੋਟੀ ਦਾ ਇੰਤਜ਼ਾਮ ਕਰਨਾ ਹੈ, ਜੇ ਤੁਸੀਂ ਮੇਰੀ ਮੱਦਦ ਨਾ ਕਰਦੇ ਤਾਂ ਸ਼ਾਇਦ ਉੱਥੇ-ਪਈ ਪਈ....।

ਨਹੀਂ ਨਹੀਂ ਮਨੀ! ਇੰਝ ਨਹੀਂ ਬੋਲੀਦਾ! ਰੱਬ ਸੱਭ ਦੇਖ ਰਿਹਾ ਹੁੰਦੈ! ਤੂੰ ਫਿਕਰ ਨਾ ਕਰ, ਮੇਰੇ ਘਰ ਬਹੁਤ ਕੰਮ ਹੈ, ਤੈਨੂੰ ਆਸਰਾ ਵੀ ਮਿਲ ਜੂ, ਤੇ ਕਿਤੇ ਕੰਮ ਮੰਗਣ ਦੀ ਲੋੜ ਨਹੀਂ, ਸ਼ਾਇਦ ਤੇਰੀ ਮਦਦ ਲਈ ਹੀ ਮੈਨੂੰ ਭੇਜਿਆ ਹੋਵੇਗਾ। ਸੋ ਰੱਬ ਦੇ ਹੁਕਮ ਅੱਗੇ ਮੈਂ ਆਪਣਾ ਫਰਜ਼ ਨਿਭਾ ਦਿੰਦੀ ਹਾਂ।

ਉਧਰੋਂ ਦਫਤਰ ਤੋਂ, ਨਵਨੀਤ ਦੇ ਘਰਵਾਲੇ ਦਾ ਫੋਨ ਆ ਗਿਆ.. 'ਕਿੱਥੇ ਐਂ ਨਵੀ?? ਯਾਰ ਦੋ ਘੰਟੇ ਹੋ ਗਏ ਤੈਨੂੰ ਉਡੀਕਦਿਆਂ, ਆਫਿਸ ਵਿੱਚ ਤੇਰੀ ਵੇਟ ਕਰ ਰਿਹਾਂ, ਕਿੱਥੇ ਰਹਿ ਗਈ ਹੈਂ? ਮੈਨੂੰ ਫਿਕਰ ਹੋ ਰਿਹਾ ਏ।'

ਨਵਨੀਤ ਬੋਲੀ, 'ਤੁਸੀਂ ਫਿਕਰ ਨਾ ਕਰਿਆ ਕਰੋ, ਸ਼ੁੱਭ! ਮੈਨੂੰ ਰਸਤੇ ਵਿੱਚ





ਜ਼ਰੂਰੀ ਕੰਮ ਪੈ ਗਿਆ ਸੀ ਜਿਸ ਕਰਕੇ ਲੇਟ ਹੋ ਗਈ, ਅੱਜ ਦੀ ਪਾਰਟੀ ਕੈਂਸਲ। ਆਪਾਂ ਫਿਰ ਕਿਸੇ ਦਿਨ ਪਾਰਟੀ ਕਰ ਲਵਾਂਗੇ, ਹੁਣ ਮੈਂ ਘਰ ਵਾਪਿਸ ਜਾ ਰਹੀ ਹਾਂ, ਤੁਸੀਂ ਵੀ ਸਮੇਂ ਸਿਰ ਘਰ ਪੁੱਜ ਜਾਣਾ।

ਜਦ ਫੋਨ ਤੇ ਨਵਨੀਤ ਨੇ ਆਪਣੇ ਪਤੀ ਨੂੰ 'ਸ਼ੁੱਭ' ਕਿਹਾ ਤਾਂ ਮਨਪ੍ਰੀਤ ਦਾ ਮੱਥਾ ਠਣਕਿਆ, ਤੇ ਫੋਨ ਤੇ ਗੱਲਬਾਤ ਮੁੱਕ ਜਾਣ ਮੱਗਰੋਂ ਬੋਲਣ ਲੱਗੀ, ਦੀਦੀ! ਇਹ ਸ਼ੁੱਭ ਕੋਣ ਹੈ? ਤਾਂ ਨਵਨੀਤ ਨੇ ਦੱਸਿਆ ਕਿ ਉਸਦੇ ਪਤੀ ਦਾ ਫੋਨ ਸੀ, ਪੂਰਾ ਨਾਮ ਸ਼ੁੱਭਨੂਰ ਸਿੰਘ ਹੈ ਅਤੇ ਸ਼ਹਿਰ ਦਾ ਸੱਭ ਤੋਂ ਵੱਡਾ ਪਬਲੀਕੇਸ਼ਨ ਮੇਰੇ ਪਤੀ ਦਾ ਹੀ ਹੈ , 'ਨੂਰ ਪਬਲੀਕੇਸ਼ਨ'।

ਮਨਪ੍ਰੀਤ ਤੁਸੀਂ ਮੈਨੂੰ ਆਪਣੇ ਬਾਰੇ ਸੱਭ ਕੁੱਝ ਦੱਸਿਆ, ਇਸ ਲਈ ਤੁਹਾਡੇ ਤੋਂ ਕੋਈ ਓਹਲਾ ਨਹੀਂ ਹੈ, ਮੇਰੇ ਪਤੀ ਦੀ ਮੇਰੇ ਨਾਲ ਦੂਸਰੀ ਮੈਰੀਜ਼ ਹੈ, ਪਰ ਮੈਂ ਕਦੀ ਕਿਸੇ ਨਾਲ ਗੱਲ ਨਹੀਂ ਕੀਤੀ। ਇਹਨਾਂ ਦੀ ਪਹਿਲੀ ਪਤਨੀ ਨੇ ਇਹਨਾਂ ਨਾਲ ਬਹੁਤ ਬੁਰਾ ਕੀਤਾ ਸੀ, ਬਹੁਤ ਕੁੱਝ ਦੇਖਿਆ ਇਹਨਾਂ ਨੇ ਆਪਣੀ ਲਾਈਫ ਵਿੱਚ। ਮੈਂ ਇੱਕ ਗਰੀਬ ਘਰ ਦੀ ਲੜਕੀ ਸੀ, ਰਿਸ਼ਤਾ ਮੇਰੇ ਪਰਿਵਾਰ ਵਾਲਿਆਂ ਵੱਲੋਂ ਹੀ ਗਿਆ ਸੀ ਤੇ ਮੈਨੂੰ ਪਤਾ ਸੀ ਕਿ ਇਹਨਾਂ ਦਾ ਡਿਵੋਰਸ ਹੋਇਆ ਹੈ, ਪਰ ਜਦ ਇਹਨਾਂ ਨੂੰ ਮਿਲੀ, ਸਮਝਣ ਦੀ ਕੋਸ਼ਿਸ਼ ਕੀਤੀ ਤਾਂ ਇਹਨਾਂ ਵਰਗਾ ਨੇਕ ਇਨਸਾਨ ਸ਼ਾਇਦ ਮੈਨੂੰ ਕਦੇ ਨਹੀਂ ਮਿਲਣਾ ਸੋਚ ਕੇ, ਉਹਨਾਂ ਦੇ ਅਤੀਤ ਨੇ ਉਹਨਾਂ ਨਾਲ ਕੀ ਕੀਤਾ, ਕਿਸਨੇ ਕੀਤਾ, ਕਦੇ ਨਾਂਹ ਮੈਂ ਪੁੱਛਿਆ ਨਾ ਉਹਨਾਂ ਨੇ ਦੱਸਿਆ ਤੇ ਨਾ ਹੀ ਮੈਂ ਕੋਈ ਦਿਲਚਸਪੀ ਲਈ, ਕਿਉਂਕਿ ਸਾਡੀ ਦੋਹਾਂ ਦੀ ਜਿੰਦਗੀ ਵਿੱਚ ਢੇਰ ਸਾਰੀਆਂ ਖੁਸ਼ੀਆਂ ਰੱਬ ਨੇ ਦਿੱਤੀਆਂ ਹਨ।

ਪਤਾ ਨਹੀਂ ਕੌਣ ਸੀ ਉਹ ਕਮਲੀ ਕੁੜੀ, ਜਿਸਨੇ ਇਹਨਾਂ ਨੂੰ ਠੁਕਰਾ ਦਿੱਤਾ, ਮੈਂ ਤਾਂ ਇਹਨਾਂ ਦੇ ਪੈਰਾਂ ਵਿੱਚ ਹੀ ਆਪਣੀ ਜੰਨਤ ਸਮਝਦੀ ਹਾਂ। ਤੁਹਾਨੂੰ ਪਤਾ ਮਨੀ, ਅੱਜ ਸਾਡੇ ਕੋਲ ਉਹ ਸੱਭ ਕੁੱਝ ਹੈ, ਜਿਸ ਨੂੰ ਮੈਂ ਕਦੇ ਸੁਪਨੇ ਵਿੱਚ ਵੀ ਨਹੀਂ ਸੀ ਸੋਚਿਆ।

ਵਿੱਚੋਂ ਹੀ ਮਨਪ੍ਰੀਤ ਨੇ ਗੱਲ ਟੋਕ ਕੇ ਕਿਹਾ ਕਿ ਤੁਹਾਡਾ ਪਤੀ ਸ਼ੁਰੂ ਤੋਂ ਹੀ ਇੱਥੇ ਰਹਿੰਦੇ ਹਨ, ਤਾਂ ਨਵੀ ਨੇ ਦੱਸਿਆ ਨਹੀਂ, ਪਹਿਲਾਂ ਉਹ ਲੁਧਿਆਣੇ ਵਿੱਚ ਸੀ ਅਤੇ ਮੇਰੀ ਮੈਰੀਜ਼ ਤੋਂ ਬਾਅਦ ਉਹ ਚੰਡੀਗੜ੍ਹ ਸ਼ਿਫਟ ਹੋ ਗਏ।

ਮਨਪ੍ਰੀਤ ਸਾਰਾ ਕੁੱਝ ਸਮਝ ਚੁੱਕੀ ਸੀ, ਕਿਉਂਕਿ ਮਨਪ੍ਰੀਤ ਉਹੀ ਕੁੜੀ ਸੀ, ਜਿਸਦਾ ਪਹਿਲਾ ਵਿਆਹ ਨਵਨੀਤ ਦੇ ਪਤੀ ਸ਼ੁੱਭਨੂਰ ਨਾਲ ਲੁਧਿਆਣੇ ਹੋਇਆ ਸੀ

ਅਤੇ ਇਸ ਵਕਤ ਉਹ ਉਸ ਦੀ ਘਰਵਾਲੀ ਨਾਲ ਉਸਦੀ ਕਾਰ ਵਿੱਚ ਬੈਠੀ ਦੁਬਾਰਾ ਉਸੇ ਦੇ ਘਰ ਜਾ ਰਹੀ ਸੀ, ਤਾਂ ਇਕੱਦਮ ਮਨੀ ਬੋਲੀ, ਦੀਦੀ ਸੱਚੀਂ ਤੁਸੀਂ ਬਹੁਤ ਭਾਗਸ਼ਾਲੀ, ਖੁਸਕਿਸਮਤ ਹੈ। ਜੋ ਤੁਹਾਨੂੰ ਸ਼ੁੱਭ ਜੀ ਵਰਗਾ ਪਤੀ ਮਿਲਿਆ ਹੈ, ਸੱਚੀ ਰੱਬ ਤੁਹਾਡੀ ਜੋੜੀ ਬਣਾਈ ਰੱਖੇ। ਮੈਨੂੰ ਅੱਗਲੇ ਮੋੜ ਤੇ ਉਤਾਰ ਦੇਣਾ ਮੈਂ ਨੇੜੇ ਦੀ ਬਸਤੀ ਵਿੱਚ ਆਪਣੇ ਬੇਟੇ ਨੂੰ ਲੈ ਆਵਾਂ, ਕਾਰ ਵਿੱਚੋਂ ਉਤਰਨ ਬਾਅਦ ਮਨੀ ਮੁੜ ਵਾਪਸ ਨਾ ਆਈ। ਤੇ ਇਹ ਸੋਚਦੀ ਹੋਈ ਕਿ ਇਹ ਸੱਭ ਕੁੱਝ ਉਸੇ ਦੀਆਂ ਗਲਤੀਆਂ ਦਾ ਨਤੀਜਾ ਹੈ, ਉਸ ਸ਼ਹਿਰ ਨੂੰ ਛੱਡ ਕੇ ਕਿਸੇ ਹੋਰ ਆਸਰੇ ਲਈ ਜਨਰਲ ਗੱਡੀ ਵਿੱਚ ਬੈਠ ਕੇ ਅਗਲੇ ਸਫਰ ਲਈ ਚੱਲ ਪਈ।

ਨਵਨੀਤ ਲੰਮੀ ਉਡੀਕ ਤੋਂ ਬਾਅਦ ਆਖਿਰ ਘਰ ਵਾਪਿਸ ਆ ਗਈ ।

ਰਾਤ ਨੂੰ ਸੌਣ ਵੇਲੇ ਸਵੇਰੇ ਵਾਪਰੀ ਸਾਰੀ ਘਟਨਾ ਸ਼ੁਭਨੂਰ ਨੂੰ ਦੱਸੀ ਤਾਂ, ਸ਼ੁੱਭਨੂਰ ਨੂੰ ਸਾਰੀ ਗੱਲ ਸਮਝਣ ਵਿੱਚ ਦੇਰੀ ਨਾ ਲੱਗੀ ,ਕਿ ਅੱਜ ਇਸਦੀ ਮੁਲਾਕਾਤ ਉਸਦੀ ਪਹਿਲੀ ਪਤਨੀ 'ਮਨਪ੍ਰੀਤ' ਨਾਲ ਹੋਈ ਹੈ, ਪਰ ਉਹ ਨਵੀ ਨੂੰ ਕਹਿਣ ਲੱਗਾ, ਚੱਲ ਛੱਡ ਹੁਣ ਲੋਕਾਂ ਦੀ ਟੈਂਸ਼ਨ, ਸੌਂ ਜਾ, ਸਵੇਰੇ ਉੱਠਣਾ ਵੀ ਹੈ।

ਤੇ ਦੋਵੇਂ ਹੋਰ ਗੱਲਾਂ-ਬਾਤਾਂ ਕਰਦੇ ਹੋਏ, ਹਸਦੇ ਹਸਾਉਂਦੇ ਸੌਂ ਗਏ। ਕੁੱਝ ਦੇਰ ਬਾਅਦ ਸ਼ੁੱਭਨੂਰ ਨੇ ਅੱਖਾਂ ਖੋਲ ਕੇ, ਛੱਤ ਵੱਲ ਵੇਖਿਆ ਅਤੇ ਉਸ ਰੱਬ ਨੂੰ 'ਸੱਭ ਦਾ ਭਲਾ ਕਰੀਂ ਦਾਤਿਆ' ਕਹਿੰਦਿਆਂ ਹੋਇਆਂ ਫਿਰ ਅੱਖਾਂ ਮੀਟ ਲਈਆਂ।







ਪਰ ਮੈਨੂੰ ਕੋਫੀ ਪੀਣ ਨਾਲੋਂ ਉਸਦੀ ਛੋਟੀ ਜਿਹੀ ਉਮਰ ਵਿੱਚ ਆਏ ਤੂਫਾਨਾਂ ਨੂੰ ਜਾਨਣ ਦੀ ਇੱਛਾ ਜਿਆਦਾ ਸੀ, ਕਿ ਕਿਵੇਂ ਜਿੰਦਗੀ ਦੇ ਇਸ ਛੋਟੇ ਜਿਹੇ ਸਫਰ ਵਿੱਚ, ਵੱਡੀਆਂ ਮੁਸੀਬਤਾਂ ਦਾ ਸਾਹਮਣਾ ਕਰਨ ਵਾਲੀ ਇਸ ਲੜਕੀ ਨੇ ਕਿਹੜੇ ਗੁਨਾਹ ਕੀਤੇ ਸਨ ਕਿ ਉਹ ਇਹਨਾਂ ਤੂਫਾਨੀ ਹਨੇਰੀਆਂ ਦਾ ਸ਼ਿਕਾਰ ਹੋਈ ਅਤੇ ਉਹ ਕਿਹੜਾ ਬ੍ਰਹਮ ਅਸਤਰ ਹੈ, ਜਿਸ ਦੀ ਸਹਾਇਤਾ ਨਾਲ ਅੱਜ ਵੀ ਇੰਝ ਜਾਪ ਰਹੀ ਹੈ, ਜਿਵੇਂ ਕੁੱਝ ਹੋਇਆ ਹੀ ਨਾ ਹੋਵੇ।

# ਕੁਪੱਤ

ਸਵੇਰੇ ਤੜਕੇ ਅਜਨਬੀ ਨੰ. ਤੋਂ ਫੋਨ ਆਇਆ, ਫੋਨ ਕਰਨ ਵਾਲੀ ਆਵਾਜ਼ ਦੇ ਵਿੱਚ ਹਉਕੇ, ਦਰਦ, ਭਰੇ ਗਲੇ ਦਾ ਅਹਿਸਾਸ, ਮੈਨੂੰ ਮਹਿਸੂਸ ਹੋ ਰਿਹਾ ਸੀ, ਕਿਉਂਕਿ ਉਸਦਾ ਗੱਲ ਕਰਨ ਦਾ ਅੰਦਾਜ਼, ਉਸਦੇ ਕਹੇ ਜਾ ਰਹੇ ਲਫਜ਼, ਉਸ ਤੋਂ ਵੀ ਕਾਹਲੇ ਹੋ ਕੇ ਆਪਣਾ ਦੁੱਖ ਦੱਸਣਾ ਚਾਹੁੰਦੇ ਹੋਏ ਮਹਿਸੂਸ ਹੋ ਰਹੇ ਸਨ। ਉਸ ਕੋਲ ਮੇਰਾ ਨੰ. ਕਿਵੇਂ ਆਇਆ? ਉਹ ਮੈਨੂੰ ਕਿਸ ਤਰ੍ਹਾਂ ਜਾਣਦੀ ਹੈ? ਉਹ ਕੌਣ ਹੈ? ਕਿੱਥੇ ਰਹਿੰਦੀ ਹੈ? ਇਹੋ ਜਿਹੇ ਸਵਾਲ ਮੇਰੇ ਦਿਮਾਗ ਵਿੱਚ ਘੁੰਮ ਹੀ ਰਹੇ ਸਨ ਕਿ ਉਸਨੇ ਸਾਰੇ ਭੇਦ ਆਪ ਹੀ ਖੋਲ੍ਹ ਦਿੱਤੇ, ਜਿਵੇਂ ਉਹ ਮੇਰੀ ਚਿਰਾਂ ਤੋਂ ਉਡੀਕ ਕਰ ਰਹੀ ਸੀ ਕਿ ਕੋਈ ਮਿਲੇ ਜਿਸ ਨਾਲ ਮੈਂ ਆਪਣਾ ਦਿਲ ਖੋਲ ਲਵਾਂ ।

ਉਹ ਬੋਲਣ ਲੱਗੀ, 'ਇਕਵਾਕ ਜੀ! ਮੈਂ ਕੱਲ੍ਹ ਰਾਤ ਤੁਹਾਡੀ ਕਿਤਾਬ 'ਨਸੀਬ' ਪੜ੍ਹੀ, ਉਸ ਵਿਚਲੀਆਂ ਸਾਰੀਆਂ ਕਹਾਣੀਆਂ ਮੇਰੇ ਆਲੇ ਦੁਆਲੇ ਵਾਪਰ ਚੁੱਕੀਆਂ ਘਟਨਾਵਾਂ ਮਹਿਸੂਸ ਹੋਈਆਂ। ਬੱਸ ਉਹਨਾਂ ਵਿੱਚੋਂ ਹੀ ਥੋੜੀ ਵੱਖਰੀ, ਥੋੜੀ ਅਜੀਬ ਤੇ ਬਹੁਤੀ ਦੁਖਦਾਇਕ ਕਹਾਣੀ ਮੇਰੀ ਹੈ। ਕੀ ਤੁਸੀਂ ਮੇਰੇ ਬਾਰੇ ਲਿਖੋਗੇ? ਤੁਹਾਡੀ ਹਰ ਕਹਾਣੀ ਮਨੁੱਖ ਨੂੰ ਆਪਣੇ ਅੰਦਰ ਅਤੇ ਸਮਾਜ ਅੰਦਰ ਝਾਤ ਮਾਰਨ ਲਈ ਮਜਬੂਰ ਕਰਦੀ ਹੈ, ਤੇ ਸ਼ਾਇਦ ਇਹ ਮਜਬੂਰੀ ਹੀ ਕੁੱਝ ਲੋਕਾਂ ਵਾਸਤੇ ਸਮਾਜ ਸੁਧਾਰ ਦਾ ਬੀੜਾ ਚੁੱਕਣ ਵਿੱਚ ਸਹਾਈ ਹੋ ਜਾਵੇ ਤੇ ਚੰਗਾ ਨਰੋਇਆ ਸਮਾਜ ਸਿਰਜਿਆ ਜਾ ਸਕੇ।

ਜੀ! ਮੈਂ ਸਿਰਫ ਕੋਸ਼ਿਸ਼ ਕੀਤੀ ਹੈ ਸਮਾਜ ਨੂੰ ਆਇਨਾ ਦਿਖਾਉਣਾ ਦੀ। ਉਹ ਕੌੜਾ ਸੱਚ ਵਿਖਾਉਣ ਦੀ ਜਿਸ ਰਾਹੀਂ ਅਸੀਂ ਗੁਨਾਹ ਕਰਕੇ ਕਿਵੇਂ ਉਹਨਾਂ ਉੱਪਰ ਪਰਦਾ ਪਾਉਣ ਦੀ ਕੋਸ਼ਿਸ਼ ਕਰਦੇ ਕਰਦੇ ਹੋਏ ਕਈ ਜਿੰਦਗੀਆਂ ਅਤੇ ਘਰ ਤਬਾਹ ਕਰ ਦਿੰਦੇ ਹਾਂ। ਤੁਸੀਂ ਕਿਥੇ ਰਹਿੰਦੇ ਹੋ? ਕੀ ਹੈ ਤੁਹਾਡੀ ਕਹਾਣੀ? ਜ਼ਰੂਰ ਸੁਣਾਂਗਾ।

ਥੈਂਕਸ ਜੀ! ਮੈਂ ਅਗਲੇ ਹਫਤੇ ਅੰਮ੍ਰਿਤਸਰ ਆ ਰਹੀ ਹਾਂ, ਆ ਕੇ ਤੁਹਾਨੂੰ ਫੋਨ ਕਰਾਂਗੀ। ਹਫਤਾ ਬੀਤਿਆ ਤਾਂ ਮੈਂ ਉਸ ਨੂੰ ਮਿਲਣ ਲਈ ਆਪਣੀ ਇੱਕ ਦੋਸਤ





ਨਾਲ ਸ਼ਹਿਰ ਦੇ ਇੱਕ ਮਾਲ ਦੀ ਦੂਜੀ ਮੰਜਿਲ ਤੇ ਪੁੱਜਾ। ਪੰਜਾਬੀ ਸੂਟ, ਪਟਿਆਲਾ ਸਲਵਾਰ, ਪੈਰੀਂ ਪੰਜਾਬੀ (ਲੱਕੀ) ਜੁੱਤੀ, ਲੰਬੀ ਗੁੱਤ, ਸਿਰ ਤੇ ਦੁਪੱਟਾ, ਗੋਰਾ ਰੰਗ, ਡੂੰਘੀਆਂ ਅੱਖਾਂ ਉੱਤੇ ਹਲਕਾ ਜਿਹਾ ਕੱਜਲ ਵਾਲੀ, ਕੋਈ ਅੰਦਾਜ਼ਾ ਲਗਾਵਾਂ ਤਾਂ ਮਸੀਂ 22-23 ਕੁ ਸਾਲ ਦੀ ਮੁਟਿਆਰ ਨੇ ਅੱਗੇ ਹੋ ਕੇ ਦੋਵੇਂ ਹੱਥ ਜੋੜ ਕੇ ਸਤਿ ਸ੍ਰੀ ਅਕਾਲ ਬੁਲਾਉਂਦਿਆਂ ਕਿਹਾ, 'ਇਕਵਾਕ ਸਿੰਘ ਜੀ, ਮੈਂ ਮਨਰੀਤ। ਮੈਂ ਤੁਹਾਡੇ ਨਾਲ ਫੋਨ ਤੇ ਗੱਲ ਕੀਤੀ ਸੀ ਤੇ ਤੁਹਾਡਾ ਹੀ ਇੰਤਜ਼ਾਰ ਕਰ ਰਹੀ ਸੀ। ਆਉ ਉਹ ਸਾਹਮਣੇ ਖਾਲੀ ਟੇਬਲ ਤੇ ਬੈਠਦੇ ਹਾਂ।

ਮੈਂ ਤੇ ਲਵਪ੍ਰੀਤ ਉਸ ਨਾਲ ਉਕਤ ਟੇਬਲ ਤੇ ਜਾ ਬੈਠੇ। ਕੌਫੀ ਦੇ ਆਰਡਰ ਤੋਂ ਬਾਅਦ ਰਸਮੀਂ ਗੱਲਬਾਤ ਕਰਦਿਆਂ, ਮਨਰੀਤ ਨੇ ਦੱਸਿਆ, 'ਮੈਂ 10+2 ਪਾਸ ਹਾਂ ਅਤੇ ਪ੍ਰਾਈਵੇਟ ਬੀ.ਏ. ਕਰ ਰਹੀ ਹਾਂ । ਇੰਗਲਿਸ਼ ਸਪੀਕਿੰਗ ਕੋਰਸ ਪਿਛਲੇ ਮਹੀਨੇ ਹੀ ਪੂਰਾ ਕੀਤਾ ਹੈ। ਪ੍ਰਾਈਵੇਟ ਨੌਕਰੀ ਕਰਕੇ 5000/- ਰੁਪਏ ਮਹੀਨਾ ਕਮਾ ਰਹੀ ਹਾਂ। ਮੇਰੇ ਪਿਤਾ ਜੀ ਦੀ ਮੌਤ ਹੋ ਗਈ ਜਦ ਮੈਂ 7 ਕੁ ਸਾਲਾਂ ਦੀ ਸੀ। ਇੱਕ ਮੇਰੇ ਘਰ ਮੇਰਾ ਛੋਟਾ ਭਰਾ ਹੈ। ਹੁਣ ਮੇਰੀ ਉਮਰ 23 ਸਾਲ ਦੀ ਹੈ ਅਤੇ ਮੇਰਾ ਇੱਕ ਬੇਟਾ ਹੈ, ਮੇਰਾ ਵਿਆਹ ਦੋ ਸਾਲ ਪਹਿਲਾਂ ਹੋਇਆ ਸੀ ਅਤੇ ਹੁਣ ਮੇਰੇ ਉੱਤੇ ਦੋ ਕੇਸ ਚੱਲ ਰਹੇ ਹਨ, ਆਪਣੇ ਜੰਮਦੇ ਬੇਟੇ ਨਾਲ ਛੇ ਮਹੀਨੇ ਜੇਲ੍ਹ ਵਿੱਚ ਰਹਿ ਚੁੱਕੀ ਹਾਂ।'

ਉਸਦੀਆਂ ਗੱਲਾਂ ਨੇ ਸਾਡੇ ਪੈਰਾ ਹੇਠੋਂ ਜ਼ਮੀਨ ਖਿਸਕਾ ਦਿੱਤੀ, ਐਨੇ ਨੂੰ ਵੇਟਰ ਕਾਫੀ ਲੈ ਆਇਆ। ਇੱਕ ਦਮ ਉਸਦੀਆਂ ਗੱਲਾਂ ਦਾ ਸਿਲਸਲਾ ਰੁਕ ਗਿਆ, ਉਸਨੇ ਕੋਫੀ ਦਾ ਕੱਪ ਅੱਗੇ ਕਰਦਿਆਂ ਕਿਹਾ, ਸਰ ਕੋਫੀ!

ਪਰ ਮੈਨੂੰ ਕਾਫੀ ਪੀਣ ਨਾਲੋਂ ਉਸਦੀ ਛੋਟੀ ਜਿਹੀ ਉਮਰ ਵਿੱਚ ਆਏ ਤੂਫਾਨਾਂ ਨੂੰ ਜਾਨਣ ਦੀ ਇੱਛਾ ਜਿਆਦਾ ਸੀ, ਕਿ ਕਿਵੇਂ ਜਿੰਦਗੀ ਦੇ ਇਸ ਛੋਟੇ ਜਿਹੇ ਸਫਰ ਵਿੱਚ, ਵੱਡੀਆਂ ਮੁਸੀਬਤਾਂ ਦਾ ਸਾਹਮਣਾ ਕਰਨ ਵਾਲੀ ਇਸ ਲੜਕੀ ਨੇ ਕਿਹੜੇ ਗੁਨਾਹ ਕੀਤੇ ਸਨ ਕਿ ਉਹ ਇਹਨਾਂ ਤੂਫਾਨੀ ਹਨੇਰੀਆਂ ਦਾ ਸ਼ਿਕਾਰ ਹੋਈ ਅਤੇ ਉਹ ਕਿਹੜਾ ਬ੍ਰਹਮ ਅਸਤਰ ਹੈ, ਜਿਸ ਦੀ ਸਹਾਇਤਾ ਨਾਲ ਅੱਜ ਵੀ ਇੰਝ ਜਾਪ ਰਹੀ ਹੈ, ਜਿਵੇਂ ਕੁੱਝ ਹੋਇਆ ਹੀ ਨਾ ਹੋਵੇ।

ਕਾਫੀ ਖਤਮ ਕਰਨ ਤੋਂ ਬਾਅਦ ਉਸਨੇ ਮੁੜ ਬੋਲਣਾ ਸ਼ੁਰੂ ਕੀਤਾ, ਪਾਪਾ ਦੀ ਮੌਤ ਤੋਂ ਬਾਅਦ ਮੰਮੀ ਨੇ ਸਾਨੂੰ ਪੜਾਉਣ ਲਈ ਲੋਕਾਂ ਦੇ ਭਾਂਡੇ ਮਾਂਜੇ, ਕੱਪੜੇ ਧੋਤੇ, ਗੱਲਾਂ ਸੁਣੀਆਂ, ਰਿਸ਼ਤੇਦਾਰ ਕਿਵੇਂ ਗ਼ੈਰ ਬਣਦੇ ਨੇ ਅੱਖੀਂ ਵੇਖੇ ਤੇ ਉਹਨਾਂ ਦੇ ਤਾਹਨੇ ਵੱਖ ਸੁਣੇ। ਕਿਵੇਂ ਇਹ ਮਰਦ ਪ੍ਰਧਾਨ ਸਮਾਜ ਇੱਕ ਬੇਵਾ ਇਸਤਰੀ ਨੂੰ ਵੀ 'ਹਵਸ'

ਦੀਆਂ ਨਿਗਾਹਾਂ ਨਾਲ ਵੇਖਦਾ ਹੈ ਕਈ ਪੈਸਾ ਕਮਾਉਣ ਦੇ ਮੌਕੇ ਆਪ ਦਿੰਦਾ ਹੈ, ਸ਼ਰਤ ਇੱਕ ਰਾਤ ਦਾ ਸਾਥ, ਬੱਸ! ਜਿਵੇਂ ਔਰਤ ਸਿਰਫ ਜਿਸਮ ਦਾ ਪੁਤਲਾ ਹੀ ਹੈ, ਉਸਦੀਆਂ ਭਾਵਨਾਵਾਂ, ਉਸਦੀਆਂ ਇੱਛਾਵਾਂ ਅਤੇ ਜਿੰਦਗੀ ਤਾਂ ਉਸਦੀ ਹੁੰਦੀ ਹੀ ਨਹੀਂ ਹੈ।

ਖ਼ੈਰ! ਸਮਾਂ ਲੰਘਿਆ ਕਿ ਇੱਕ ਦਿਨ ਸਾਡੇ ਰਿਸ਼ਤੇਦਾਰੀ ਵਿੱਚੋਂ ਭੂਆ ਸਾਡੇ ਘਰ ਆਈ ਤੇ ਆਖਣ ਲੱਗੀ, 'ਆਪਣੀ ਰੀਤ ਜਵਾਨ ਹੋ ਚੁੱਕੀ ਹੈ, ਹੋਰ ਪੜ੍ਹਾ ਕੇ ਕੀ ਕਰਨਾ ਇਸ ਨੂੰ? ਪਿਉ ਸਿਰ ਤੇ ਨਹੀਂ ਹੈ, ਚੰਗੇ ਰਿਸ਼ਤੇ ਲੱਭਦੇ ਨਹੀਂ ਹਨ, ਇਸ ਸਾਲ ਇਸਦੀ 10+2 ਹੋ ਜਾਣੀ ਐ, ਬੱਸ ਇਸਦਾ ਵਿਆਹ ਕਰ ਦੇ ਅਤੇ ਆਪ ਵੀ ਨੂੰਹ ਲੈ ਆ, ਤੇ ਰਹਿੰਦੀ ਜਿੰਦਗੀ ਸੁੱਖਾਂ ਨਾਲ ਬਤੀਤ ਕਰ'।

ਮੰਮੀ ਨੂੰ ਵੀ ਇਹ ਗੱਲ ਜੱਚ ਗਈ ਉਹਨਾਂ ਮੇਰੇ ਨਾਲ ਗੱਲ ਕੀਤੀ, ਪਰ ਮੇਰੇ ਵੱਲੋਂ ਵਿਰੋਧ ਕਰਨ ਦੇ ਬਾਵਜੂਦ ਵੀ, ਜਿਸ ਤਰ੍ਹਾਂ ਧੀਆਂ ਨਾਲ ਹੁੰਦਾ ਈ ਆਇਆ ਕਿ ਹਰ ਰੀਤੀ ਰਿਵਾਜ਼, ਮਨਮਰਜ਼ੀਆਂ ਨੂੰ ਸਿਰ ਮੱਥੇ ਮੰਨਣਾ ਹੀ ਪੈਂਦਾ ਹੈ ਤੇ ਆਖੀਰ 10+2 ਤੋਂ ਬਾਅਦ ਮੇਰਾ ਵਿਆਹ ਨਵਦੀਪ ਨਾਲ ਕਰ ਦਿੱਤਾ ਗਿਆ। ਇੱਕ ਵਧੀਆ ਅਤੇ ਅਮੀਰ ਪਰਿਵਾਰ ਮਿਲ ਗਿਆ, ਛੇਤੀ ਹੀ ਮੈਂ ਪਰਿਵਾਰ ਵਿੱਚ ਘੁਲ-ਮਿਲ ਗਈ। ਸੱਭ ਆਪਣੇ ਲੱਗਣ ਲੱਗ ਪਏ। ਇੱਕ ਦਿਨ ਘਰ ਕੋਈ ਨਹੀਂ ਸੀ ਤੇ ਸੱਸ ਵੀ ਕਿਧਰੇ ਨੇੜੇ ਹੀ ਗਈ ਸੀ ਕਿ ਅਚਾਨਕ ਉੱਪਰ ਛੱਤ ਤੇ ਕੱਪੜੇ ਪਾਉਣ ਗਈ ਤਾਂ ਗੁਆਂਢਣ ਨਾਲ ਗੱਲਬਾਤ ਚੱਲ ਪਈ, ਉਹ ਕੱਪੜੇ ਸੁਕਣੇ ਪਾਉਣ ਛੱਤ ਤੇ ਚੜ੍ਹੀ ਸੀ। ਉਸ ਨਾਲ ਮੇਰਾ ਮੇਲ ਮਿਲਾਪ ਵੱਧ ਗਿਆ ਤੇ ਇੱਕ ਦਿਨ ਉਸ ਕੋਲੋਂ ਪਤਾ ਲੱਗਾ ਕਿ ਨਵਦੀਪ ਦਾ ਤਾਂ ਪਹਿਲਾਂ ਇੱਕ ਵਾਰ ਤਾਲਾਕ ਹੋ ਚੁੱਕਿਆ ਹੈ, ਮੈਂ ਘਰ ਮੰਮੀ ਨਾਲ ਗੱਲ ਕੀਤੀ, ਉਹਨਾਂ ਭੂਆ ਨਾਲ ਗੱਲ ਕੀਤੀ ਕਿ ਤੁਸੀਂ ਸਾਨੂੰ ਓਹਲੇ ਵਿੱਚ ਕਿਉਂ ਰੱਖਿਆ? ਕਿਉਂ ਝੂਠ ਬੋਲ ਕੇ ਮੇਰੀ ਕੁੜੀ ਦੀ ਜਿੰਦਗੀ ਖਰਾਬ ਕੀਤੀ ਹੈ?

ਤਾਂ ਭੂਆ ਨੇ ਵੀ ਕੋਈ ਗੱਲ ਸਿਰੇ ਨਾ ਲਾਈ। ਮੰਮੀ ਨੇ ਮੈਨੂੰ ਤੁਰੰਤ ਸਹੁਰੇ ਘਰੋਂ ਵਾਪਿਸ ਆਪਣੇ ਘਰ ਆ ਜਾਣ ਨੂੰ ਕਿਹਾ, 'ਮੈਂ ਇੱਕੋ ਗੱਲ ਆਖੀ, ਕਿਹੜਾ ਘਰ? ਹੁਣ ਤਾਂ ਇਹੀ ਮੇਰਾ ਘਰ ਹੈ, ਮੈਂ ਨਵਦੀਪ ਨਾਲ ਗੱਲ ਕਰਾਂਗੀ, ਜ਼ਰੂਰ ਕੁੜੀ ਵਿੱਚ ਗਲਤੀ ਹੋਵੇਗੀ, ਜਿਸ ਕਾਰਣ ਇੱਥੋਂ ਤੱਕ ਨੌਬਤ ਆਈ ਹੋਵੇਗੀ। ਨਾਲੇ ਹੁਣ ਮੇਰੇ ਪੇਟ ਵਿੱਚ ਨਵਦੀਪ ਦਾ ਬੱਚਾ ਹੈ, ਇਸ ਨੇ ਕੀ ਕਸੂਰ ਕੀਤੈ, ਜੋ ਮੈਂ ਇਸ ਨੂੰ ਜੰਮਣ ਤੋਂ ਪਹਿਲਾਂ ਇਸਦੇ ਬਾਪ ਤੋਂ ਦੂਰ ਕਰ ਦੇਵਾਂ?' ਮੰਮੀ ਤੁਸੀਂ ਫਿਕਰ ਨਾ ਕਰੋ, ਰੱਬ ਸੱਭ ਠੀਕ ਕਰ ਦੇਵੇਗਾ ।





ਰਾਤ ਪਈ ਨਵਦੀਪ ਨਾਲ ਗੱਲ ਕੀਤੀ ਤਾਂ ਉਲਟਾ ਉਸਨੇ ਖਫਾ ਹੋ ਕੇ ਮੈਨੂੰ ਕੁੱਟਣਾ ਮਾਰਨਾ ਸ਼ੁਰੂ ਕਰ ਦਿੱਤਾ ਅਤੇ ਦੋ ਵਾਰ ਮੇਰੇ ਢਿੱਡ ਵਿੱਚ ਲੱਤਾਂ ਮਾਰੀਆਂ, ਭੱਜ ਕੇ ਮੈਂ ਮੰਮੀ (ਸੱਸ) ਦੇ ਕਮਰੇ ਵੱਲ ਗਈ ਤਾਂ ਉਸਨੇ ਵੀ ਮੇਰੇ ਉੱਤੇ ਬਦਚਲਨ ਵਰਗੇ ਇਲਜ਼ਾਮ ਲਗਾ ਕੇ, ਉਸਦੇ ਪੁੱਤ ਦੀ ਜਿੰਦਗੀ ਨੂੰ ਨਾਸ਼ ਕਰਨ ਦਾ ਇਲਜ਼ਾਮ ਵੀ ਮੇਰੇ ਸਿਰ ਮੜ੍ਹ ਦਿੱਤਾ। ਮੇਰੇ ਸਹੁਰਾ ਸਾਹਿਬ ਨੇ ਬੜਾ ਸਮਝਾਇਆ ਪਰ ਮਾਂ-ਪੁੱਤ ਨੇ ਨਾ ਮੇਰੀ ਤੇ ਨਾਂਹ ਹੀ ਮੇਰੇ ਸਹੁਰੇ ਦੀ ਕੋਈ ਪੇਸ਼ ਜਾਣ ਦਿੱਤੀ। ਆਖਰ ਆਂਢ-ਗੁਆਂਢ ਲੋਕ ਇਕੱਠੇ ਹੋ ਗਏ ਉਹਨਾਂ ਮਾਹੌਲ ਕੁੱਝ ਸ਼ਾਂਤ ਕੀਤਾ ਅਤੇ ਸਾਰੀ ਰਾਤ ਮੈਂ ਸਿਸਕੀਆਂ ਲੈਂਦਿਆਂ ਕੱਟੀ।

ਸਵੇਰੇ ਉੱਠਦੇ ਸਾਰ ਹੀ, ਇੱਕ ਕੁੜੀ ਸਾਡੇ ਘਰ ਆਈ ਤਾਂ ਮੇਰੀ ਸੱਸ ਨੇ ਕਿਹਾ, ਛੇਤੀ ਤਲਾਕ ਦੇ ਕਾਗਜ਼ਾਂ ਤੇ ਸਾਈਨ ਕਰ ਤੇ ਦਫਾ ਹੋ ਜਾ ਮੇਰੇ ਪੁੱਤ ਦੀ ਜਿੰਦਗੀ ਵਿੱਚੋਂ.. ਇਸ ਕੁੜੀ ਨਾਲ ਮੇਰੇ ਪੁੱਤ ਨੇ ਵਿਆਹ ਕਰਵਾਉਣਾ ਹੈ। ਮੈਂ ਉਹਨਾਂ ਦਾ ਇਹ ਰੂਪ ਪਹਿਲੀ ਵਾਰ ਦੇਖ ਰਹੀ ਸੀ, ਮੈਂ ਤੁਰੰਤ ਨਵਦੀਪ ਦੇ ਪੈਰਾਂ ਵਿੱਚ ਜਾ ਡਿੱਗੀ, ਪਰ ਉਹ ਵੀ ਉਸ ਅਣਜਾਣ ਕੁੜੀ ਨਾਲ ਘਰੋਂ ਬਾਹਰ ਨਿਕਲ ਗਿਆ। ਮੇਰੀ ਸੱਸ ਨੇ ਫੋਨ ਕਰਕੇ ਮੇਰੀ ਮਾਂ ਅਤੇ ਮੇਰੇ ਭਰਾ ਨੂੰ ਵੀ ਉੱਥੇ ਬੁਲਾ ਲਿਅ ।

ਸ਼ਾਮੀਂ ਪੰਚਾਇਤ ਬੈਠੀ ਤਾਂ ਸਾਰੇ ਪਿੰਡ ਦੇ ਸਾਹਮਣੇ ਮੇਰੀ ਸੱਸ ਨੇ ਮੈਨੂੰ ਮੇਰੇ ਘਰਵਾਲੇ ਦੇ ਪੈਰੀਂ ਹੱਥ ਲਾਉਣ ਨੂੰ ਕਿਹਾ ਤੇ ਇਹ ਆਖਿਆ ਕਿ ਇਸਦੇ ਪੇਟ ਵਿੱਚ ਬੱਚਾ ਹੈ, ਸਾਡੇ ਘਰ ਦਾ ਮਾਹੌਲ ਇਸਦੇ ਕਰਕੇ ਹੀ ਖਰਾਬ ਹੋਇਆ ਹੈ ਅਤੇ ਇਸ ਲਈ ਜਦ ਤੱਕ ਬੱਚਾ ਨਹੀਂ ਹੋ ਜਾਂਦਾ, ਇਸ ਨੂੰ ਇਸਦੇ ਪੇਕੇ ਭੇਜਿਆ ਜਾਵੇ, ਬੱਚਾ ਹੋਣ ਤੇ ਅਸੀਂ ਆਪ ਪਿੰਡ ਦੇ ਕੁੱਝ ਮੁਹਤਬਰ ਬੰਦਿਆ ਨੂੰ ਨਾਲ ਲੈ ਕੇ ਇਸ ਨੂੰ ਵਾਪਿਸ ਲੈ ਆਵਾਂਗੇ ।

ਤਿੰਨ ਮਹੀਨੇ ਬਾਅਦ ਮੇਰੇ ਘਰ ਰੱਬ ਨੇ ਬੇਟੇ ਦੀ ਦਾਤ ਦਿੱਤੀ, ਮੈਂ ਸੱਭ ਕੁੱਝ ਭੁਲਾ ਦਿੱਤਾ ਅਤੇ ਰੱਬ ਦਾ ਸ਼ੁਕਰ ਮਾਨਇਆ ਕਿ ਆਪਣੇ ਵੰਸ਼ ਨੂੰ ਅੱਗੇ ਵਧਿਆ ਦੇਖ ਉਸਦੀ ਸੱਸ ਦਾ ਮਨ ਸ਼ਾਇਦ ਖੁਸ਼ ਹੋ ਜਾਵੇ ਅਤੇ ਸਵਾ ਮਹੀਨਾ ਕਰਨ ਤੋਂ ਬਾਅਦ ਉਹ ਮੈਨੂੰ ਆ ਕੇ ਲੈ ਗਏ। ਮੇਰੇ ਸਹੁਰਾ ਸਾਹਬ ਨੇ ਬਹੁਤ ਖੁਸ਼ੀ ਮਨਾਈ, ਪਰ ਮਾਂ-ਪੁੱਤ ਦੇ ਚਿਹਰੇ ਤੇ ਸਿਵਾਏ ਚਿੰਤਾ ਅਤੇ ਦੁੱਖ ਤੋਂ ਹੋਰ ਕੁੱਝ ਨਹੀਂ ਸੀ।

ਨਵਦੀਪ ਦੇਰ ਰਾਤ ਨੂੰ ਘਰ ਆਉਂਦੇ ਸਨ, ਲਗਾਤਾਰ ਫੋਨ ਤੇ ਘੰਟਿਆਂ ਬੱਧੀ ਗੱਲਾਂ ਕਰਦੇ ਸਨ, ਮੈਸਜ ਚਾਟ ਕਰਦੇ ਰਹਿੰਦੇ ਸਨ, ਇੱਕ ਰਾਤ ਮੈਂ ਉਹਨਾਂ ਦੇ ਮੋਬਾਇਲ ਤੇ ਮੈਸਜ ਪੜੇ, ਉਹ ਅਤਿ ਦਰਜੇ ਦੇ ਅਸ਼ਲੀਲ ਤੇ ਘਟੀਆ ਸਨ, ਇਹ

ਉਸੇ ਕੁੜੀ ਦੇ ਸਨ ਜਿਹੜੀ ਉਸ ਦਿਨ ਸਾਡੇ ਘਰ ਆਈ ਸੀ। ਰਾਤ ਨੂੰ ਫਿਰ ਕਲੇਸ਼ ਨਾ ਪਵੇ ਅਤੇ ਬੇਟੇ ਦੀ ਨੀਂਦ ਖਰਾਬ ਨਾ ਹੋਵੇ, ਮੈਂ ਇਹ ਵੀ ਸਹਿਣ ਕਰ ਲਿਆ। ਪਾਪਾ (ਸਹੁਰੇ) ਨੇ ਦੱਸਿਆ ਕਿ ਪੁੱਤ ਰੀਤ ! ਨਵਦੀਪ ਗਲਤ ਰਾਹਾਂ ਤੇ ਪੈ ਗਿਆ ਹੈ ਤੇ ਇਸ ਵਿੱਚ ਸਰਾ ਕਸੂਰ ਇਸਦੀ ਮਾਂ ਦਾ ਹੀ ਹੈ, ਤੂੰ ਬਹੁਤ ਸਿਆਣੀ ਧੀ ਹੈਂ ਇਸ ਨੂੰ ਘਰ ਮੋੜ ਕੇ ਲਿਆਉਣ ਦੀ ਜਿੰਮੇਵਾਰੀ ਤੇਰੀ ਹੈ। ਮੈਂ ਉਹਨਾਂ ਨੂੰ ਭਰੋਸਾ ਦਿਵਾਇਆ ਕਿ ਰੱਬ ਸੱਭ ਕੁੱਝ ਠੀਕ ਕਰ ਦੇਵੇਗਾ।

ਸੱਸ ਨੇ ਇਹ ਸਾਰੀਆਂ ਗੱਲਾਂ ਕੰਧ ਓਹਲੇ ਹੋ ਕੇ ਸੁਣ ਲਈਆਂ, ਮੈਂ ਕਮਰੇ ਵਿੱਚ ਜਾ ਕੇ ਲੰਮੇ ਪੈ ਗਈ ਕਿ ਅਚਨਾਕ ਉਪਰੋਂ ਸੱਸ ਅਤੇ ਸਹੁਰੇ ਦੀ ਆਪਸੀ ਖਿਚੋਤਾਣ ਦੀ ਆਵਜ਼ ਮੇਰੇ ਕੰਨੀਂ ਪਈ। ਦੋਵੇਂ ਬੁੜ-ਬੁੜ ਕਰ ਰਹੇ ਸਨ ਤੇ ਸੱਸ ਹਮੇਸ਼ਾਂ ਦੀ ਤਰ੍ਹਾਂ ਉੱਚੀ ਸੁਰ ਵਿੱਚ ਉਨ੍ਹਾਂ ਦੀ ਬੇਇਜ਼ਤੀ ਕਰ ਰਹੀ ਸੀ, ਮੈਨੂੰ ਪਤਾ ਸੀ ਕਿ ਆਪੇ ਕੁੱਝ ਦੇਰ ਬਾਅਦ ਚੁੱਪ ਕਰਕੇ ਸੌਂ ਜਾਣਗੇ ਤੇ ਮੇਰੀ ਵੀ ਅੱਖ ਲੱਗ ਗਈ ।

ਸਵੇਰੇ ਤੜਕੇ ਕੋਈ 5 ਕੁ ਵਜੇ ਮੇਰੇ ਕਮਰੇ ਦਾ ਦਰਵਾਜ਼ਾ ਕੋਈ ਜ਼ੋਰ ਜ਼ੋਰ ਦੀ ਖੜਕਾ ਰਿਹਾ ਸੀ, ਮੈਂ ਜਲਦੀ ਨਾਲ ਦਰਵਾਜ਼ਾ ਖੋਲਿਆ ਤਾਂ ਅੱਗੋਂ ਮੇਰੀ ਸੱਸ ਨੇ ਮੇਰੇ ਮੂੰਹ ਤੇ ਜ਼ੋਰ ਦੀ ਥੱਪੜ ਮਾਰਿਆ ਤੇ ਗੰਦੀਆਂ ਗਾਲਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ, ਮੁਹੱਲੇ ਵਾਲੇ ਵੀ ਇਕੱਠੇ ਹੋਣ ਲੱਗ ਪਏ, ਮੈਨੂੰ ਕੁੱਝ ਸਮਝ ਨਹੀਂ ਸੀ ਆ ਰਹੀ, ਮੇਰਾ ਬੇਟਾ ਵੀ ਉੱਠ ਪਿਆ, ਉਹ ਰੋ ਰਿਹਾ ਸੀ ਤੇ ਸ਼ਾਇਦ ਉਹ ਦੁੱਧ ਮੰਗ ਰਿਹਾ ਸੀ ।

ਪਤਾ ਲੱਗਾ ਕਿ ਮੇਰੇ ਸਹੁਰੇ ਨੇ ਰਾਤ ਝਗੜੇ ਤੋਂ ਬਾਅਦ ਸਲਫਾਸ ਖਾ ਲਈ ਹੈ ਅਤੇ ਉਸਦੀ ਲਾਸ਼ ਅਜੇ ਕਮਰੇ ਵਿੱਚ ਹੀ ਹੈ, ਮੈਂ ਆਪਣੇ ਮੁੰਡੇ ਨੂੰ ਪੰਘੂੜੇ ਵਿੱਚ ਪਾ ਕੇ ਰੋਂਦੀ ਹੋਈ ਕਮਰੇ ਵੱਲ ਵਧੀ ਤਾਂ ਮੇਰੀ ਸੱਸ ਨੇ ਮੈਨੂੰ ਗੁੱਤ ਤੋਂ ਫੜ੍ਹ ਕੇ ਖਿੱਚ ਲਿਆ, ਨਵਦੀਪ ਨੇ ਵੀ ਮੈਨੂੰ ਬਚਾਉਣ ਦੀ ਥਾਂ ਮੂੰਹ ਮੋੜ ਲਿਆ।

ਮੇਰੀ ਸੱਸ ਪਿੰਡ ਵਾਲਿਆਂ ਨੂੰ ਇਹ ਦੱਸਣ ਤੇ ਜ਼ੋਰ ਪਾ ਰਹੀ ਸੀ ਕਿ ਸਹੁਰੇ ਦੀ ਕਾਤਲ ਮੈਂ ਹੈ, ਨੂੰਹ ਦੇ ਹੱਥੋਂ ਦੁੱਖੀ ਹੋ ਕੇ ਸਹੁਰੇ ਨੇ ਆਤਮ ਹੱਤਿਆ ਕੀਤੀ ਹੈ। ਨਵਦੀਪ ਨੇ ਪੁਲਿਸ ਨੂੰ ਬੁਲਾ ਲਿਆ ਅਤੇ ਮੈਨੂੰ ਗ੍ਰਿਫਤਾਰ ਕਰਵਾਉਣ ਲਈ ਪੁਲਿਸ ਉੱਤੇ ਜ਼ੋਰ ਪਾਇਆ ਗਿਆ।

ਪੁਲਿਸ ਇਨਕੁਆਰੀ ਹੋਈ, ਸਹੁਰੇ ਦੇ ਮਰਨ ਪਿੱਛੋਂ ਪਲਾਟ ਵੇਚ ਕੇ ਸਾਰੇ ਪੈਸੇ ਪੁਲਿਸ ਨੂੰ ਦੇ ਕੇ ਮੇਰੇ ਉੱਤੇ ਕੇਸ ਪੁਆ ਦਿੱਤਾ, ਇੱਕ ਝੂਠਾ ਸੁਸਾਈਡ ਨੋਟ ਤਿਆਰ ਕਰਵਾ ਲਿਆ, ਉਸ ਦੇ ਆਧਾਰ ਤੇ ਮੇਰੇ ਸਾਰੇ ਰਿਸ਼ੇਦਾਰਾਂ ਦੇ ਨਾਮ ਵਿੱਚ





ਲਿਖ ਕੇ ਸੱਭ ਨੂੰ ਫਸਾਉਣ ਦੀ ਕੋਸ਼ਿਸ਼ ਕੀਤੀ ਅਤੇ ਪੁਲਿਸ ਨੇ ਮੈਨੂੰ ਗ੍ਰਿਫਤਾਰ ਕਰਕੇ ਮੇਰੇ ਤਿੰਨ ਮਹੀਨੇ ਦੇ ਬੱਚੇ ਸਮੇਤ ਜੇਲ੍ਹ ਵਿੱਚ ਸੁਟਵਾ ਦਿੱਤਾ। ਪਿੰਡ ਦੇ ਕੁੱਝ ਚੰਗੇ ਲੋਕਾਂ ਨੇ ਮੇਰਾ ਸਾਥ ਦਿੱਤਾ ਅਤੇ ਮੇਰੀ ਜ਼ਮਾਨਤ ਕਰਵਾਈ । ਰਿਹਾਅ ਹੋਣ ਤੋਂ ਬਾਅਦ ਮੈਂ ਪ੍ਰਾਈਵੇਟ ਪੜ੍ਹਾਈ ਸ਼ੁਰੂ ਕੀਤੀ, ਇੰਗਲਸ਼ ਸਪੀਕਿੰਗ ਕੋਰਸ ਕੀਤਾ ਤਾਂ ਕਿ ਆਪਣਾ ਕੇਸ ਖੁੱਦ ਲੜਨ ਦੇ ਕਾਬਲ ਬਣ ਸਕਾਂ।

ਬੇਟਾ ਤਿੰਨ ਸਾਲ ਦਾ ਹੋ ਗਿਆ ਹੈ, ਹੁਣ ਪ੍ਰਾਈਵੇਟ ਨੌਕਰੀ ਕਰ ਰਹੀ ਹਾਂ, ਖੁਸ਼ ਵੀ ਹਾਂ ਕਿ ਰੱਬ ਨੇ ਮੈਨੂੰ ਇਮਤਿਹਾਨ ਲੈਣ ਲਈ ਚੁਣਿਆ ਅਤੇ ਹੁਣ ਤੱਕ ਰੱਬ ਦੀ ਹੀ ਕ੍ਰਿਪਾ ਨਾਲ ਮੈਂ ਪਾਸ ਹੁੰਦੀ ਆਈ ਹਾਂ ਅਤੇ ਅਗੇ ਵੀ ਪੂਰੀ ਉਮੀਦ ਹੈ ਕਿ ਰੱਬ ਮੇਰਾ ਸਾਥ ਦੇਵੇਗਾ। ਮੈਂ ਕਦੀ ਵੀ ਨਿੱਤਨੇਮ ਤੋਂ ਨਾਗਾ ਨਹੀਂ ਕੀਤਾ, ਹਮੇਸ਼ਾ ਰੱਬ ਦੇ ਅੱਗੇ ਸਰਬੱਤ ਦ ਭਲਾ ਮੰਗਿਆ ਹੈ, ਕਦੇ ਕਿਸੇ ਅੱਗੇ ਆਪਣੇ ਦੁਖੜੇ ਨਹੀਂ ਰੋਈ, ਦੁਨੀਆ ਦੀ ਭਾਸ਼ਾ ਮੈਂ ਜਾਣ ਚੁੱਕੀ ਹਾਂ, ਦੁਖੜੇ ਸੁਣਾਵਾਂਗੀ ਲੋਕ ਹਮਦਰਦੀ ਕਰਨਗੇ, ਇਸ ਹਮਦਰਦੀ ਦੇ ਬਦਲੇ ਨਜ਼ਦੀਕ ਆਉਣਾ ਚਾਹੁਣਗੇ, ਕੋਈ ਪੈਸੇ ਦੀ ਮੱਦਦ ਕਰੇਗਾ ਤੇ ਕੋਈ ਕਿਸੇ ਤਰ੍ਹਾਂ ਦੀ, ਤੇ ਇਸ ਸੱਭ ਪਿੱਛੇ ਜਿਹੜੀ ਹਵਸ ਹੋਵੇਗੀ, ਉਹ ਦੱਸਣ ਦੀ ਲੋੜ ਨਹੀਂ।

ਮੈਂ ਆਤਮ ਨਿਰਭਰ ਹਾਂ, ਵਾਹਿਗੁਰੂ ਮੇਰੇ ਨਾਲ ਹੈ, ਹਰ ਪਲ ਹਰ ਥਾਂ। ਤੁਸੀਂ ਬੱਸ ਮੇਰਾ ਇਹ ਮੈਸੇਜ ਆਪਣੀ ਕਹਾਣੀ ਦਾ ਰੂਪ ਦੇ ਕੇ ਲੋਕਾਂ ਤੱਕ ਪਹੁੰਚਾ ਦਿਉ ਕਿ ਧੀਆਂ ਨੂੰ ਕੁੱਖ ਵਿੱਚ ਨਾ ਮਾਰੋ, ਧੀਆਂ ਨੂੰ ਕੁੱਖ ਵਿੱਚ ਮਾਰਨ ਲਈ ਮਜਬੂਰ ਕਰਨ ਵਾਲੇ ਉਹ ਦਰਿੰਦੇ ਲੋਕਾਂ ਨੂੰ ਮਾਰੋ ਜਿਹਨਾਂ ਨੇ ਸਮਾਜ ਗੰਧਲਾ ਕੀਤਾ ਪਿਆ ਹੈ ਅਤੇ ਮੇਰੀਆਂ ਭੈਣਾਂ ਹਮੇਸ਼ਾਂ ਚੜ੍ਹਦੀ ਕਲਾ ਵਿੱਚ ਰਿਹਾ ਕਰਨ। ਦੁਨੀਆ ਤੇ ਉਹਨਾਂ ਦਾ ਵੀ ਉਤਨਾ ਹੀ ਹੱਕ ਹੈ, ਜਿਤਨਾ ਮਰਦਾਂ ਦਾ ਇਸ ਦੁਨੀਆ ਤੇ ਹੈ ।

ਉਮੀਦ ਹੈ ਤੁਸੀਂ ਇਸ ਨੂੰ ਲਫਜ਼ ਦੇ ਕੇ ਮੇਰੀਆਂ ਭਾਵਨਾਵਾਂ ਨੂੰ ਲੋਕਾਂ ਤੱਕ ਪਹੁੰਚਾਉਣ ਦੀ ਕੋਸ਼ਿਸ਼ ਕਰੋਗੇ। ਇਕਵਾਕ, ਤੁਸੀਂ ਦੱਸੋ ਮੈਂ ਕਿੱਥੇ ਗਲਤ ਸੀ...?

ਪਰ ਅਫਸੋਸ ਮੇਰੇ ਕੋਲ ਉਸ ਵਕਤ ਉਸਦੇ ਸਵਾਲ ਦਾ ਜੁਆਬ ਨਹੀਂ ਸੀ, ਮੈਂ ਅਜੇ ਵੀ ਉਸਦੇ ਦੁੱਖਾਂ, ਤਕਲੀਫਾਂ, ਦਰਦ ਨੂੰ, ਉਸਦੇ ਨਾਲ ਕਦੇ ਸਹੁਰੇ, ਕਦੇ ਜੇਲ੍ਹ ਵਿੱਚ ਅਤੇ ਕਦੇ ਬਿਨ੍ਹਾਂ ਬਾਪ ਦੇ ਜਿੰਦਗੀ ਨਾਲ ਲੜ ਰਹੀ ਉਸ ਕੁੜੀ ਦੇ ਨਾਲ ਤੁਰ ਰਿਹਾ ਸੀ।

ਸਿਰਫ ਐਨਾ ਹੀ ਕਹਿ ਸਕਿਆ ਕੋਸ਼ਿਸ਼ ਕਰਾਂਗਾ ਕਿ ਮੈਂ ਤੇਰੇ ਪੱਖ ਨਾਲ ਇਨਸਾਫ ਕਰ ਸਕਾਂ, ਤੇ ਮੇਰੀ ਉਹ ਕੋਸ਼ਿਸ਼ ਅੱਜ ਪਾਠਕਾਂ ਸਾਹਮਣੇ ਹੈ ਜੋ ਉਸਦੀਆਂ

ਦੱਸੀਆਂ ਗੱਲਾਂ ਨੂੰ ਲਿਖ ਸਕਿਆਂ ਹਾਂ। ਪਤਾ ਨਹੀਂ ਕਿੰਨੀਆਂ ਮਨਰੀਤ ਵਰਗੀਆਂ ਕੁੜੀਆਂ ਦੀਆਂ ਕਹਾਣੀਆਂ ਅਣ-ਲਿਖੀਆਂ ਪਈਆਂ ਹਨ, ਕਦ ਤੱਕ ਸਾਡਾ ਸਮਾਜ ਅਜਿਹੇ ਵਤੀਰੇ ਦਾ ਸ਼ਿਕਾਰ ਆਪ ਹੁੰਦਾ ਰਹੇਗਾ ਅਤੇ ਹੋਰਨਾਂ ਨੂੰ ਕਰਦਾ ਰਹੇਗਾ? ਸਾਡੀਆਂ ਪੜ੍ਹਾਈਆਂ ਲਿਖਾਈਆਂ ਕਿਸ ਕੰਮ ਜੇ ਅੱਜ ਵੀ ਅਸੀਂ ਬਾਬਾ ਆਦਮ ਵਾਲੇ ਜ਼ਮਾਨੇ ਵਾਲੀ ਕਬੀਲਾਈ ਸੋਚ ਅਪਣਾਈ ਬੈਠੇ ਹਾਂ। ਮੈਂ ਤਾਂ ਆਪਣੇ ਦੇਸ਼ ਦੇ ਨੌਜਵਾਨ ਤਬਕੇ ਨੂੰ ਹੀ ਅਪੀਲ ਕਰੂੰਗਾ ਕਿ ਆਉ! ਵੱਡੀ ਅਤੇ ਖੁੱਲੀ ਸੋਚ ਅਪਣਾਈਏ, ਮਨੁੱਖਤਾ ਦਾ ਦਰਦ ਸਮਝੀਏ, ਰੱਬ ਮਨੁੱਖਤਾ ਵਿੱਚ ਹੀ ਹੈ, ਧਾਰਮਿਕ ਅਸਥਾਨਾਂ ਵਿੱਚ ਤਾਂ ਕੇਵਲ ਰੱਬ ਦੀ ਨਕਲ ਕਰਕੇ ਤਿਆਰ ਕੀਤੇ ਬੁੱਤ ਹੀ ਹਨ । ਆਮੀਨ ।







ਇੰਨਾ ਲਿਖਦਿਆਂ ਹੀ ਇਕਦਮ ਰੁੱਕ ਗਿਆ, 'ਇਹ ਕੀ?? ਓਏ, ਆਹ ਮੈਂ ਲਿਖਿਐ? ਓਏ ਮੈਂ ਸ਼ਾਇਰ ਬਣ ਗਿਆ?' ਇਸ ਤਰ੍ਹਾਂ ਆਪਣੇ ਆਪ ਨਾਲ ਗੱਲਾਂ ਕਰਦੇ ਨੇ ਕਾਗਜ਼ ਦੇ ਇਸ ਟੁਕੜੇ ਨੂੰ ਜੇਬ ਵਿੱਚ ਪਾ ਲਿਆ ਅਤੇ ਕਲਾਸ ਵਿੱਚ ਸੰਦੀਪ ਨੂੰ ਦਿੰਦਿਆਂ ਕਿਹਾ ਕਿ, 'ਆਹ ਪੜ੍ਹ ਕੇ ਦੇਖੀਂ ਮੈਂ ਖੁਦ ਲਿਖਿਆ, ਕਿੱਦਾਂ ਦਾ ਲੱਗਿਆ ਤੇ ਜਿਹੜੇ ਤੂੰ ਲਿਖੇ ਨੇ, ਮੈਨੂੰ ਵੀ ਦਿਖਾਈਂ, ਮੈਂ ਵੀ ਪੜ੍ਹਾਂਗਾ ਤੇਰੀ ਲਿਖੀ ਸ਼ਾਇਰੀ।'

# ਕਾਗਜ਼

ਅੱਜ ਸ਼ੁੱਭਨੂਰ ਨੂੰ ਤਿੰਨ ਸਾਲ ਤੋਂ ਵੱਧ ਸਮਾਂ ਬੀਤ ਚੱਲਿਆ ਸੀ, ਕਈ ਤਰ੍ਹਾਂ ਦੇ ਪਾਪੜ ਵੇਲਦਿਆਂ, ਪਰ ਇੱਕ ਉਹ ਸੀ ਕਿ ਬੇਧਿਆਨੀ, ਬੇਸੁਰਤ, ਆਪਣੀ ਮੌਜ ਵਿੱਚ ਜਿਉਂਦੀ ਹੋਈ ਨਖਰਿਆਂ ਰਾਹੀਂ 'ਹਾਂ' ਵੀ ਕਰਦੀ ਸੀ, ਤੇ ਗੱਲੀਂ ਬਾਤੀਂ ਬੇਪਰਵਾਹੀ ਵੀ ਪੂਰੀ ਸੀ। ਜੋ ਵੀ ਸੀ, ਸ਼ੁੱਭ ਤਾਂ ਬੱਸ ਉਸੇ ਦੀ ਪੂਜਾ ਕਰਦਾ ਸੀ।

ਚੌਥਾ ਸਾਲ ਚੜ੍ਹ ਗਿਆ ਤਾਂ ਅੱਜ ਹਿੰਮਤ ਕਰਕੇ, ਸੰਦੀਪ ਨੂੰ ਆਖਣ ਦਾ ਹੀਆ ਕਰ ਹੀ ਲਿਆ,

'ਸੰਦੀਪ ਯਾਰ ਇੱਕ ਗੱਲ ਕਰਨੀ ਸੀ...??'

ਕੀ?

ਨਹੀਂ! ਬੱਸ ਮੈਂ ਇਹੀ ਪੁਛਣਾ ਸੀ ਕਿ ਤੈਨੂੰ ਸ਼ਾਇਰੋ-ਸ਼ਾਇਰੀ ਪਸੰਦ ਹੈ?'

ਹਾਂ, ਪਰ ਕਿਉਂ? ਸੰਦੀਪ ਨੇ ਕਿਹਾ।

ਬੱਸ ਵੈਸੇ ਹੀ, ਮੈਨੂੰ ਵੀ ਬਹੁਤ ਪਸੰਦ ਹੈ। ਸ਼ੁੱਭ ਨੇ ਜੁਆਬ ਦਿੱਤਾ।

ਅੱਛਾ! ਤਾਂ ਫਿਰ ਇਸ ਵਿੱਚ ਪੁੱਛਣ ਵਾਲੀ ਕਿਹੜੀ ਗੱਲ ਸੀ, ਕਿਤੇ ਕੁੱਝ ਹੋਰ ਪੁੱਛਣ ਦੀ ਥਾਂ ਤੇ ਸ਼ਾਇਰੀ ਬਾਰੇ ਤਾਂ ਨਹੀਂ ਪੁੱਛੀ ਜਾਂਦਾ? ਸੰਦੀਪ ਨੇ ਵਿਅੰਗ ਜਿਹਾ ਕੱਸਦਿਆਂ ਕਿਹਾ।

'ਓ ਨਹੀਂ ਨਹੀਂ, ਮੈਂ ਹੋਰ ਕੀ ਪੁੱਛਣਾ? ਚੰਗਾ ਮੈਂ ਕੱਲ ਗੱਲ ਕਰੂੰਗਾ' ਆਖ ਕੇ ਉਸ ਕੋਲੋਂ ਚਲਾ ਗਿਆ। ਰਸਤੇ ਵਿੱਚ ਆਪਣੇ ਆਪ ਨੂੰ ਕੋਸਦਾ ਹੋਇਆ ਦਿਲ ਨਾਲ ਗੱਲਾਂ ਕਰਦਾ ਆਪਣੇ ਰਾਹ ਪੈ ਗਿਆ, 'ਓ ਸ਼ਿੱਟ ਯਾਰ, ਦਿਲਾ ਪੁੱਛਣਾ ਕੀ ਸੀ ਤੇ ਪੁੱਛ ਕੀ ਆਇਆਂ?, ਤੇ ਦੱਸਣਾ ਕੀ ਸੀ ਪਰ ਦੱਸ ਕੀ ਆਇਆ?' ਕਦੇ ਪੂਰੇ ਖਾਨਦਾਨ ਵਿੱਚ ਵੀ ਕਿਸੇ ਨੇ ਕਲਮ ਫੜ੍ਹੀ ਹੱਥ ਵਿੱਚ, ਵੱਡਾ ਸ਼ਾਇਰੀ ਪਸੰਦ ਆ ਜੀ ਮੈਨੂੰ ਵੀ'। ਖੈਰ! ਅੱਜ ਪੂਰੀ ਰਾਤ ਨੀਂਦ ਨਾ ਆਈ ਤੇ ਇਹੀ ਸੋਚੀ ਗਿਆ, ਯਾਰ ਉਸਨੇ ਜਿਹੜਾ ਵਿਅੰਗ ਜਿਹਾ ਕੱਸਿਆ ਸੀ, ਕਿਤੇ ਉਹਦਾ ਮਤਲਬ ਇਹ ਤਾਂ ਨਹੀਂ,





ਕਿ ਉਹ ਵੀ ਮੈਨੂੰ.....??

ਓ ਨਹੀਂ ਨਹੀਂ, ਇਹ ਕਿੱਦਾਂ ਹੋ ਸਕਦਾ, ਤਿੰਨ ਸਾਲ ਹੋ ਗਏ ਉਸਦੇ ਮਗਰ ਲੱਗੇ ਨੂੰ, ਇਕ ਵਾਰ ਵੀ ਤਾਂ ਨਹੀਂ ਕਿਹਾ ਉਸਨੇ... ਫਿਰ ਆਪਣੇ ਮਨ ਨਾਲ ਗੱਲਾਂ ਕਰਦਿਆਂ ਬੋਲਿਆ, ਯਾਰ ਗੱਲ ਤਾਂ ਇਹੀ ਵੀ ਸਹੀ ਆ..? ਪਰ ਮੈਂ ਕਿਹੜਾ ਕਦੇ ਕਿਹਾ ਉਸਨੂੰ, ਇਸਦਾ ਮਤਲਬ ਇਹ ਥੋੜੀ ਆ ਕਿ ਮੈਂ ਉਸ ਨੂੰ ਪਿਆਰ ਨਹੀਂ ਕਰਦਾ।

ਜਿਸ ਤਰ੍ਹਾਂ ਸਮਾਂ ਬੀਤਦਾ ਜਾ ਰਿਹਾ ਸੀ, ਸ਼ੁੱਭ ਦੀ ਬੇਚੈਨੀ ਵੱਧ ਰਹੀ ਸੀ, ਕਿ ਉਹ ਕਿਵੇਂ ਪਤਾ ਕਰੇ ਕਿ ਸੰਦੀਪ ਵੀ ਉਸ ਨੂੰ ਪਿਆਰ ਕਰਦੀ ਆ? ਆਖਿਰ ਅੱਜ ਉਸਨੇ ਆਪਣੀ ਵੱਡੀ ਭਾਬੀ ਮਨਰੂਪ ਨੂੰ ਆਪਣੇ ਦਿਲ ਦਾ ਸਾਰਾ ਹਾਲ ਦੱਸ ਦਿਤਾ। ਭਾਬੀ ਨੇ ਸਾਰੀ ਗੱਲ ਸਮਝ ਲਈ ਕਿ, 'ਸ਼ੁੱਭ ਮੇਰੇ ਜ਼ਰੀਏ ਇਹ ਪਤਾ ਕਰਵਾਉਣਾ ਚਾਹੁੰਦਾ ਹੈ ਕਿ ਸੰਦੀਪ ਉਸਨੂੰ ਪਸੰਦ ਕਰਦੀ ਹੈ ਜਾਂ ਨਹੀਂ?'

ਭਾਬੀ ਨੇ ਕਿਹਾ, 'ਮੈਨੂੰ ਤਾਂ ਤੁਸੀਂ ਦੋਵੇਂ ਹੀ ਕੱਚੇ ਲੱਗਦੇ ਹੋ।' (ਭਾਬੀ ਨੂੰ ਇਹ ਗੱਲ ਤਾਂ ਪਤਾ ਸੀ ਕਿਉਂਕਿ ਸੰਦੀਪ ਵੀ ਉਸੇ ਮੁਹੱਲੇ ਦੀ ਚੌਥੀ ਗੱਲੀ ਵਿੱਚ ਰਹਿੰਦੀ ਸੀ ਤੇ ਉਨ੍ਹਾਂ ਦੀ ਆਪਸ ਵਿੱਚ ਜਾਣ ਪਹਿਚਾਣ ਦਾ ਕਾਰਣ ਇਹ ਸੀ ਕਿ ਸੰਦੀਪ ਦੀ ਵੱਡੀ ਭੈਣ ਨਿਰਪ੍ਰੀਤ ਦੀ ਬੁਟੀਕ ਸੀ, ਜਿੱਥੇ ਅਕਸਰ ਮਨਰੂਪ ਭਾਬੀ ਜਾਇਆ ਕਰਦੀ ਸੀ ਤੇ ਕਈ ਵਾਰ ਸੰਦੀਪ ਨਾਲ ਮਾਰਕੀਟ ਵਗੈਰਾ ਵਿੱਚ ਸ਼ਾਪਿੰਗ ਕਰਨ ਲਈ ਵੀ ਗਈ ਸੀ।)

ਹੈਗਾ ਤਾਂ ਉਸਦੀ ਜਿੰਦਗੀ ਵਿੱਚ ਵੀ ਕੋਈ ਨਹੀਂ, ਇਹ ਮੈਨੂੰ ਪੱਕਾ ਪਤਾ, ਦੂਜੀ ਗੱਲ ਆਪਣਾ ਪ੍ਰਪੋਜ਼ ਖੁਦ ਕਰੀਦਾ ਹੁੰਦਾ ਕਿਸੇ ਤੋਂ ਨਹੀਂ ਕਰਵਾਈਦਾ। ਇਸ ਲਈ ਜੇ ਪਿਆਰ ਕੀਤਾ ਤਾਂ ਹਿੰਮਤ ਵੀ ਰੱਖ ਨਹੀਂ ਤਾਂ ਫਿਰ ਸਮੇਂ ਸਿਰ ਦੁਕਾਨ ਤੇ ਜਾਇਆ ਕਰ, ਤੇ ਚਾਰ ਪੈਸੇ ਕਮਾ, ਇਸ਼ਕ ਪੜ੍ਹਾਈਆਂ ਨਹੀਂ ਕਰ ਹੁੰਦੀਆਂ ਤਾਂ ਸੁਪਨੇ ਨਾ ਵੇਖ!

ਗੱਲ ਤਾਂ ਭਾਬੀ ਜੀ ਤੁਹਾਡੀ ਠੀਕ ਹੈ, ਪਰ ਪਲੀਜ਼!!

ਨਾ ਕੋਈ ਪਲੀਜ਼ ਨਹੀਂ, ਇਹੋ ਜਿਹੇ ਕੰਮ ਖੁਦ ਕਰੋ, ਹਾਂ ਇੱਕ ਗੱਲ ਜ਼ਰੂਰ ਕਹਿ ਦਿੰਦੀ, ਕਿ ਮੁੰਡਿਆ 'ਪਸੰਦ ਤੇਰੀ ਬੜੀ ਘੈਂਟ ਆ..।'

ਘੈਂਟ ਘੁੰਟ ਕਾਹਦੀ ਭਾਬੀ, 'ਗੱਲ ਤਾਂ ਤੁਸੀਂ ਮੇਰੀ ਬਣਾਈ ਨਹੀਂ ।'

ਅੱਛਾ, ਪਿਆਰ ਤੂੰ ਕਰੇ, ਫਿਰ ਵਿਆਹ ਕਰਵਾਕੇ ਮਸਤੀ ਤੂੰ ਕਰੇਂ ਤੇ ਗੱਲ

ਮੈਂ ਬਣਾਵਾਂ? ਇਹ ਕੀ ਗੱਲ ਹੋਈ ਭਲਾ, ਚੱਲ ਮੂੰਹ ਨਾ ਵੱਟ ਹੁਣ ਜਿਸ ਦਿਨ ਗਈ ਗੱਲਾਂ ਵਿੱਚ ਗੱਲ ਕਰਕੇ ਪੁਛਾਂਗੀ..।

ਓ.. ਥੈਂਕਸ ਯੂ, ਭਾਬੀ, ਜੇ ਗੱਲ ਬਣ ਗਈ ਨਾ, ਤਾਂ ਕੈਮ ਜਿਹਾ ਸੂਟ ਬਣਵਾ ਕੇ ਦਊਂਗਾ ਭਾਬੀ, ਜਿਉਂਦੀ ਵੱਸਦੀ ਰਹਿ। ਆਖ ਕੇ ਸ਼ੁੱਭ ਆਪਣੇ ਕਮਰੇ ਵਿੱਚ ਚਲਿਆ ਗਿਆ।

ਹੁਣ ਰਹਿੰਦੀ ਨੀਂਦ ਵੀ ਉੱਡ-ਪੁੱਡ ਗਈ ਤੇ ਈਮੈਜੀਨੇਸ਼ਨ ਵਿੱਚ ਗੁਆਚਾ ਸ਼ੁੱਭ ਸੰਦੀਪ ਬਾਰੇ ਸੋਚਣ ਲੱਗਾ ਕਿ ਕਦੋਂ ਭਾਬੀ ਉਸ ਨੂੰ ਮਿਲੇਗੀ, ਫਿਰ ਕੀ ਗੱਲਾਂ ਕਰੇਗੀ, ਸੰਦੀਪ ਹਾਂ ਕਰੇਗੀ ਕਿ ਨਾਂਹ ? ਜੇ ਹਾਂ ਕਰੂਗੀ ਫਿਰ ਕੀ ਹੋਊਗਾ ਜੇ ਨਾਂਹ ਕਰੂਗੀ ਫਿਰ ਕੀ ਹੋਊਗਾ? ਸੋਚਾਂ ਵਿੱਚ ਗੁਆਚੇ ਨੂੰ ਪਤਾ ਨਾ ਲੱਗਿਆ ਕਿ ਕਦ ਸਵੇਰ ਹੋ ਗਈ।

ਜਦ ਚਹਿਲ ਪਹਿਲ ਦੀ ਅਵਾਜ਼ ਕੰਨੀ ਪਈ ਤਾਂ ਇਹ ਵੀ ਫਟਾਫਟ ਉੱਠ ਕੇ, ਨਹਾ ਧੋ ਕੇ ਤਿਆਰ ਹੋ ਕੇ, ਕਾਲਜ ਨੂੰ ਚੱਲ ਪਿਆ, ਪਰ ਅਚਾਨਕ ਰਸਤੇ ਵਿੱਚੋਂ ਹੀ ਕਿਸੇ ਹੋਰ ਰਾਹ ਤੇ ਪੈ ਗਿਆ ਅਤੇ ਸ਼ਹਿਰ ਦੇ ਇੱਕ ਖੂਬਸੂਰਤ ਪਾਰਕ ਵਿੱਚ ਕਿਤਾਬਾਂ ਰੱਖ ਕੇ ਕਾਪੀ-ਪੈੱਨ ਲੈ ਕੇ ਕੁੱਝ ਲਿਖਣ ਲੱਗਿਆ ਤਾਂ ਉਸਦੀ ਕਲਮ ਨੇ ਕੁੱਝ ਅੱਖਰ ਲਿਖਣੇ ਸ਼ੁਰੂ ਕੀਤੇ,

'ਤੂੰ ਸਮਝਦੀ ਨਹੀਂ, ਜੋ ਸਮਝਾਉਣਾ ਚਾਹੁੰਦਾ ਹਾਂ,  
ਕਿਵੇਂ ਦੱਸਾਂ ਮੈਂ ਤੈਨੂੰ, ਤੇਰਾ ਹੋਣਾ ਚਾਹੁੰਦਾ ਹਾਂ।  
ਬੜਾ ਜੀਅ ਲਿਆ ਇੱਕਲਿਆਂ,  
ਪਰ ਅੱਜ ਸੱਚੀ ਗੱਲ ਕਹਿ ਚੱਲਿਆਂ,  
ਤੇਰੀ ਜੁਦਾਈ ਵਿੱਚ ਹੋਰ ਨਹੀਂ ਮੈਂ ਰੋਣਾ ਚਾਹੁੰਦਾ ਹਾਂ।  
'ਤੂੰ ਸਮਝਦੀ ਨਹੀਂ, ਜੋ ਸਮਝਾਉਣਾ ਚਾਹੁੰਦਾ ਹਾਂ,  
ਕਿਵੇਂ ਦੱਸਾਂ ਮੈਂ ਤੈਨੂੰ, ਤੇਰਾ ਹੋਣਾ ਚਾਹੁੰਦਾ ਹਾਂ।

ਇੰਨਾ ਲਿਖਦਿਆਂ ਹੀ ਇਕਦਮ ਰੁੱਕ ਗਿਆ, 'ਇਹ ਕੀ?? ਓਏ, ਆਹ ਮੈਂ ਲਿਖਿਐ? ਓਏ ਮੈਂ ਸ਼ਾਇਰ ਬਣ ਗਿਆ?' ਇਸ ਤਰ੍ਹਾਂ ਆਪਣੇ ਆਪ ਨਾਲ ਗੱਲਾਂ ਕਰਦੇ ਨੇ ਕਾਗਜ਼ ਦੇ ਇਸ ਟੁਕੜੇ ਨੂੰ ਜੇਬ ਵਿੱਚ ਪਾ ਲਿਆ ਅਤੇ ਕਲਾਸ ਵਿੱਚ ਸੰਦੀਪ ਨੂੰ ਦਿੰਦਿਆਂ ਕਿਹਾ ਕਿ, 'ਆਹ ਪੜ੍ਹ ਕੇ ਦੇਖੀਂ ਮੈਂ ਖੁਦ ਲਿਖਿਆ, ਕਿੱਦਾਂ ਦਾ ਲੱਗਿਆ





ਤੇ ਜਿਹੜੇ ਤੂੰ ਲਿਖੇ ਨੇ, ਮੈਨੂੰ ਵੀ ਦਿਖਾਈਂ, ਮੈਂ ਵੀ ਪੜ੍ਹਾਂਗਾ ਤੇਰੀ ਲਿਖੀ ਸ਼ਾਇਰੀ।'

ਸੰਦੀਪ ਨੇ ਕਾਗਜ਼ ਦਾ ਉਹ ਟੁਕੜਾ ਆਪਣੇ ਹੱਥਾਂ ਵਿੱਚ ਲਿਆ ਤੇ ਕਿਹਾ ਸ਼ਾਮੀਂ ਘਰ ਆ ਜਾਇਉ ਦੇ ਦੇਵਾਂਗੀ, ਪਰ ਕਿਸੇ ਨੂੰ ਦਸਿਉ ਨਾ'। ਓ.ਕੇ. ਥੈਂਕਸ ਜੀ ਕਹਿ ਕੇ ਸ਼ੁੱਭ ਆਪਣੀ ਪੜ੍ਹਾਈ ਵਿੱਚ ਰੁੱਝ ਗਿਆ, ਪਰ ਪੜ੍ਹਾਈ ਕਿੱਥੇ ਹੋਣ ਲੱਗੀ ਸੀ ਧਿਆਨ ਤਾਂ ਹੁਣ ਸ਼ਾਮਾਂ ਪੈਣ ਵੱਲ ਸੀ।

ਸ਼ਾਮੀਂ ਸੰਦੀਪ ਨੇ ਚੋਰੀ ਜਿਹਾ ਲੁਕਵੇਂ ਰੂਪ ਵਿੱਚ ਆਪਣੇ ਲਿਖੇ ਹੋਏ ਦੋ ਸ਼ੇਅਰਾਂ ਦਾ ਇੱਕ ਕਾਗਜ਼ੀ ਟੁੱਕੜਾ ਸ਼ੁੱਭ ਦੇ ਹੱਥ ਫੜ੍ਹਾ ਦਿੱਤਾ, ਸ਼ੁੱਭ ਨੇ ਉਸਨੂੰ ਇਸ ਤਰ੍ਹਾਂ ਸਾਂਭ ਕੇ ਆਪਣੇ ਪਰਸ ਵਿੱਚ ਪਾ ਲਿਆ, ਜਿਵੇਂ ਕਿਸੇ ਨੇ ਸਾਰੀ ਦੁਨੀਆ ਉਸਦੇ ਨਾਮ ਕਰਕੇ, ਕਾਗਜ਼ ਉਸਦੇ ਹੱਥ ਫੜ੍ਹਾ ਦਿੱਤਾ ਹੋਵੇ। ਉਸਨੇ ਮਨ ਬਣਾਇਆ ਕੇ ਰਾਤ ਨੂੰ ਜਦ ਸਾਰੇ ਸੌਂ ਜਾਣਗੇ ਤਦ ਉਹ ਇਕੱਲਾ ਛੱਤ 'ਤੇ ਜਾ ਕੇ ਇਹ ਸੱਭ ਕੁੱਝ ਪੜੇਗਾ । ਰਾਤ ਪੈਣ ਤਕ ਹਰ ਮਿੰਟ ਬਾਅਦ ਉਸਦਾ ਹੱਥ ਪੈਂਟ ਦੀ ਪਿਛਲੀ ਜੇਬ ਤੇ ਜਾਂਦਾ ਕਿ ਉਸਦਾ ਪਰਸ ਉਸਦੀ ਜੇਬ ਵਿੱਚ ਤਾਂ ਹੈ ਨਾ। ਇਸ ਤਰ੍ਹਾਂ ਤਾਂ ਸ਼ਾਇਦ ਉਸਨੇ ਆਪਣੇ ਪੈਸਿਆਂ, ਡਰਾਈਵਿੰਗ ਲਾਇਸੰਸ, ਪੈਨ ਕਾਰਡ ਦਾ ਖਿਆਲ ਨਹੀਂ ਰੱਖਿਆ ਹੋਣਾ ਜਿੰਨਾ ਉਹ ਬਾਰ ਬਾਰ ਪਰਸ ਦੇਖ ਕੇ ਸੰਦੀਪ ਦੇ ਉਸ ਸੇਅਰ ਲਿਖੇ ਵਾਲੇ ਕਾਗਜ਼ ਦੇ ਇੱਕ ਟੁਕੜੇ ਦਾ ਰੱਖ ਰਿਹਾ ਸੀ।

ਸੁੱਖ ਨਾਲ ਰਾਤ ਪਈ, ਤਾਂ ਬੜੇ ਪਿਆਰ ਨਾਲ ਕਿਸੇ ਪਵਿੱਤਰ ਗ੍ਰੰਥ ਦੀ ਤਰ੍ਹਾਂ ਪਰਸ ਵਿੱਚ ਉਹ ਕਾਗਜ਼ ਲੈ ਕੇ, ਉਹ ਚੰਨ ਦੀ ਚਾਨਣੀ ਵਿੱਚ, ਉੱਪਰ ਛੱਤ ਤੇ ਗਿਆ, ਕਾਗਜ਼ ਦੀਆਂ ਪਰਤਾਂ ਨੂੰ ਪਿਆਰ ਨਾਲ ਖੋਲ ਕੇ ਪੜ੍ਹਨਾ ਸ਼ੁਰੂ ਕੀਤਾ:

'ਸਮਝਣ ਵਾਲੀ ਗੱਲ ਕਦੋਂ ਦੀ ਸਮਝ ਗਈ ਹਾਂ ਮੈਂ,  
ਸਮਝ, ਸਮਝ ਕੇ, ਸਮਝੀ ਹਾਂ, ਕਿ ਤੇਰੀ ਹੀ ਹਾਂ ਮੈਂ।  
ਪਰ, ਮੈਂ ਇੱਕਲੀ ਨਹੀਂ, ਤੇਰੀਆਂ ਯਾਦਾਂ ਨੇ ਮੇਰੇ ਨਾਲ,  
ਕਦੀਂ, ਰਾਤੀਂ ਆ ਕੇ ਚੰਨਾ ਵੇਖ ਲਈ, ਜਾਨ ਆਪਣੀ ਦਾ ਹਾਲ।'

ਸ਼ੁੱਭ ਨੂੰ ਲੱਗਿਆ ਕਿ ਇਹ ਉਸਦੇ ਸ਼ਿਅਰ ਦਾ ਜੁਆਬ ਹੈ, ਜਿਸਦਾ ਸਾਫ ਮਤਲਬ ਹੈ ਕਿ ਸੰਦੀਪ ਮੈਨੂੰ ਪਿਆਰ ਕਰਦੀ ਹੈ ਪਰ ਫਿਰ ਮੂੰਹੋਂ ਕਿਉਂ ਨਹੀਂ ਬੋਲਦੀ? ਖੈਰ! ਹੁਣ ਦੂਜਾ ਸ਼ਿਅਰ ਪੜ੍ਹਨਾ ਸ਼ੁਰੂ ਕਰ ਦਿੱਤਾ:

ਅੱਖਾਂ ਸਮਝ ਲੈਣ ਭਾਵੇਂ ਗੱਲ ਦਿਲ ਵਾਲੀ ਸਾਰੀ,

ਨੈਣ ਬੁੱਝ ਲੈਣ ਭਾਵੇਂ, ਨੈਣਾਂ ਦੀ ਖੁਮਾਰੀ।

ਪਰ, ਗੱਲ ਸ਼ੁਰੂ ਹੁੰਦੀ ਉਦੋਂ, ਜਦੋਂ ਹਾਣੀ ਕਹਿ ਦੇਵੇ,

ਪਿਆਰ ਵਾਲੀ ਗੱਲ ਨੂੰ, ਜ਼ੁਬਾਨੀ ਕਹਿ ਦੇਵੇ।

ਇਹ ਦੋ ਸ਼ਿਅਰ ਸ਼ੁੱਭ ਲਈ ਕਿਸੇ ਪਵਿੱਤਰ ਇਬਾਰਤ ਤੋਂ ਘੱਟ ਨਹੀਂ ਸਨ ਅਤੇ ਲਿਖੇ ਹੋਏ ਇਹ ਅੱਖਰ ਉਸਨੂੰ ਪਿਆਰ ਦਾ ਇਜ਼ਹਾਰ ਕਰਨ ਲਈ ਗੁਪਤ ਸੁਨੇਹਾ ਵੀ ਸਨ।

ਅਗਲੇ ਦਿਨ ਕੁਦਰਤੀ ਕਿਸੇ ਕੰਮ ਲਈ ਸ਼ੁੱਭ ਦੀ ਭਾਬੀ ਮਨਰੂਪ ਨੂੰ ਸੰਦੀਪ ਦੇ ਘਰ ਜਾਣਾ ਪਿਆ, ਘਰ ਵਿੱਚ ਕੋਈ ਨਹੀਂ ਸੀ ਸਿਵਾਏ ਸੰਦੀਪ ਦੇ। ਭਾਬੀ ਨੇ ਗੱਲੀਂ ਬਾਤੀਂ ਸੰਦੀਪ ਨਾਲ ਹਾਸੇ ਮਖੌਲ ਕਰਦਿਆਂ ਉਸਦੇ ਅਫੇਅਰ ਬਾਰੇ ਪੁੱਛ ਲਿਆ ਤਾਂ ਸੰਦੀਪ ਨੇ ਭਾਬੀ ਜੀ ਨੂੰ ਸੱਚ ਦੱਸ ਦਿਤਾ ਕਿ, 'ਉਸਦੀ ਜ਼ਿੰਦਗੀ ਵਿੱਚ ਇੱਕ ਮੁੰਡਾ ਹੈ, ਜਿਸ ਨੂੰ ਉਹ ਇਕਤਰਫਾ ਪਿਆਰ ਕਰਦੀ ਹੈ, ਕਈ ਵਾਰ ਤਾਂ ਲੱਗਦਾ ਹੈ ਕਿ ਉਹ ਵੀ ਉਸਨੂੰ ਪਿਆਰ ਕਰਦਾ ਹੈ, ਪਰ ਫਿਰ ਵੀ ਦਿਲ ਵਿੱਚ ਡਰ ਲੱਗਿਆ ਰਹਿੰਦਾ ਹੈ..'

ਭਾਬੀ ਨੇ ਜਦ ਮੁੰਡੇ ਬਾਰੇ ਪੁੱਛਿਆ ਤਾਂ, ਸੰਦੀਪ ਨੇ ਸ਼ਰਮਾਉਂਦੇ ਹੋਏ ਕਿਹਾ, 'ਭਾਬੀ ਜੀ ਤੁਸੀਂ ਉਸਨੂੰ ਜਾਣਦੇ ਹੋ..।'

ਮੈਂ ਜਾਣਦੀ ਹਾਂ? ਮੈਂ ਕਿਵੇਂ ਉਸਨੂੰ ਜਾਣਦੀ ਹੋ ਸਕਦੀ ਹਾਂ? ਭਾਬੀ ਨੇ ਪੁੱਛਿਆ।

ਭਾਬੀ ਜੀ! ਸੌਰੀ, ਮੈਨੂੰ ਸ਼ੁੱਭਨੂਰ ਪਸੰਦ ਹੈ। ਪਲੀਜ਼ ਬੁਰਾ ਨਾ ਮਾਨਇਉ! ਮੈਂ ਉਸ ਨੂੰ ਬਚਪਨ ਤੋਂ ਚਾਹੁੰਦੀ ਹਾਂ।

ਭਾਬੀ ਨੇ ਸਿਰ ਤੇ ਹੱਥ ਮਾਰਿਆ, ਪਰ ਬੋਲੀ ਕੁੱਝ ਨਾਂਹ।

ਕੀ ਹੋਇਆ ਭਾਬੀ ਜੀ? ਸੰਦੀਪ ਨੇ ਪੁੱਛਿਆ?

ਹੋਣਾ ਕੀ ਆ? ਉੱਧਰ ਉਹ ਕਮਲਾ ਤੈਨੂੰ ਬਚਪਨ ਤੋਂ ਪਸੰਦ ਕਰਦੈ, ਇੱਧਰ ਤੂੰ ਉਸਨੂੰ ਪਸੰਦ ਕਰਦੀ ਹੈਂ, ਪਤਾ ਤੁਹਾਨੂੰ ਦੋਹਾਂ ਨੂੰ ਨਹੀਂ ਕਿ ਤੁਸੀਂ ਦੋਵੇਂ ਇੱਕ ਦੂਜੇ ਨੂੰ ਪਸੰਦ ਕਰਦੇ ਹੋ। ਤੁਹਾਡਾ ਕੁੱਝ ਨਹੀਂ ਹੋ ਸਕਦਾ।

ਸੱਚੀਂ ਭਾਬੀ ਜੀ! ਤੁਹਾਨੂੰ ਕਿੱਦਾ ਪਤਾ? ਪਲੀਜ਼ ਕੀ ਸ਼ੁੱਭ ਨੇ ਤੁਹਾਨੂੰ ਦੱਸਿਆ? ਉਹ ਸੱਚੀਂ ਮੈਨੂੰ ਪਸੰਦ ਕਰਦਾ ਹੈ? ਪਲੀਜ਼ ਭਾਬੀ ਜੀ ਬੋਲੋ!!





ਹਾਂ... ਹਾਂ .... ਹਾਂ....! ਚੱਲੋਂ ਪਹਿਲਾਂ ਇਹ ਦੱਸੋ ਭਾਬੀ ਨੂੰ ਕੀ ਮਿਲੂ, ਜੇ ਤੁਹਾਨੂੰ ਮਿਲਵਾ ਦੇਵਾਂ?

ਜੋ ਤੁਸੀਂ ਕਹੋਗੇ, ਭਾਬੀ ਜੀ।

ਓ.ਕੇ. ਮੈਨੂੰ ਕੁੱਝ ਨਹੀਂ ਚਾਹੀਦਾ, ਬੱਸ ਤੁਸੀਂ ਦੋਵੇਂ ਖੁਸ਼ ਰਹੋ ।

***

ਦੂਜੇ ਪਾਸੇ ਸਵੇਰੇ ਦਾ ਉਸ ਕਾਗਜ਼ ਦੇ ਟੁਕੜੇ ਨੂੰ ਹਿੱਕ ਲਈ, ਬਾਰ ਬਾਰ ਪੜ੍ਹਦਾ, ਕਮਲਾ ਹੋਇਆ ਸ਼ੁੱਭ ਨਾ ਧਰਤੀ ਤੇ ਸੀ ਨਾ ਆਸਮਾਨ ਵਿੱਚ, ਇੱਕ ਵੱਖਰੀ ਜਿਹੀ ਦੁਨੀਆ ਵਿੱਚ ਆਪਣੇ ਆਪ ਨੂੰ ਮਹਿਸੂਸ ਕਰ ਰਿਹਾ ਸੀ। ਦੁਪਿਹਰ ਵੇਲੇ ਬਾਜ਼ਾਰ ਜਾ ਕੇ ਉਸ ਕਾਗਜ਼ ਦੇ ਟੁਕੜੇ ਨੂੰ ਸਪੈਸ਼ਲ ਲੈਮੀਨੇਸ਼ਨ ਕਰਵਾ ਕੇ ਸਾਂਭ ਲਿਆ। ਰਾਤ ਪਈ ਤਾਂ, ਅੱਜ ਹੀ ਖ਼੍ਰੀਦੀ ਨਵੀਂ ਡਾਇਰੀ ਵਿੱਚ ਆਪਣੇ ਵੱਲੋਂ ਸੰਦੀਪ ਦੀ ਖੂਬਸੂਰਤੀ ਬਿਆਨ ਕਰਦੇ, ਇਸ਼ਕਾਂ ਇਬਰਾਰਤਾਂ ਨਾਲ ਲਬਰੇਜ਼, ਪਹਿਲੇ ਪਿਆਰ ਦੇ ਨਾਜ਼ੁਕ ਤੇ ਕੋਮਲ ਖਿਆਲਾਤਾਂ ਨਾਲ ਹੱਥ ਵਿੱਚ ਕਲਮ ਫੜ੍ਹ ਕੇ ਪੂਰੀ ਇੱਕੋ ਰਾਤ ਵਿੱਚ ਹੀ ਉਸਨੇ ਸੈਂਕੜੇ ਸ਼ਿਅਰ ਲਿਖ ਦਿੱਤੇ ।

ਅਗਲੇ ਦਿਨ ਭਾਬੀ ਨਾਲ ਮੁਲਾਕਾਤ ਹੋਈ ਅਤੇ ਦੋਵੇਂ ਪਾਸਿਉਂ ਪਿਆਰ ਦੀ ਤੜਫ ਬਾਰੇ ਸੁਣ ਕੇ ਸ਼ੁੱਭਨੂਰ ਇਸ਼ਕ ਦੀ ਦੁਨੀਆ ਵਿੱਚ ਆਪਣਾ ਘਰ ਬਨਾਉਣ ਦਾ ਪੱਕਾ ਮਨ ਬਣਾ ਕੇ, ਸੰਦੀਪ ਨੂੰ ਮਿਲ ਕੇ ਪ੍ਰਪੋਜ਼ ਕਰਨ ਲਈ ਤਿਆਰ ਹੋ ਗਿਆ। ਭਾਬੀ ਨੇ ਵੀ ਇਸ ਜੋੜੀ ਨੂੰ ਮਿਲਾਉਣ ਦਾ ਵਾਅਦਾ ਸੱਚ ਕਰ ਵਿਖਾਇਆ।

ਅੱਜ 5 ਸਾਲ ਬਾਅਦ ਉਸਨੇ ਸੰਦੀਪ ਨੂੰ ਪ੍ਰਪੋਜ਼ ਕੀਤਾ ਉਸ ਵੱਲੋਂ ਵੀ ਜੁਆਬ 'ਹਾਂ' ਵਿੱਚ ਦਿੱਤਾ ਗਿਆ। ਰਾਤਾਂ ਜਾਗ-ਜਾਗ ਕੇ ਲਿਖੀ ਡਾਇਰੀ ਸੰਦੀਪ ਦੇ ਹੱਥਾਂ ਵਿੱਚ ਫੜ੍ਹਾ ਦਿੱਤੀ।

ਜਿੱਥੇ ਪਹਿਲਾਂ ਸ਼ੇਅਰਾਂ ਨਾਲ ਗੁਪਤ ਜਿਹੀ ਗੱਲ ਕੀਤੀ ਜਾਂਦੀ ਸੀ, ਉੱਥੇ ਹੁਣ ਅਕਸਰ ਲਵ-ਲੈਟਰਾਂ ਦੀ ਅਦਲਾ ਬਦਲੀ ਹੋਣ ਲੱਗ ਪਈ । ਪੰਜ ਸਾਲ ਪਹਿਲੇ ਅਤੇ 3 ਸਾਲ ਹੁਣ ਵਾਲੇ ਪਾ ਕੇ ਪਿਆਰ ਦੀਆਂ ਪੀਂਘਾਂ ਝੂਟਦਿਆਂ 8 ਸਾਲ ਬੀਤ ਗਏ ਸਨ। ਸੋਲਵੇਂ ਸਤਾਰਵੇਂ ਸਾਲ ਵਿੱਚ ਚੜ੍ਹਿਆ ਪਿਆਰ ਦਾ ਗਰੂਰ ਹੁਣ ਸ਼ੁੱਭ 26 ਸਾਲ ਦਾ ਤੇ ਸੰਦੀਪ 24 ਦੇ ਲੱਗਭਗ ਪੁੱਜ ਚੁੱਕੀ ਸੀ। ਸਮਾਂ ਵੀ ਬਦਲ ਰਿਹਾ ਸੀ । ਲਵ ਲੈਟਰ ਦੀ ਥਾਂ ਹੁਣ ਮੋਬਾਇਲ ਦੇ ਐੱਸ.ਐੱਮ.ਐੱਸਜ਼ ਨੇ ਥਾਂ ਲੈ ਲਈ ਸੀ, ਸਾਰੀਆਂ ਰਾਤਾਂ ਜਾਗ ਕੇ, ਗੱਲਾਂ ਕਰਦਿਆਂ ਕੱਟਣੀਆਂ ਤੇ ਦਿਨੇ ਆਪੋ ਆਪਣੇ ਕੰਮ ਵਿੱਚ

ਮਸ਼ਰੂਫ ਰਹਿਣਾ। ਮੈਸਜ਼ਾਂ ਦੇ ਜ਼ਰੀਏ ਸ਼ਾਇਰੀ ਕਰਦਿਆਂ ਨੇ ਸ਼ੁੱਭ ਨੇ ਕਲਮ ਤੇ ਕਾਗਜ਼ ਛੱਡ ਦਿੱਤੇ ਸਨ।

ਦੋਹਾਂ ਨੇ ਕਈ ਸੁਪਨੇ ਸੰਜੋਏ, ਕਈ ਵਾਅਦੇ ਕੀਤੇ, ਕਈ ਕੌਲ-ਕਰਾਰ ਤੇ ਕਈ ਨਖਰੇ। ਇਹਨਾਂ ਅੱਠ ਸਾਲਾਂ ਵਿੱਚ ਇੱਕ ਵਾਰ ਵੀ ਦੋਹਾਂ ਵਿੱਚ ਝਗੜਾ ਇੱਕ ਦੂਜੇ ਦੀ ਗਲਤੀ ਨੂੰ ਆਪਣੇ ਸਿਰ ਲੈਣ ਤੋਂ, ਭਾਵੇਂ ਹੋਇਆ ਹੋਵੇ ਪਰ ਉਦਾਂ ਕਦੇ ਨਹੀਂ ਸੀ ਹੋਇਆ। ਇੱਕ ਦੂਜੇ ਨੂੰ ਸਮਰਪਤ ਸਨ ਦੋਵੇਂ।

ਪਰ ਅੱਜ ਪਹਿਲੀ ਵਾਰ ਇੱਕ ਹਫਤਾ ਲੰਘ ਗਿਆ ਸੀ, ਦੋਹਾਂ ਦੀ ਗੱਲ ਹੋਏ ਨੂੰ। ਨਾ ਤਾਂ ਸੰਦੀਪ ਦਾ ਫੋਨ ਲੱਗ ਰਿਹਾ ਸੀ ਨਾ ਹੀ ਉਹ ਘਰ ਸੀ। ਆਖੀਰ ਕਿੱਥੇ ਚਲੀ ਗਈ, ਬਿਨ੍ਹਾਂ ਦੱਸੇ। ਬੜੀ ਕੋਸ਼ਿਸ਼ ਕੀਤੀ ਕਿ ਆਂਢ-ਗੁਆਂਡੋਂ ਪਤਾ ਲੱਗ ਸਕੇ, ਪਰ ਕੁੱਝ ਵੀ ਹੱਥ ਪੱਲੇ ਨਾ ਪਿਆ। ਸ਼ੁੱਭ ਨੇ ਭਾਬੀ ਨੂੰ ਸਾਰੀ ਗੱਲ ਦੱਸੀ, ਭਾਬੀ ਨੂੰ ਵੀ ਕਾਫੀ ਚਿੰਤਾ ਹੋਈ। ਉਹ ਆਪ ਤਾਂ ਉਸਦੇ ਘਰ ਨਾ ਗਈ, ਪਰ ਆਪਣੀ ਨੌਕਰਾਣੀ ਦੇ ਜ਼ਰੀਏ ਸੰਦੀਪ ਬਾਰੇ ਪਤਾ ਲਗਾਉਣ ਲਈ ਕਿਹਾ ਤਾਂ ਪਤਾ ਲੱਗਾ ਕਿ, 'ਸੰਦੀਪ ਮਰ ਚੁੱਕੀ ਹੈ ਅਤੇ ਇਹ ਅਫਵਾਹ ਵੀ ਹੈ ਕਿ ਉਸਦੇ ਪਿਉ ਤੇ ਭਰਾਵਾਂ ਨੇ ਰਲ ਕੇ ਉਸਦਾ ਗਲਾ ਘੁੱਟ ਕੇ ਉਸ ਦੀ ਹੱਤਿਆ ਕੀਤੀ ਹੈ ਕਿਉਂਕਿ ਉਸਦੇ ਕਿਸੇ ਮੁੰਡੇ ਨਾਲ ਸਬੰਧਾਂ ਬਾਰੇ ਉਹਨਾਂ ਨੂੰ ਪਤਾ ਲੱਗ ਗਿਆ ਸੀ ਤੇ ਕੋਈ ਪੁਰਾਣੇ ਪ੍ਰੇਮ ਪੱਤਰ ਉਸਦੇ ਪਿਉ ਦੇ ਹੱਥ ਲੱਗ ਗਏ ਸਨ, ਪਰ ਸਬੂਤ ਨਾ ਮਿਲਣ ਕਰਕੇ ਪੁਲਿਸ ਨੇ ਵੀ ਉਹਨਾਂ ਨੂੰ ਗ੍ਰਿਫਤਾਰ ਨਹੀਂ ਕੀਤਾ। ਉਸਦੀ ਮਾਂ ਨੂੰ ਗੱਲਾਂ ਕਰਦੇ ਸੁਣਿਆ ਸੀ, ਕਿ ਉਸ ਚੰਦਰੇ ਮੁੰਡੇ ਦਾ ਨਾਮ ਇੱਕ ਵਾਰ ਲੈ ਲੈਂਦੀ, ਦੱਸ ਦਿੰਦੀ ਆਪਣੇ ਪਿਉ ਨੂੰ, ਉਹ ਖਸਮਾ ਨੂੰ ਖਾਣਾ ਮਰ ਜਾਂਦਾ ਮੇਰੀ ਧੀ ਤਾਂ ਬੱਚ ਜਾਂਦੀ। ਜਾਂ ਧੀ ਦਾ ਕਿਧਰੇ ਦੂਰ ਉਸਦਾ ਵਿਆਹ ਕਰ ਦਿੰਦੇ।

ਭਾਬੀ ਨੇ ਰੋ ਰੋ ਕੇ ਸਾਰਾ ਹਾਲ ਸ਼ੁੱਭ ਨੂੰ ਦੱਸ ਦਿੱਤਾ। ਸ਼ੁੱਭਨੂਰ ਨੇ ਖੁਦ ਆਤਮ ਹੱਤਿਆ ਕਰਨ ਦੀ ਗੱਲ ਕੀਤੀ ਤਾਂ ਭਾਬੀ ਨੇ ਉਸਨੂੰ ਸਮਝਾਇਆ। ਖੈਰ! ਭਾਬੀ ਦੀ ਗੱਲ ਮੰਨ ਤਾਂ ਲਈ, ਪਰ ਪਤਾ ਲੱਗਾ ਕਿ ਉਹ ਇਸ ਆਪਣੇ ਘਰ ਨੂੰ ਛੱਡ ਕੇ ਬਿਨ੍ਹਾਂ ਦੱਸੇ ਕਿਧਰੇ ਚੱਲਿਆ ਗਿਆ ਹੈ, ਪੁਲਿਸ ਰਿਪੋਰਟ ਕੀਤੀ ਗਈ ਪਰ ਅੱਜ ਤੱਕ ਉਹ ਨਹੀਂ ਮਿਲਿਆ।

ਮੇਰੀ ਮੁਲਾਕਾਤ ਉਸ ਨਾਲ ਪਿਛਲੇ ਸਾਲ ਹੋਈ, ਉਹ ਕਿੱਥੇ ਮਿਲਿਆ, ਇਹ ਤਾਂ ਮੈਂ ਪਾਠਕਾਂ ਨੂੰ ਨਹੀਂ ਦੱਸ ਸਕਦਾ। ਪਰ ਉਹ ਜਿਸ ਹਾਲਤ ਵਿੱਚ ਸੀ, ਮੇਰੀਆਂ ਅੱਖਾਂ ਨਮ ਹੋਣੋ ਨਾ ਰਹਿ ਸਕੀਆਂ, ਉਸ ਕੋਲ ਪਈਆਂ ਉਸਦੀਆਂ





ਪੁਰਾਣੀਆਂ ਤਸਵੀਰਾਂ ਦੇ ਮੁਕਾਬਲੇ ਉਸਦਾ ਸਰੀਰ ਸੁੱਕ ਕਾਨੇ ਵਰਗਾ, ਚੰਨ ਵਰਗਾ ਗੋਰਾ ਰੰਗ ਕਾਲਾ ਭੂਕ, ਪਰ ਹੱਥ ਵਿੱਚ ਫੜ੍ਹੀ ਕਲਮ ਤੇ, ਕਲਮ ਥੱਲੇ ਪਿਆ ਕਾਗਜ਼, ਜਿਸ ਉੱਤੇ ਉਹੀ ਇਸ਼ਕ ਇਬਾਰਤਾਂ ਦਾ ਉਕਰਿਆ ਜਾਣਾ ਜਾਰੀ ਸੀ, ਜਦ ਤੁਰਨ ਲੱਗਿਆਂ ਤਾਂ ਮੈਨੂੰ ਵੀ ਉਸਨੇ ਇੱਕ ਕਾਗਜ਼ ਦਾ ਟੁਕੜਾ ਮੇਰੇ ਹੱਥੀਂ ਫੜ੍ਹਾ ਦਿੱਤਾ, ਜਿਸ ਉੱਤੇ ਲਿਖਿਆ ਸੀ,

'ਕਹਿੰਦੇ ਨੇ ਪਿਆਰ ਨਾ-ਕਾਮਯਾਬ ਹੁੰਦਾ ਹੈ, ਜੇ ਇਕਤਰਫਾ ਹੋਵੇ।

ਗੱਲ ਤਾਂ ਵਾਕੇਈ ਸੱਚੀ ਹੈ, ਪਰ ਸਾਡਾ ਤਾਂ 'ਦੋ ਤਰਫਾ' ਸੀ...... ਫਿਰ ਕਿਉਂ ....??



ਬੱਸ ਵੀ ਕਾਹਦੀ ਸਵਾਰੀ 'ਤੇ ਸਵਾਰੀ ਚੜ੍ਹੀ ਹੋਈ, ਇੱਥੋਂ ਤੱਕ ਕੇ ਬੱਸ ਦੀ ਛੱਤ ਤੇ ਵੀ ਸਵਾਰੀਆਂ ਚੜ੍ਹੀਆਂ ਹੋਈਆਂ ਸਨ । ਰਸਤੇ ਵਿੱਚ ਪੱਟੀ ਮੁੜਨ ਲੱਗਿਆਂ ਬੱਸ ਸਟਾਪ ਤੇ ਬੱਸ ਫਿਰ ਖੜ੍ਹ ਗਈ । ਉਥੇ ਵੀ ਸਵਾਰੀਆਂ ਦਾ ਮੇਲਾ ਬੱਸ ਦੀ ਉਡੀਕ ਕਰ ਰਿਹਾ ਸੀ । ਧੱਕਾ-ਮੁੱਕੀ, ਜਦੋ-ਜਹਿਦ ਕਰਦਿਆਂ ਕੁਝ ਕੁ ਸਵਾਰੀਆਂ ਹੋਰ ਬੱਸ ਵਿੱਚ ਚੜ੍ਹ ਗਈਆਂ ।





# ਇਨਸਾਨੀਅਤ

ਪਿਛਲੇ ਦਿਨੀਂ ਬੱਸ ਵਿੱਚ ਅੰਮ੍ਰਿਤਸਰ ਤੋਂ ਪੱਟੀ ਜਾਣ ਦਾ ਮੌਕਾ ਮਿਲਿਆ । ਬੱਸ ਵੀ ਕਾਹਦੀ ਸਵਾਰੀ 'ਤੇ ਸਵਾਰੀ ਚੜ੍ਹੀ ਹੋਈ, ਇੱਥੋਂ ਤੱਕ ਕੇ ਬੱਸ ਦੀ ਛੱਤ ਤੇ ਵੀ ਸਵਾਰੀਆਂ ਚੜ੍ਹੀਆਂ ਹੋਈਆਂ ਸਨ । ਰਸਤੇ ਵਿੱਚ ਪੱਟੀ ਮੁੜਨ ਲੱਗਿਆਂ ਬੱਸ ਸਟਾਪ ਤੇ ਬੱਸ ਫਿਰ ਖੜ੍ਹ ਗਈ । ਉਥੇ ਵੀ ਸਵਾਰੀਆਂ ਦਾ ਮੇਲਾ ਬੱਸ ਦੀ ਉਡੀਕ ਕਰ ਰਿਹਾ ਸੀ । ਧੱਕਾ-ਮੁੱਕੀ, ਜਦੋ-ਜਹਿਦ ਕਰਦਿਆਂ ਕੁਝ ਕੁ ਸਵਾਰੀਆਂ ਹੋਰ ਬੱਸ ਵਿੱਚ ਚੜ੍ਹ ਗਈਆਂ । ਜਿਨ੍ਹਾਂ ਵਿੱਚ ਇੱਕ ਔਰਤ 28-30 ਸਾਲ ਦੀ ਉਮਰ ਦੇ ਲਗਭਗ ਅਤੇ ਕੁਛੜ 6 ਕੁ ਮਹੀਨੇ ਦਾ ਬੱਚਾ ਚੁਕਿਆ ਹੋਇਆ, ਇੱਕ ਵੱਡਾ ਕਪੜਿਆਂ ਦਾ ਬੈਗ ਅਤੇ ਨਾਲ ਇੱਕ 14-16 ਸਾਲ ਦੇ ਕਰੀਬ ਉਮਰ ਦੀ ਲੜਕੀ ਬੱਸ ਵਿੱਚ ਚੜ੍ਹੀਆਂ । ਜਿਆਦਾ ਭੀੜ ਹੋਣ ਕਰਕੇ ਉਹਨਾਂ ਬੈਗ ਥੱਲੇ ਹੀ ਰੱਖ ਲਿਆ । ਕੰਡੈਕਟਰ ਬੱਸ ਦੀ ਬਾਰੀ ਵਿੱਚ ਖੜ੍ਹਾ ਰੌਲਾ ਪਾ ਰਿਹਾ ਸੀ ਕਿ ਸਵਾਰੀਆਂ ਅਗਾਂਹ ਨੂੰ ਹੋਵੋ... ਅਗਾਂਹ ਨੂੰ ਹੋਵੋ... ਕਿ ਉਸ ਔਰਤ ਦਾ ਬੈਗ ਉਸ ਦੀ ਨਿਗਾਹ ਚੜ੍ਹ ਗਿਆ । 'ਤੇ ਉਚੀ-ਉਚੀ ਕਹਿਣ ਲੱਗ ਪਿਆ ਆ ਬੈਗ ਕੀਹਦਾ ਬਈ ? ਚੁੱਕੋ ਇਹਨੂੰ ਇੱਥੋਂ , ਇੱਕ ਸਵਾਰੀ ਖੜ੍ਹ ਸਕਦੀ ਇੱਥੇ ।

ਲਾਚਾਰ ਔਰਤ ਕਹਿਣ ਲੱਗੀ ਕਿ ਮੇਰੇ ਕੋਲ ਬੱਚਾ ਹੈ ਤੇ ਬੈਗ ਰੱਖਣ ਦੀ ਹੋਰ ਜਗ੍ਹਾ ਵੀ ਨਹੀਂ ਹੈ । ਕੰਡੈਕਟਰ ਕਹਿਣ ਲੱਗਾ ਬੈਗ ਹੱਥ 'ਚ ਫੜ੍ਹ ਲਵੋ ਨਹੀਂ ਤਾਂ ਬੱਸ ਚੋਂ ਥੱਲੇ ਉਤਰ ਜਾਵੋ । ਇੰਨ੍ਹੇ ਚ ਹੀ ਗਰਮਾ-ਗਰਮੀ ਹੋ ਗਈ ਅਤੇ ਬੱਸ ਵੀ ਡੇਢ-ਦੋ ਕਿਲੋਮੀਟਰ ਸਫ਼ਰ ਤੈਅ ਕਰ ਚੁੱਕੀ ਸੀ ਅਤੇ ਕੰਡੈਕਟਰ ਨੇ ਇਸੇ ਨਿਕੀ ਜਿਹੀ ਗੱਲ ਤੇ ਹੀ ਮਾਂ-ਬੱਚੇ ਅਤੇ ਉਸ ਜਵਾਨ ਕੁੜੀ ਨੂੰ ਬੱਸ ਵਿਚੋਂ ਥੱਲੇ ਉਤਾਰ ਦਿੱਤਾ । ਕਾਫੀ ਲੋਕ ਕੰਡੈਕਟਰ ਤੋਂ ਖ਼ਫਾ ਸਨ ਪਰ ਬੋਲਿਆ ਕੋਈ ਨਹੀਂ ।ਹੁਣ ਬੱਸ ਦਾ ਅਗਲਾ ਸਟਾਪ ਆ ਗਿਆ ਅਤੇ ਇੱਕ ਮੁਸਾਫਿਰ ਜਿਸਦੀ ਟਿਕਟ 4-5 ਰੁਪਏ ਬਣਦੀ ਸੀ, ਬਿਨ੍ਹਾਂ ਟਿਕਟ ਲਿਆਂ ਹੀ ਬੱਸ ਵਿੱਚੋਂ ਉਤਰ ਕੇ ਖਿਸਕ ਗਿਆ । ਜਦ ਕੰਡੈਕਟਰ ਨੂੰ

ਪਤਾ ਲੱਗਿਆ ਤਾਂ ਕਲਪਿਆ ਹੋਇਆ ਰੌਲਾ ਪਾਉਣ ਲੱਗ ਪਿਆ ਕਿ ਅੱਜ ਇਨਸਾਨੀਅਤ ਦਾ ਕੋਈ ਜ਼ਮਾਨਾ ਹੀ ਨਹੀਂ ਰਿਹਾ ।ਮੈਂ ਬੱਸ ਵਿੱਚ ਬੈਠਾ ਸੋਚ ਰਿਹਾ ਸੀ ਕਿ ਸ਼ਾਇਦ ਇੱਕ ਲਾਚਾਰ ਔਰਤ ਨੂੰ ਛੋਟੀ ਜਿਹੀ ਗੱਲ ਤੋਂ ਹੀ ਬੱਸ ਸਟਾਪ ਤੋਂ ਦੂਰ ਰਸਤੇ ਵਿੱਚ ਉਤਾਰ ਦੇਣਾ ਕੰਡੈਕਟਰ ਵਾਸਤੇ ਇਨਸਾਨੀਅਤ ਵਾਲੀ ਗੱਲ ਨਹੀਂ ਸੀ । ਆਖ਼ੀਰ ਇਨਸਾਨੀਅਤ ਹੈ ਕਿੱਥੇ ?







ਦਫਤਰੀ ਕੰਮਾਂ ਵਿੱਚ ਦਿਨ-ਬ-ਦਿਨ ਜੁਗਰਾਜ, ਕੋਮਲ ਦੇ ਕਰੀਬ ਜਾਣ ਦੀ ਕੋਸ਼ਿਸ਼ ’ਚ ਰਹਿਣ ਲੱਗ ਪਿਆ ਸੀ ਅਤੇ ਕੋਮਲ ਅੱਗੇ ਆਪਣੀ ਚੰਗਾ ਇੰਪਰੈਸ਼ਨ (ਪ੍ਰਭਾਵ) ਪਾਉਣ ਦੀ ਕੋਸ਼ਿਸ਼ ਕਰਦਾ ਰਹਿੰਦਾ ਅਤੇ ਹਰ ਕੰਮ ਨੂੰ ਸਹੀ ਢੰਗ ਨਾਲ ਕਰਕੇ ਕੋਮਲ ਅੱਗੇ ਆਪਣੇ ਨੰਬਰ ਬਣਾਉਂਦਾ, ਕੋਮਲ ਵੀ ਦਫਤਰ ਵਿੱਚ ਉਸਦੇ ਹਰ ਇੱਕ ਚੰਗੇ ਕੰਮ ਦੀ ਸਲਾਹਣਾ ਕਰਦੀ ਅਤੇ ਇਸ ਤਰ੍ਹਾਂ ਉਹ ਆਪਣੇ ਦਫਤਰ ਦੇ ਹਰ ਛੋਟੇ-ਵੱਡੇ ਕਰਮਚਾਰੀ ਨਾਲ ਕਰਦੀ ਸੀ।

# ਤਿੜਕੇ ਰਿਸ਼ਤੇ

ਫਾਤਮਾ ਨਹੀਂ ਆਈ...? ਸਿੰਮੀ ਨੇ ਵਿਅੰਗ ਜਿਹਾ ਕਰਕੇ ਨਵਰੀਤ ਨੂੰ ਪੁੱਛਿਆ...?

ਨਵਰੀਤ ਨੇ ਮੋੜਵਾਂ ਜੁਆਬ ਦਿੱਤਾ ਜੇ ਫਾਤਮਾ ਆਈ ਹੁੰਦੀ ਤਾਂ ਇੱਥੇ ਸਾਰੀਆਂ ਦੇ ਮੂੰਹ ਢਿੱਲੇ ਜਿਹੇ, ਉਦਾਸ ਜਿਹੇ ਤੇ ਬੋਰਿੰਗ ਜਿਹੇ ਨਾ ਹੁੰਦੇ..

ਸਿੰਮੀ ਬੋਲੀ, 'ਆਹੋ ਇਹ ਤਾਂ ਹੈ, ਇਹ ਸਾਡੀ ਫਾਤਮਾ ਤਾਂ ਹੈ ਈ ਇੱਦਾਂ ਦੀ ਕਿ ਜਿੱਥੇ ਵੀ ਜਾਵੇ ਰੌਣਕ ਲਾ ਦਿੰਦੀ ਐ, ਜੇ ਨਾ ਹੋਵੇਂ ਤਾਂ ਇਹ ਵੇਖ ਹੀ ਰਹੇ ਹਾਂ ਕਿ ਕਿਹੋ ਜਿਹਾ ਮਾਹੌਲ ਬਣਿਆ ਹੁੰਦਾ ਹੈ..?

ਦਰਅਸਲ ਫਾਤਮਾ ਤੋਂ ਉਹਨਾਂ ਦਾ ਭਾਵ ਕੋਮਲਪ੍ਰੀਤ ਕੌਰ ਤੋਂ ਸੀ, ਜੋ ਬਹੁਤ ਹੀ ਖੁਸ਼-ਮਿਜਾਜ਼, ਪਿਆਰੀ ਜਿਹੀ ਅਤੇ ਆਪਣੀਆਂ ਗੱਲਾਂ ਨਾਲ ਦੂਸਰਿਆਂ ਨੂੰ ਖੁਸ਼ ਰੱਖਣ ਵਾਲੀ, ਜਿੰਦਾ ਦਿਲ ਕੁੜੀ ਸੀ। ਹਰ ਸਮੇਂ ਆਸ਼ਾਵਾਦੀ ਰਹਿਣਾ, ਸਕਾਰਾਤਾਮਕ ਸੋਚਣਾ, ਸੱਭ ਤੇ ਚੰਗੇ ਦੀ ਅਰਦਾਸ ਕਰਨਾ, ਜੇ ਕੋਈ ਕਿਸੇ ਵੀ ਤਰ੍ਹਾਂ ਦੀ ਮੁਸ਼ਕਿਲ/ਮੁਸੀਬਤ ਵਿੱਚ ਹੋਵੇ ਤਾਂ ਉਸ ਨੂੰ ਝੱਟ ਦਿਲਾਸਾ ਦੇ ਕੇ ਹਾਸੇ ਮਾਖੌਲ ਦੀਆਂ ਗੱਲਾਂ ਕਰਕੇ ਉਸ ਦੀ ਚਿੰਤਾ ਨੂੰ ਕੁੱਝ ਸਮੇਂ ਵਾਸਤੇ ਦੂਰ ਕਰ ਦੇਣਾ।

ਇਹੀ ਕਾਰਣ ਸੀ ਕਿ ਉਸਦੀਆਂ ਸਹੇਲੀਆਂ ਉਸ ਨੂੰ ਪਿਆਰ ਨਾਲ ਫਾਤਮਾ ਕਹਿ ਕੇ ਬੁਲਾਉਂਦੀਆਂ ਸਨ। ਕੋਮਲ ਦਿੱਲੀ ਦੀ ਇੱਕ ਬਹੁਤ ਵੱਡੀ ਮਲਟੀਨੈਸ਼ਨਲ ਕੰਮਨੀ ਵਿੱਚ ਨੌਕਰੀ ਕਰਦੀ ਸੀ। ਉੱਥੇ ਸਿੰਮੀ, ਨਵਰੀਤ ਤੇ ਹਰਲੀਨ ਉਸਦੀਆਂ ਗੂੜ੍ਹੀਆਂ ਸਹੇਲੀਆਂ ਸਨ ਅਤੇ ਇਹ ਸਾਰੀਆਂ ਹੀ ਪੰਜਾਬ ਦੇ ਵੱਖੋ-ਵੱਖ ਇਲਾਕਿਆਂ ਤੋਂ ਸਨ। ਜਿਸ ਕੰਪਨੀ ਵਿੱਚ ਇਹ ਨੌਕਰੀ ਕਰਦੀਆਂ ਸਨ ਉਹ ਕੰਪਨੀ ਕੋਮਲ ਦੀ ਦੂਰ ਦੀ ਰਿਸ਼ਤੇਦਾਰੀ ਵਿੱਚ ਭੂਆ ਜੀ ਦੇ ਬੇਟੇ ਦੀ ਸੀ, ਜਿਸ ਕਰਕੇ ਕੋਮਲ ਦੀ ਉੱਥੇ ਕਾਫੀ ਚੱਲਦੀ ਸੀ। ਜਿਸ ਪਿੱਛੇ ਸਿਰਫ ਇਹੀ ਇੱਕ ਕਾਰਣ





ਨਹੀਂ ਸੀ, ਬਲਕਿ ਉਹ ਆਪ ਵੀ ਆਪਣੀ ਡਿਊਟੀ ਨੂੰ ਪੂਰੀ ਜਿੰਮੇਵਾਰੀ, ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਂਦੀ ਸੀ।

ਕੋਮਲ ਨੇ ਬੀ.ਟੈੱਕ ਕਰਨ ਤੋਂ ਬਾਅਦ ਇਹ ਨੌਕਰੀ ਸ਼ੁਰੂ ਕੀਤੀ ਸੀ। ਘਰ ਉਸਦੀ ਇੱਕ ਛੋਟੀ ਭੈਣ ਸੀ ਤੇ ਇੱਕ ਭਰਾ। ਕੋਮਲ ਦੇ ਪਾਪਾ ਸ. ਬਹਾਦਰ ਜੰਗ ਸਿੰਘ ਪਿੰਡ ਦੇ ਮੰਨੇ ਪ੍ਰਮੰਨੇ ਰਾਈਸ ਸਨ ਅਤੇ ਸ਼ਹਿਰ ਵਿੱਚ ਉਹਨਾਂ ਦਾ ਪ੍ਰਾਪਰਟੀ ਡੀਲਰ ਦਾ ਕੰਮ ਸੀ। ਮਾਂ ਇੱਕ ਘਰੇਲੂ ਔਰਤ ਸੀ, ਜਿਸਨੇ ਆਪਣੇ ਬੱਚਿਆਂ ਪ੍ਰਤੀ ਆਪਣੀ ਪਰਿਵਰਸ਼ ਇੰਨੇ ਸੋਹਣੇ ਢੰਗ ਨਾਲ ਨਿਭਾਈ ਸੀ ਕਿ ਪਿੰਡ ਵਿੱਚ ਹਰ ਕੋਈ ਉਸਦੀ ਦਾਦ ਦਿੰਦਾ ਸੀ।

ਕੋਮਲ ਨੂੰ ਦਿੱਲੀ ਗਿਆਂ ਨੂੰ ਅਜੇ ਸਿਰਫ ਸਾਲ ਕੁ ਹੀ ਹੋਇਆ ਸੀ ਅਤੇ ਸਾਲ ਵਿੱਚ ਉਹ ਮਸਾਂ ਦੋ-ਤਿੰਨ ਵਾਰ ਹੀ ਛੁੱਟੀ ਆਈ ਸੀ। ਉਸਦਾ ਸੁਪਨਾ ਇੱਕ ਬਹੁਤ ਹੀ ਕਾਮਯਾਬ ਇਨਸਾਨ ਬਣਨਾ ਸੀ ਤਾਂ ਕਿ ਉਹ ਆਪਣੇ ਪਿੰਡ ਵਿੱਚ ਆਪਣੇ ਨਾਮ ਦੇ ਨਾਲ ਆਪਣੇ ਮਾਂ-ਬਾਪ ਅਤੇ ਆਪਣੇ ਇਲਾਕੇ ਦਾ ਨਾਮ ਉੱਚਾ ਚੁੱਕ ਸਕੇ। ਬਚਪਨ ਤੋਂ ਹੀ ਉਸਨੂੰ ਸਫਲ ਔਰਤਾਂ ਦੀਆਂ ਸੱਚੀਆਂ ਕਹਾਣੀਆਂ ਪੜ੍ਹਨ ਦਾ ਬਹੁਤ ਸ਼ੌਂਕ ਸੀ ਅਤੇ ਉਹ ਵੀ ਦੁਨੀਆ ਤੇ ਕੁੱਝ ਖਾਸ ਕਰਨਾ ਚਾਹੁੰਦੀ ਸੀ, ਜਿਸ ਨਾਲ ਉਸਨੂੰ ਪਹਿਚਾਣ ਮਿਲ ਸਕੇ ਅਤੇ ਲੋਕ ਹਮੇਸ਼ਾਂ ਉਸਨੂੰ ਯਾਦ ਰੱਖਣ।

ਸਮਾਂ ਆਪਣੀ ਰਫਤਾਰ ਨਾਲ ਚੱਲਦਾ ਰਿਹਾ। ਇਹਨਾਂ ਹੀ ਦਿਨਾਂ ਵਿੱਚ ਜਿੱਥੇ ਕੋਮਲ ਨੌਕਰੀ ਕਰਦੀ ਸੀ ਉਸ ਦੂਰ ਦੀ ਰਿਸ਼ਤੇਦਾਰੀ ਵਿੱਚੋਂ ਹੀ ਉਹਨਾਂ ਦੇ ਅੱਗੋਂ ਕਿਸੇ ਹੋਰ ਰਿਸ਼ਤੇਦਾਰਾਂ ਦਾ ਬੇਟਾ ਜਗਰੂਪ ਵੀ ਦਿੱਲੀ ਆ ਗਿਆ ਅਤੇ ਉਸੇ ਕੰਪਨੀ ਵਿੱਚ ਬਤੌਰ ਮੈਨੇਜਰ ਕੰਮ ਕਰਨ ਲੱਗ ਪਿਆ। ਜਦ ਉਸਨੇ ਕੋਮਲ ਨੂੰ ਅਕਸਰ ਹੀ ਆਪਣੇ ਰਿਸ਼ਤੇਦਾਰਾਂ ਦੇ ਘਰ ਅਤੇ ਦਫਤਰ ਵਿੱਚ ਪੂਰੀ ਠਾਠ ਨਾਲ ਰਹਿੰਦਿਆਂ ਵੇਖਿਆ ਤਾਂ ਆਪਣੀ ਆਂਟੀ ਨੂੰ ਕੋਮਲ ਬਾਰੇ ਪੁੱਛਿਆ..?

ਖੋਮਲ ਬਾਰੇ ਜਾਨਣ ਤੋਂ ਬਾਅਦ ਅਸਕਰ ਹੀ ਹੁਣ ਕੋਮਲ ਨੂੰ ਨੋਟਿਸ ਕਰਦਾ ਰਹਿੰਦਾ, ਸ਼ਾਇਦ ਜਗਰੂਪ ਕੋਮਲ ਨੂੰ ਪਸੰਦ ਕਰਨ ਲੱਗ ਪਿਆ ਸੀ, ਜਦ ਕਿ ਕੋਮਲ ਤਾਂ ਆਪਣੇ ਕੰਮ ਵਿੱਚ ਬਹੁਤ ਬਿਜ਼ੀ ਰਹਿੰਦੀ ਸੀ ਅਤੇ ਵਿਹਲੇ ਸਮੇਂ ਉਹਨਾਂ ਆਪਣੀਆਂ ਸਹੇਲੀਆਂ ਨਾਲ ਅਕਸਰ ਹੀ ਆਊਟਿੰਗ ਤੇ ਰਹਿੰਦੀ ਸੀ ਤੇ ਸੱਭ ਖੂਬ 'ਫਨ' ਕਰਦੇ ਭਾਵ ਜਿੰਦਗੀ ਦਾ ਅਨੰਦ ਮਾਣਦੀਆਂ ਸਨ। ਦੁਨੀਆਦਾਰੀ ਤੋਂ ਬੇਖਬਰ

ਹੋ ਕੇ ਉਹ ਅਸਮਾਨ ਦੀਆਂ ਬੁਲੰਦੀਆਂ ਨੂੰ ਵੀ ਛੂਹ ਆਉਂਦੀਆਂ ਸਨ। ਸਿੰਮੀ, ਨਵਰੀਤ ਅਤੇ ਹਰਲੀਨ ਰੂਹ ਨੂੰ ਤਾਜ਼ਾ ਰੱਖਣ ਲਈ ਉਹ ਅਕਸਰ ਹੀ ਸਫਲ ਵਿਅਕਤੀਆਂ ਨਾਲ ਸਬੰਧਿਤ ਕਿਤਾਬਾਂ ਪੜ੍ਹਦੀਆਂ ਰਹਿੰਦੀਆਂ ਅਤੇ ਇਸ ਗੱਲ ਦੀ ਪ੍ਰੇਰਨਾ ਵੀ ਉਹਨਾਂ ਨੂੰ ਕੋਮਲ ਤੋਂ ਹੀ ਮਿਲੀ ਸੀ।

ਦਫਤਰੀ ਕੰਮਾਂ ਵਿੱਚ ਦਿਨ-ਬ-ਦਿਨ ਜੁਗਰਾਜ, ਕੋਮਲ ਦੇ ਕਰੀਬ ਜਾਣ ਦੀ ਕੋਸ਼ਿਸ਼ ਚ ਰਹਿਣ ਲੱਗ ਪਿਆ ਸੀ ਅਤੇ ਕੋਮਲ ਅੱਗੇ ਆਪਣੀ ਚੰਗਾ ਇੰਪਰੈਸ਼ਨ (ਪ੍ਰਭਾਵ) ਪਾਉਣ ਦੀ ਕੋਸ਼ਿਸ਼ ਕਰਦਾ ਰਹਿੰਦਾ ਅਤੇ ਹਰ ਕੰਮ ਨੂੰ ਸਹੀ ਢੰਗ ਨਾਲ ਕਰਕੇ ਕੋਮਲ ਅੱਗੇ ਆਪਣੇ ਨੰਬਰ ਬਣਾਉਂਦਾ, ਕੋਮਲ ਵੀ ਦਫਤਰ ਵਿੱਚ ਉਸਦੇ ਹਰ ਇੱਕ ਚੰਗੇ ਕੰਮ ਦੀ ਸਲਾਹਣਾ ਕਰਦੀ ਅਤੇ ਇਸ ਤਰ੍ਹਾਂ ਉਹ ਆਪਣੇ ਦਫਤਰ ਦੇ ਹਰ ਛੋਟੇ-ਵੱਡੇ ਕਰਮਚਾਰੀ ਨਾਲ ਕਰਦੀ ਸੀ।

ਗੱਲ ਬਣਦੀ ਨਾ ਦੇਖ ਜਗਰੂਪ ਨੇ ਆਪਣੇ ਆਂਟੀ ਜੀ ਨਾਲ ਗੱਲ ਕੀਤੀ ਕਿ ਉਹ ਕੋਮਲ ਨੂੰ ਪਸੰਦ ਕਰਦਾ ਹੈ ਅਤੇ ਉਸ ਨਾਲ ਹੀ ਵਿਆਹ ਕਰਵਾਉਣਾ ਚਾਹੁੰਦਾ ਹੈ। ਆਂਟੀ ਨੇ ਸ਼ਾਮੀਂ ਜਦ ਕੋਮਲ ਆਈ ਤਾਂ ਉਸਨੂੰ ਆਪਣੇ ਕੋਲ ਬੁਲਾ ਕੇ ਸਾਰੀ ਗੱਲ ਦੱਸੀ ਅਤੇ ਉਸਦੀ ਰਾਇ ਪੁੱਛੀ।

ਕੋਮਲ ਕਹਿਣ ਲੱਗੀ, 'ਭੂਆ ਜੀ! ਤੁਹਾਡੇ ਮੇਰੇ ਤੇ ਬਹੁਤ ਅਹਿਸਾਨ ਹਨ ਅਤੇ ਮੈਂ ਪਿਛਲੇ ਇੱਕ ਸਾਲ ਤੋਂ ਤੁਹਾਡੇ ਕੋਲ ਰਹਿ ਰਹੀ ਹਾਂ ਅਤੇ ਕਦੀਂ ਵੀ ਕੁੱਝ ਬੇਗਾਨਾ ਮਹਿਸੂਸ ਨਹੀਂ ਹੋਇਆ। ਤੁਸੀਂ ਮੇਰੇ ਆਪਣੇ ਹੋ, ਪਰ ਫਿਰ ਵੀ ਮੈਨੂੰ ਜੰਮਣ ਵਾਲਿਆਂ ਦੀ ਰਾਇ ਤੋਂ ਬਿਨ੍ਹਾਂ ਮੈਂ ਕੋਈ ਕਦਮ ਨਹੀਂ ਚੁਕਾਂਗੀ। ਭਾਵੇਂ ਕਿ ਜਗਰਾਜ ਵਿੱਚ ਕੋਈ ਕਮੀ ਨਹੀਂ ਹੈ, ਮੈਨੂੰ ਵੀ ਕੋਈ ਇਤਰਾਜ਼ ਨਹੀਂ ਹੈ, ਉਹ ਪੜ੍ਹਿਆ-ਲਿਖਿਆ ਅਤੇ ਮਿਹਨਤੀ ਲੜਕਾ ਹੈ, ਪਰ ਮੈਂ ਆਪਣੇ ਮਾਤਾ-ਪਿਤਾ, ਭੈਣ-ਭਰਾ ਨੂੰ ਵਿਸ਼ਵਾਸ਼ ਵਿੱਚ ਲਏ ਬਗੈਰ ਅਤੇ ਉਹਨਾਂ ਨੂੰ ਪੁੱਛੇ ਬਿਨ੍ਹਾਂ ਆਪਣੀ ਜਿੰਦਗੀ ਦਾ ਕੋਈ ਫੈਸਲਾ ਨਹੀਂ ਲੈਣਾ ਚਾਹੁੰਦੀ।'

'ਸ਼ਾਬਾਸ਼ ਧੀਏ! ਮੈਨੂੰ ਤੇਰੇ ਤੇ ਮਾਣ ਹੈ, ਮੈਂ ਆਪ ਗੱਲ ਕਰਾਂਗੀ ਤੇਰੇ ਮਾਤਾ-ਪਿਤਾ ਨਾਲ, ਜੇ ਸੰਜੋਗ ਹੋਏ ਤਾਂ ਸੱਭ ਭਲਾ ਹੀ ਹੋਵੇਗਾ। ਲੜਕਾ ਪਰਿਵਾਰ ਵੀ ਸਾਡਾ ਬਹੁਤ ਨਜ਼ਦੀਕੀ ਹੈ।' ਭੂਆ ਬੋਲੀ।

ਅੱਛਾ ਭੂਆ ਜੀ! ਮੈਂ ਚੱਲਦੀ ਹਾਂ ਸਵੇਰੇ ਮਿਲਦੇ ਹਾਂ। ਕਹਿ ਕੇ ਕੋਮਲ





ਆਪਣੇ ਕਮਰੇ ਵਿੱਚ ਚਲੀ ਗਈ।

ਰਾਤ ਪਈ ਤਾਂ ਭੂਆ ਨੇ ਲੁਧਿਆਣੇ ਕੋਮਲ ਦੇ ਘਰ ਫੋਨ ਖੜਕਾ ਦਿੱਤਾ ਅਤੇ ਕੋਮਲ ਦੇ ਰਿਸ਼ਤੇ ਬਾਰੇ ਗੱਲਬਾਤ ਤੋਰੀ। ਕਿ ਜੁਗਰਾਜ ਦਾ ਪਿਛੋਕੜ ਪਟਿਆਲਾ ਇਲਾਕੇ ਦੇ ਇੱਕ ਬਹੁਤ ਵੱਡੇ ਪਿੰਡ ਦਾ ਹੈ ਅਤੇ ਚੰਗੇ ਪਰਿਵਾਰ ਵਿੱਚੋਂ ਹੈ, ਇੱਥੇ ਆਪਣੀ ਹੀ ਕੰਪਨੀ ਵਿੱਚ ਕੋਮਲ ਦੇ ਨਾਲ ਹੀ ਕੰਮ ਕਰਦਾ ਹੈ। ਜੇ ਤੁਹਾਡੀ ਹਾਂ ਹੋਵੇ ਤਾਂ ਆਪਾਂ ਗੱਲ ਅੱਗੇ ਤੋਰੀਏ।

ਕੋਮਲ ਦੀ ਮਾਂ ਬਲਬੀਰ ਆਖਣ ਲੱਗੀ, ਭੈਣ ਜੀ ਤੁਸੀਂ ਸਿਆਣੇ ਹੋ, ਤੁਸੀਂ ਵਿੱਚ ਬੈਠੇ ਹੋ ਤਾਂ ਸਾਨੂੰ ਕਾਹਦੀ ਚਿੰਤਾ, ਕੋਮਲ ਤੁਹਾਡੀ ਵੀ ਤਾਂ ਧੀ ਹੈ। ਆਖਰ ਧੀਆਂ-ਧੀਆਣੀਆਂ ਤਾਂ ਵਿਆਹੁਣੀਆਂ ਹੀ ਹੁੰਦੀਆਂ ਨੇ, ਬੱਸ ਜੋੜ ਚੰਗਾ ਮਿਲ ਜਾਵੇ ਤਾਂ ਬੱਚਿਆਂ ਦੇ ਨਾਲ ਦੋਵੇਂ ਪਰਿਵਾਰਾਂ ਦੀ ਜਿੰਦਗੀ ਵੀ ਸੌਖੀ ਲੰਘ ਜਾਂਦੀ ਹੈ।

ਤਿੰਨ ਮਹੀਨੇ ਬਾਅਦ ਹੀ ਸਾਰੇ ਕਾਰ-ਵਿਹਾਰ, ਰਸਮਾਂ-ਰਿਵਾਜ਼ਾਂ ਨਾਲ ਜੁਗਰਾਜ ਅਤੇ ਕੋਮਲ ਦਾ ਵਿਆਹ ਪੜ੍ਹਾ ਦਿੱਤਾ ਗਿਆ। ਜੁਗਰਾਜ ਨੇ ਵਾਅਦਾ ਲਿਆ ਕਿ ਹੁਣ ਕੋਮਲ ਨੂੰ ਕੰਮ (ਨੌਕਰੀ) ਕਰਨ ਦੀ ਲੋੜ ਨਹੀਂ, ਹੁਣ ਬੱਸ ਘਰ ਵਿੱਚ ਰਾਣੀ ਬਣ ਕੇ ਰਹੇਗੀ ਤੇ ਕਮਾਈ ਦੀ ਸਾਰੀ ਚਿੰਤਾ ਉਸਦੀ ਹੋਵੇਗੀ। ਵਿਆਹ ਤੋਂ ਬਾਅਦ ਜੁਗਰਾਜ ਵੱਲੋਂ ਲਈ ਕੰਪਨੀ ਤੋਂ ਤਿੰਨ ਮਹੀਨੇ ਦੀ ਛੁੱਟੀ ਖਤਮ ਹੋਣ ਤੇ ਆਪ ਦਿੱਲੀ ਚਲਿਆ ਗਿਆ ਅਤੇ ਕੋਮਲ ਨੂੰ ਪਿੰਡ ਹੀ ਛੱਡ ਗਿਆ।

ਪਿੰਡ ਰਹਿੰਦਿਆਂ ਕੋਮਲ ਨੇ ਆਪਣੇ ਸੱਸ ਸਹੁਰੇ ਦੀ ਖੂਬ ਸੇਵਾ ਕਰਨੀ। ਆਦਤ-ਸਤਿਕਾਰ ਦੇਣਾ। ਘਰ ਦੀ ਸਫਾਈ ਤੋਂ ਲੈ ਕੇ ਹਰ ਉਹ ਨਿੱਕਾ ਵੱਡਾ ਕੰਮ ਖੁਸ਼ੀ-ਖੁਸ਼ੀ ਨਾਲ ਕਰਨਾ ਜਿਹੜਾ ਕਦੇ ਉਸਨੇ ਆਪਣੇ ਘਰ ਵਿੱਚ ਵੀ ਨਹੀਂ ਸੀ ਕੀਤਾ। ਪਸ਼ੂਆਂ ਦਾ ਗੋਹਾ ਕਰਕਟ, ਪੱਠੇ ਤੱਕ, ਸਫਾਈ, ਰੋਟੀ-ਟੁੱਕ ਤੇ ਹੋਰ ਸਾਰੀਆਂ ਜਿੰਮੇਵਾਰੀਆਂ ਨੂੰ ਤਨਦੇਹੀ ਨਾਲ ਨਿਭਾਉਣਾ ਉਸਦਾ ਨਿੱਤਨੇਮ ਹੀ ਬਣ ਗਿਆ ਸੀ। ਜੁਗਰਾਜ ਹਫਤੇ ਬਾਅਦ ਘਰ ਆ ਜਾਂਦਾ, ਫਿਰ ਦੱਸ ਦਿਨਾਂ ਬਾਅਦ ਆਉਣਾ ਲੱਗ ਤੇ ਫਿਰ ਮਹੀਨਿਆਂ ਬਾਅਦ।

ਦੋਹਾਂ ਨੇ ਕੋਈ ਫੈਮਿਲੀ ਪਲਾਨਿੰਗ ਨਾ ਕੀਤੀ, ਤੇ ਕੋਮਲ ਦੀ ਸੱਸ ਨੇ ਕਈ ਵਾਰ ਕਿਹਾ ਕਿ ਧੀਏ ਤੁਹਾਡੇ ਵਿਆਹ ਨੂੰ ਸਾਲ ਹੋ ਚੱਲਿਆ, ਤੁਸੀਂ ਕੋਈ ਚਾਂਸ ਕਿਉਂ ਨਹੀਂ ਲੈ ਰਹੇ, ਮੁਹੱਲੇ ਅਤੇ ਸ਼ਰੀਕਾਂ ਵਿੱਚ ਦੰਦ-ਕਥਾਵਾਂ ਹੋਣ ਲੱਗ ਪਈਆਂ ਹਨ।

ਕੋਮਲ ਚੁੱਪ ਰਹੀ ਅਤੇ ਸੋਚਣ ਲੱਗੀ ਕਿ ਇਸ ਵਾਰ ਉਹ ਜੁਗਰਾਜ ਨਾਲ ਜ਼ਰੂਰ ਗੱਲ ਕਰੇਗੀ, ਕਿਉਂਕਿ ਕੋਮਲ ਵੀ ਚਾਹੁੰਦੀ ਸੀ ਕਿ ਉਹ ਮਾਂ ਬਣਨ ਦਾ ਸੁੱਖ ਲਵੇ ਜਦਕਿ ਜੁਗਰਾਜ ਦਾ ਇਕੋ ਜੁਆਬ ਹੁੰਦਾ ਸੀ ਕਿ ਮੈਂ ਅਜੇ ਪਹਿਲਾਂ ਸੈੱਟ ਹੋਣਾ ਚਾਹੁੰਦਾ ਹਾਂ। ਸੈੱਟ ਹੋਣ ਤੋਂ ਉਸਦਾ ਭਾਵ ਬਾਹਰ (ਵਿਦੇਸ਼) ਜਾਣ ਤੋਂ ਸੀ ਅਤੇ ਇਸ ਵਾਸਤੇ ਲੱਖਾਂ ਰੁਪਏ ਚਾਹੀਦੇ ਸਨ। ਜੋ ਜੁਗਰਾਜ ਦੇ ਮਾਂ-ਬਾਪ ਕੋਲ ਨਹੀਂ ਸੀ, ਇਸ ਕਰਕੇ ਆਪਣੇ ਸੱਸ-ਸਹੁਰੇ ਤੋਂ ਚੋਰੀ ਕੋਮਲ ਨੇ ਆਪਣੇ ਮਾਂ-ਬਾਪ ਕੋਲੋਂ ਜੁਗਰਾਜ ਨੂੰ ਦੋ ਵਾਰ ਤਿੰਨ-ਤਿੰਨ ਲੱਖ ਰੁਪਿਆ ਦਿਵਾਇਆ ਸੀ, ਪਰ ਗੱਲ ਨਹੀਂ ਸੀ ਬਣ ਰਹੀ। ਵਿਆਹ ਤੋਂ ਬਾਅਦ ਬੱਸ ਆਹ ਕੁੱਝ ਹੀ ਚੱਲ ਰਿਹਾ ਸੀ।

ਕੋਮਲ ਦੇ ਮਾਤਾ-ਪਿਤਾ ਨੂੰ ਇੰਨੀ ਰਕਮ ਨਾਲ ਭਾਵੇਂ ਕੋਈ ਫਰਕ ਨਹੀਂ ਸੀ ਪੈਂਦਾ, ਪਰ ਮਿਹਨਤ ਨਾਲ ਕਮਾਏ ਪੈਸੇ ਦਾ ਮੁੱਲ ਨਾ ਪੈ ਰਿਹਾ ਹੋਵੇ ਤਾਂ ਦੁੱਖ ਤਾਂ ਹੁੰਦਾ ਹੀ ਹੈ, ਪਰ ਆਪਣੀ ਧੀ ਦੀ ਜ਼ਿੱਦ ਦਾ ਪਤਾ ਸੀ ਅਤੇ ਨਾਲ ਆਪਣੀ ਧੀ ਤੇ ਪੂਰਾ ਵਿਸ਼ਵਾਸ਼ ਵੀ ਸੀ ਕਿ ਉਹ ਸੱਭ ਕੁੱਝ ਸੋਚ ਕੇ ਹੀ ਇੰਨੇ ਪੈਸੇ ਮੰਗ ਰਹੀ ਹੋਵੇਗੀ।

ਕੋਮਲ ਨੇ ਜੁਗਰਾਜ ਨੂੰ ਸਮਝਾਇਆ ਕਿ ਵਿਆਹ ਨੂੰ ਸਾਲ ਤੋਂ ਵੱਧ ਸਮਾਂ ਹੋ ਗਿਆ ਹੈ, ਜੇ ਕਿਧਰੇ ਗੱਲ ਨਹੀਂ ਬਣਦੀ ਤਾਂ ਮੈਨੂੰ ਵੀ ਦਿੱਲੀ ਲੈ ਜਾਵੋ ਆਪਾਂ ਦੋਵੇਂ ਪਹਿਲਾਂ ਦੀ ਤਰ੍ਹਾਂ ਹੀ ਕੰਪਨੀ ਵਿੱਚ ਕੰਮ ਕਰਕੇ ਖੁਦ ਆਪਣਾ ਕਾਰੋਬਾਰ, ਘਰ-ਮਕਾਨ ਬਣਾ ਸਕਦੇ ਹਾਂ। ਪਰ ਜੁਗਰਾਜ, ਕੋਮਲ ਨੂੰ ਦਿੱਲੀ ਲਿਜਾਉਣ ਲਈ ਬਿਲਕੁਲ ਵੀ ਰਾਜ਼ੀ ਨਾ ਹੁੰਦਾ। ਪਰ ਇਸ ਵਾਰ ਦੇ ਗੇੜੇ ਪਿੱਛੋਂ ਕੋਮਲ ਦੀ ਕੁੱਖ ਵਿੱਚ ਜੁਗਰਾਜ ਦਾ ਬੀਜ਼ ਪੁੰਗਰਣ ਲੱਗ ਪਿਆ ਸੀ।

ਦੋ ਕੁ ਮਹੀਨੇ ਲੰਘੇ ਤਾਂ ਜੁਗਰਾਜ 4-5 ਦਿਨ ਲਈ ਦਿੱਲੀ ਤੋਂ ਵਾਪਿਸ ਆਪਣੇ ਘਰ ਆਇਆ ਤੇ ਕੋਮਲ ਨੂੰ ਕਹਿਣ ਲੱਗਾ ਕਿ ਮੇਰੇ ਇੱਕ ਦੋਸਤ ਦਾ ਦਿੱਲੀ ਵਿੱਚ ਐਕਸੀਡੈਂਟ ਹੋ ਗਿਆ ਸੀ, ਜਿਸ ਨਾਲ ਉਸਦੀ ਮੌਤ ਹੋ ਗਈ, ਹੁਣ ਉਸਦੀ ਭੈਣ ਇਕੱਲੀ ਰਹਿੰਦੀ ਹੈ.. ਉਸ ਦੋਸਤ ਦੇ ਉਸ ਉੱਤੇ ਬਹੁਤ ਅਹਿਸਾਨ ਹਨ ਇਸ ਲਈ ਕੋਮਲ ਜੇ ਤੂੰ ਆਖੇਂ ਤਾਂ ਮੈਂ ਆਪਣੇ ਦੋਸਤ ਦੀ ਭੈਣ ਨਵਰੂਪ ਨੂੰ ਇੱਥੇ ਪਿੰਡ ਲੈ ਆਵਾਂ, ਮੈਨੂੰ ਪਤਾ ਕਿ ਮੰਮੀ-ਪਾਪਾ ਨੇ ਨਹੀਂ ਮੰਨਣਾ, ਪਰ ਜੇ ਤੂੰ ਮੇਰੀ ਮੱਦਦ ਕਰੇਂ ਤਾਂ ਮਸਲਾ ਹੱਲ ਹੋ ਸਕਦਾ ਹੈ। ਤੂੰ ਇਹ ਕਹਿ ਦੇਵੀਂ ਕਿ ਇਹ ਤੇਰੀ ਸਹੇਲੀ ਹੈ ਅਤੇ ਦਿੱਲੀ ਤੁਸੀਂ ਇੱਕਠੀਆਂ ਨੌਕਰੀ ਕਰਦੀਆਂ ਸਨ ਤਾਂ ਕਿਸੇ ਨੂੰ ਸ਼ੱਕ ਨਹੀਂ ਹੋਣਾ, ਕੁੱਝ





ਦਿਨਾਂ ਬਾਅਦ ਨਵਰੂਪ ਨੇ ਇੰਗਲੈਂਡ ਚਲੇ ਜਾਣਾ ਹੈ।' ਤਾਂ ਕੋਮਲ ਨੇ ਹਾਂ ਕਰ ਦਿੱਤੀ।

ਨਵਰੂਪ ਅਗਲੇ ਹੀ ਦਿਨ ਪਿੰਡ ਆ ਗਈ ਤੇ ਦੋ ਦਿਨ ਜੁਗਰਾਜ ਵੀ ਪਿੰਡ ਹੀ ਰਿਹਾ, ਫਿਰ ਉਹ ਦਿੱਲੀ ਵਾਪਸ ਚਲਿਆ ਗਿਆ। ਇੱਕ ਦਿਨ ਕੋਮਲ ਦੀ ਸੱਸ ਨਵਰੂਪ ਨੂੰ ਆਪਣੇ ਨਾਲ ਪਿੰਡ ਦੇ ਗੁਰਦੁਆਰੇ ਲੈ ਗਈ। ਕੋਮਲ ਘਰ ਵਿੱਚ ਸਫਾਈਆਂ ਕਰ ਰਹੀ ਸੀ ਕਿ ਨਵਰੂਪ ਦੇ ਫੋਨ ਤੇ ਜੁਗਰਾਜ ਦਾ ਫੋਨ ਆ ਗਿਆ। ਇਸਤੋਂ ਪਹਿਲਾਂ ਕਿ ਕੋਮਲ ਹੈਲੋ! ਕਹਿੰਦੀ, 'ਜੁਗਰਾਜ ਬੋਲਣ ਲੱਗ ਪਿਆ, ਕਿੱਦਾਂ ਫਿਰ ਮੇਰੀ ਛਮਕ ਛੱਲੋ, ਮੇਰੀ ਰੂਪ ਜਾਨ..? ਕਿੱਦਾਂ ਲੱਗਿਆ ਫਿਰ ਸਾਡਾ ਪਿੰਡ, ਬੱਸ ਬੇਬੇ ਨਾਲ ਬਣਾ ਕੇ ਰੱਖੀਂ, ਆਖਿਰ ਬੇਬੇ ਦੀ ਨੂੰਹ ਬਣਨਾ ਤੂੰ.. ਬੱਸ ਕੋਮਲ ਨੂੰ ਕਿਸੇ ਗੱਲ ਦੀ ਭਿਣਕ ਨਾ ਪਵੇ.. ਆਪਣੇ ਪਾਸਪੋਰਟ ਤਿਆਰ ਹੋਣ ਵਿੱਚ ਦੋ ਕੁ ਹਫਤੇ ਹੋਰ ਲੱਗਣੇ ਨੇ, ਫਿਰ ਇੰਗਲੈਂਡ ਜਾ ਕੇ ਹੀ ਮਨਾਵਾਂਗੇ ਸੁਹਾਗਰਾਤ..। ਕੋਮਲ ਦੀਆਂ ਅੱਖਾਂ ਵਿੱਚ ਤ੍ਰਿਪ-ਤ੍ਰਿਪ ਹੰਝੂ ਵੱਗ ਤੁਰੇ ਤੇ ਉਸੇ ਹੱਥੋਂ ਫੋਨ ਛੁੱਟ ਗਿਆ..

ਜਿਸ ਇਨਸਾਨ ਨੂੰ ਕੋਮਲ ਨੇ ਇੰਨਾ ਪਿਆਰ ਕੀਤਾ, ਇੰਨਾ ਵਿਸ਼ਵਾਸ਼ ਕੀਤਾ, ਜਿਸ ਨਾਲ ਲਾਵਾਂ ਲੈ ਕੇ ਆਪਣੀ ਜਿੰਦਗੀ ਉਸਦੇ ਨਾਮ ਕਰ ਦਿੱਤੀ, ਉਸ ਇਨਸਾਨ ਵੱਲੋਂ ਇੰਨਾ ਵੱਡਾ ਧੋਖਾ.. ਕੋਮਲ ਕਦ ਬਰਦਾਸ਼ਤ ਕਰ ਸਕਦੀ ਸੀ। ਉਸਦਾ ਦਿਲ ਟੁੱਟ ਗਿਆ, ਜੀਅ ਕਰੇ ਕੇ ਬੱਸ ਹੁਣੇ ਹੀ ਫਾਹਾ ਲੈ ਕੇ ਮਰ ਜਾਵਾਂ, ਪਰ ਫਿਰ ਪੇਟ ਵਿੱਚ ਪਲ ਰਹੇ ਬੱਚੇ ਦਾ ਖਿਆਲ ਆਇਆ ਤਾਂ ਉਹ ਚੁੱਪ ਰਹੀ।

ਨਵਰੂਪ ਅਤੇ ਬੀਜ਼ੀ ਵੀ ਗੁਰਦੁਆਰੇ ਤੋਂ ਵਾਪਸ ਆ ਗਏ। ਕੋਮਲ ਆਪਣੇ ਕਮਰੇ ਵਿੱਚ ਬੁੱਤ ਬਣ ਕੇ ਬੈਠੀ ਸੀ, ਪੱਥਰ ਬਣੀਆਂ ਅੱਖਾਂ ਨਾਲ, ਪੱਥਰ ਹੋ ਗਏ ਰਿਸ਼ਤਿਆਂ ਨੂੰ ਖੁਰਦਣ ਦੀ ਕੋਸ਼ਿਸ਼ ਕਰ ਰਹੀ ਸੀ ਕਿ ਸ਼ਾਇਦ... ਸੱਭ ਝੂਠ ਹੀ ਹੋਵੇ।

ਨਵਰੂਪ ਨੇ ਆਪਣਾ ਮੋਬਾਇਲ ਭੁੰਝੇ ਡਿਗਿਆ ਵੇਖਿਆ ਤਾਂ ਫਟਾਫਟ ਚੁੱਕ ਉਸ ਵਿੱਚ ਆਖਰੀ ਫੋਨ ਕਿਸਦਾ ਹੈ ਦੇਖਿਆ ਤਾਂ ਸੱਭ ਕੁੱਝ ਸਮਝ ਗਈ, ਉਸਨੇ ਜੁਗਰਾਜ ਨੂੰ ਫੋਨ ਕੀਤਾ ਤਾਂ ਜੁਗਰਾਜ ਨੇ ਫਿਰ ਕਿਹਾ ਕੀ ਗੱਲ ਛੱਮਕ ਛੱਲੋ, ਫੋਨ ਕੱਟਤਾ ਸੀ, ਕੋਈ ਆ ਗਿਆ ਸੀ.. ਤਾਂ ਰੂਪ ਨੇ ਦੱਸਿਆ ਕਿ ਤੁਹਾਡਾ ਪਹਿਲਾਂ ਆਇਆ ਫੋਨ ਮੈਂ ਤਾਂ ਸੁਣਿਆ ਹੀ ਨਹੀਂ ਮੈਂ ਤੇ ਬੀਜ਼ੀ ਨਾਲ ਗੁਰਦੁਆਰੇ ਗਈ ਸੀ.. ਕਿਤੇ ਕੋਮਲ ....?

ਓਹ ਨੋ!! ਮੈਂ ਕੀ ਕੁੱਝ ਬੋਲ ਦਿੱਤਾ, ਜੁਗਰਾਜ ਇਕਦਮ ਬੋਲਿਆ....

ਤੂੰ ਇੱਥੇ ਹੀ ਰਹਿ ਤੇ ਕਿਤੇ ਜਾਈਂ ਨਾਂਹ, ਕੋਮਲ ਦਾ ਧਿਆਨ ਰੱਖੀ ਮੈਂ ਵਾਪਿਸ ਆ ਰਿਹਾ।

ਸ਼ਾਮਾਂ ਨੂੰ ਦਰਵਾਜ਼ਾ ਖੁੱਲਿਆ, ਜੁਗਰਾਜ ਨੇ ਅੰਦਰ ਆ ਕੇ ਸੱਭ ਤੋਂ ਪਹਿਲਾਂ ਕੋਮਲ ਦੇ ਕਮਰੇ ਵੱਲ ਰੁੱਖ ਕੀਤਾ। ਕੋਮਲ ਦੀਆਂ ਅੱਖਾਂ ਅਤੇ ਬੇਸੁੱਧ ਹਾਲਤ ਨੇ ਸੱਭ ਕੁੱਝ ਸਾਫ ਕਰ ਦਿੱਤਾ।

ਜੁਗਰਾਜ ਆਉਣ ਵਾਲੇ ਭਿਆਨਕ ਸੰਕਟ ਨੂੰ ਭਾਂਪ ਗਿਆ ਸੀ, ਪਰ ਚਲਾਕੀ ਨਾਲ ਪਲਟੀ ਮਾਰ ਕੇ ਕੋਮਲ ਕੋਲੋਂ ਮੁਆਫੀ ਮੰਗਣ ਲੱਗ ਪਿਆ... ਕਿ ਇਹ ਸੱਭ ਨਾਟਕ ਮੈਂ ਨਵਰੂਪ ਨਾਲ ਨਕਲੀ ਵਿਆਹ ਕਰਵਾ ਕੇ ਬਾਹਰ ਜਾਣ ਲਈ ਕੀਤਾ ਹੈ ਅਤੇ ਇਸ ਗੱਲ ਦਾ ਨਵਰੂਪ ਨੂੰ ਵੀ ਪਤਾ ਹੈ, ਬਾਕੀ ਹਨੀਮੂਨ ਇਹ ਤਾਂ ਸੱਭ ਮਜ਼ਾਕ ਦੀਆਂ ਗੱਲਾਂ ਸੀ.. ਨਾ ਚਾਹੁੰਦਿਆਂ ਹੋਇਆ ਵੀ ਕੋਮਲ ਨੇ ਜੁਗਰਾਜ ਨੂੰ ਮੁਆਫ ਕਰ ਦਿੱਤਾ ਤੇ ਹੋਣ ਵਾਲੇ ਬੱਚੇ ਬਾਰੇ ਵੀ ਦੱਸਿਆ। ਜੁਗਰਾਜ ਨੇ ਨਕਲੀ ਜਿਹੀ ਖੁਸ਼ੀ ਜ਼ਾਹਰ ਕਰਦਿਆਂ ਕਿਹਾ ਇਹ ਸੱਭ ਕਦੋਂ ਹੋ ਗਿਆ..? ਚੱਲ ਜੋ ਵੀ ਹੋਇਆ ਠੀਕ ਹੈ, ਹੁਣ ਤੂੰ ਕਿਸੇ ਗੱਲ ਦੀ ਚਿੰਤਾ ਨਾ ਲੈ ਤੇ ਆਪਣੇ ਬੱਚੇ ਵੱਲ ਧਿਆਨ ਦੇ।

ਗੱਲ ਆਈ ਗਈ ਹੋ ਗਈ। ਕੋਮਲ ਵੀ ਸੱਭ ਕੁੱਝ ਭੁੱਲ ਭੁਲਾ ਕੇ ਆਪਣੇ ਆਉਣ ਵਾਲੇ ਨਵੇਂ ਜੀਅ ਬਾਰੇ ਸੋਚਣ ਲੱਗ ਪਈ। ਸੱਤ ਮਹੀਨੇ ਹੋਏ ਤਾਂ ਕੋਮਲ ਦੀ ਤਕਲੀਫ ਵੱਧ ਗਈ। ਜੁਗਰਾਜ ਨੂੰ ਵਾਪਸ ਆਪਣੇ ਕੋਲ ਬੁਲਾਇਆ ਪਰ ਜੁਗਰਾਜ ਦੇ ਕੰਮ ਵਿੱਚ ਬੀਜ਼ੀ ਹੋਣ ਦਾ ਬਹਾਨਾ ਬਣਾ ਕੇ ਪਾਸਾ ਵੱਟ ਲਿਆ ਤੇ ਮੁਫਤ ਦੀ ਸਲਾਹ ਦਿੱਤੀ ਕਿ ਉਹ ਆਪਣੇ ਪੇਕੇ ਚਲੀ ਜਾਵੇ ਤਾਂ ਕਿ ਉਸਦੀ ਦੇਖਭਾਲ ਚੰਗੀ ਤਰ੍ਹਾਂ ਹੋ ਸਕੇ।

ਮਜ਼ਬੂਰੀ ਵੱਸ ਕਿਸੇ ਤਰ੍ਹਾਂ ਉਹ ਆਪਣੇ ਪੇਕੇ ਘਰ ਪਹੁੰਚ ਗਈ। ਇੱਕ ਤਾਂ ਉਸਦੀ ਤਕਲੀਫ ਵੱਧਦੀ ਜਾ ਰਹੀ ਸੀ ਦੂਜਾ ਹੁਣ ਉਸਨੂੰ ਜੁਗਰਾਜ ਦੇ ਵਤੀਰੇ ਦ ਦੁੱਖ ਸਤਾ ਰਿਹਾ ਸੀ। ਅਜੇ ਦੋ ਕੁ ਦਿਨ ਹੀ ਹੋਏ ਸੀ ਕਿ ਤਬੀਅਤ ਜਿਆਦਾ ਖਰਾਬ ਹੋਣ ਕਾਰਣ ਕੋਮਲ ਨੂੰ ਨੇੜੇ ਹੀ ਇੱਕ ਹਸਪਤਾਲ ਵਿੱਚ ਭਰਤੀ ਕਰਵਾ ਦਿੱਤਾ ਗਿਆ।

ਕੋਮਲ ਦਾ ਭਰਾ ਗੁਰਪ੍ਰੀਤ ਲਗਾਤਾਰ ਜੁਗਰਾਜ ਨੂੰ ਫੋਨ ਮਿਲਾਉਂਦਾ ਰਿਹਾ, ਰਿੰਗ ਜਾਂਦੀ ਰਹੀ ਪਰ ਉਸਨੇ ਫੋਨ ਨਾ ਚੁੱਕਿਆ ਤੇ ਬਾਅਦ ਵਿੱਚ ਜੁਗਰਾਜ ਨੇ ਮੋਬਾਇਲ ਦਾ ਸਵਿੱਚ ਆਫ ਕਰ ਦਿੱਤਾ। ਉੱਧਰ ਡਾਕਟਰ ਨੇ ਦੱਸਿਆ ਕਿ ਬੱਚਾ





ਮਿਸਕੈਰਿਜ ਹੋ ਗਿਆ ਹੈ ਅਤੇ ਅੰਦਰ ਜ਼ਹਿਰ ਫੈਲ ਰਿਹਾ ਹੈ, ਮਰੀਜ਼ ਦੀ ਜਾਨ ਨੂੰ ਵੀ ਖਤਰਾ ਹੈ। ਇਸ ਲਈ ਇਸਦੇ ਪਤੀ ਨੂੰ ਬੁਲਾਉ, ਉਸਦੇ ਦਸਤਖਤਾਂ ਤੋਂ ਬਿਨ੍ਹਾਂ ਅਸੀਂ ਅਪਰੇਸ਼ਨ ਨਹੀਂ ਕਰ ਸਕਦੇ। ਪਰ ਜੁਗਰਾਜ ਇਸ ਗੱਲੋਂ ਬੇਖਬਰ ਆਪਣੀ ਹੀ ਮੌਜ ਮਸਤੀ ਵਿੱਚ ਸੀ ਅਤੇ ਮੋਬਾਇਲ ਵੀ ਬੰਦ ਆ ਰਿਹਾ ਸੀ। ਆਖੀਰ ਕੋਮਲ ਦੇ ਭਰਾ ਨੇ ਡਾਕਟਰ ਨੂੰ ਬੇਨਤੀ ਕੀਤੀ ਕਿ ਉਸਦੇ ਦਸਤਖਤ ਲੈ ਲਏ ਜਾਣ। ਕਾਫੀ ਨਾਂਹ ਨੁਕਰ ਕਰਨ ਤੋਂ ਬਾਅਦ ਡਾਕਟਰ ਮੰਨ ਗਿਆ ਅਤੇ ਕੋਮਲ ਦਾ ਅਪ੍ਰੇਸ਼ਨ ਕੀਤਾ ਗਿਆ। ਬੱਚਾ ਸਾਰਾ ਖਰਾਬ ਹੋ ਚੁੱਕਾ ਸੀ ਅਤੇ ਫਿਲੋਪੀਅਨ ਟਿਊਬ ਖਰਾਬ ਹੋ ਗਈ ਸੀ। ਪਰ ਕੋਮਲ ਨੂੰ ਬਚਾ ਲਿਆ ਗਿਆ..।

ਇਸ ਘਟਨਾ ਤੋਂ ਬਾਅਦ ਜੁਗਰਾਜ ਕੇਵਲ ਇੱਕ ਇੱਕ ਵਾਰ ਹੀ ਕੋਮਲ ਨੂੰ ਮਿਲਣ ਆਇਆ, ਕੋਮਲ ਵੀ ਸਹੁਰੇ ਵਾਪਿਸ ਨਾ ਗਈ। ਛੇ ਮਹੀਨੇ ਇਸੇ ਤਰ੍ਹਾਂ ਲੰਘ ਗਏ ਅਤੇ ਪਤਾ ਲੱਗਾ ਕਿ ਜੁਗਰਾਜ ਅਤੇ ਨਵਰੂਪ ਯੂ.ਕੇ. ਚਲੇ ਗਏ ਹਨ ਅਤੇ ਸ਼ਾਇਦ ਦੋਹਾਂ ਨੇ ਬਾਹਰ ਜਾ ਕੇ ਵਿਆਹ ਵੀ ਕਰਵਾ ਲਿਆ ਹੈ।

ਕੋਮਲ ਦੇ ਮਾਂ-ਬਾਪ ਇਸ ਸਬੰਧੀ ਅਦਾਲਤ ਵਿੱਚ ਕੇਸ ਕਰਨਾ ਚਾਹੁੰਦੇ ਨੇ, ਪਰ ਕੋਮਲ ਅਜੇ ਵੀ ਉਸਦੇ ਪਿਆਰ ਵਿੱਚ ਕਮਲੀ ਹੋਈ, ਇਸ ਬਾਰੇ ਕਦੇ ਸੋਚਦੀ ਵੀ ਨਹੀਂ ਕਿ ਉਹ ਕੇਸਾਂ ਦੇ ਚੱਕਰ ਵਿੱਚ ਪਵੇ। ਉਸਨੂੰ ਅੱਜ ਵੀ ਉਮੀਦ ਹੈ ਕਿ ਉਸਦਾ ਪਿਆਰ ਉਸਦਾ ਜੁਗਰਾਜ ਵਾਪਿਸ ਉਸ ਕੋਲ ਆਵੇਗਾ ਅਤੇ ਇਕ ਨਾ ਇੱਕ ਦਿਨ ਉਸਨੂੰ ਜ਼ਰੂਰ ਆਪਣੀ ਗਲਤੀ ਦਾ ਅਹਿਸਾਸ ਹੋਵੇਗਾ।

ਬੀ.ਟੈੱਕ ਤਾਂ ਉਸਨੇ ਪਹਿਲਾਂ ਹੀ ਕੀਤੀ ਹੋਈ ਸੀ ਪਰ ਜੁਗਰਾਜ ਤੋਂ ਬਿਨ੍ਹਾਂ, ਉਸਦੀ ਜਿੰਦਗੀ ਪੂਰੀ ਤਰ੍ਹਾਂ ਉਦਾਸ, ਇਕੱਲੇਪਣ ਅਤੇ ਬਿਮਾਰੀਆਂ ਵਿੱਚ ਨਾ ਗੁਜ਼ਰ ਜਾਵੇ, ਇਹ ਦੇਖਦਿਆਂ ਹੋਇਆ ਉਸਦੇ ਪਰਿਵਾਰ ਨੇ ਉਸਨੂੰ ਪੜ੍ਹਨ ਦੇ ਬਹਾਨੇ ਬਾਹਰ ਅਸਟ੍ਰੇਲੀਆ ਭੇਜ ਦਿੱਤਾ ਤਾਂ ਕਿ ਇਸ ਦਾ ਮਨ ਬਦਲ ਸਕੇ ਤੇ ਆਪਣੇ ਭਵਿੱਖ ਲਈ ਕੁੱਝ ਨਵਾਂ ਅਤੇ ਚੰਗਾ ਸੋਚ ਸਕੇ।

ਅਸਟ੍ਰੇਲੀਆ ਜਾ ਕੇ ਭਾਵੇਂ ਕੋਮਲ ਹੁਣ ਪੂਰੀ ਤਰ੍ਹਾਂ ਸੈੱਟ ਹੋ ਚੁੱਕੀ ਹੈ, ਪਰ ਅੱਜ ਵੀ ਸਮਝਾਉਣ ਦੇ ਬਾਵਜੂਦ ਉਹ ਆਪਣੇ ਭਵਿੱਖ ਬਾਰੇ ਨਹੀਂ ਸੋਚਦੀ ਅਤੇ ਨਾ ਹੀ ਵਾਪਿਸ ਇੰਡੀਆ ਆਉਣਾ ਚਾਹੁੰਦੀ ਹੈ। ਉਸਨੂੰ ਪਤਾ ਹੈ ਜੇਕਰ ਵਾਪਿਸ ਆਉਂਦੀ ਹੈ ਤਾਂ ਸ਼ਰੀਕੇ-ਭਾਈਚਾਰੇ ਵਿੱਚ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਹੋਣੀਆਂ ਹਨ,

ਸਹੁਰੇ ਪਰਿਵਾਰ ਵਾਲਿਆਂ ਨੇ ਵੀ ਕਦੇ ਉਸਦੀ ਸਾਰ ਲੈਣੀ ਜ਼ਰੂਰੀ ਨਹੀਂ ਸਮਝੀ।

ਇੰਨੀ ਸਿਆਣੀ, ਪੜ੍ਹੀ-ਲਿਖੀ, ਹੋਣਹਾਰ ਕੋਮਲ ਪਤਾ ਨਹੀਂ ਕਿਉਂ, ਕਿਹੜੇ ਪਿਆਰ ਦੇ ਭੁਲੇਖੇ ਵਿੱਚ ਆਪਣੀ ਜਿੰਦਗੀ ਦਾ ਨਵਾਂ ਫੈਸਲਾ ਲੈਣ ਬਾਰੇ ਨਹੀਂ ਸੋਚ ਰਹੀ। ਅਜਿਹਾ ਇਸ਼ਕ ਦਾ ਕਿਹੜਾ ਬੁਖਾਰ ਹੈ, ਜੋ ਉਤਰਨ ਦਾ ਨਾਮ ਨਹੀਂ ਲੈ ਰਿਹਾ। ਹਾਂ ਠੀਕ ਹੈ, ਉਹ ਬੇਵਫਾ ਨਿਕਲਿਆ, ਪਰ ਕੀ ਕੋਮਲ ਦਾ ਇਹ ਫਰਜ਼ ਨਹੀਂ ਕਿ ਉਹ ਆਪਣੀ ਜਿੰਦਗੀ ਨਾਲ ਵਫਾ ਨਿਭਾਵੇ..? ਇਹੋ ਜਿਹੇ ਕਈ ਹੋਰ ਸਵਾਲ ਨੇ ਜਿਨ੍ਹਾਂ ਦਾ ਜੁਆਬ ਕੋਮਲ ਨਾ ਤਾਂ ਆਪਣੇ ਆਪ ਨੂੰ ਦੇ ਰਹੀ ਹੈ ਅਤੇ ਨਾ ਹੀ ਹੋਰਨਾਂ ਨੂੰ ..??

ਇਸ ਦੁਨੀਆ ਤੇ ਇਸ ਤਰ੍ਹਾਂ ਦੇ ਤਿੜਕੇ ਰਿਸ਼ਤਿਆਂ ਦੀ ਇਹ ਕਹਾਣੀ ਇੱਥੇ ਹੀ ਬੱਸ ਨਹੀਂ ਹੁੰਦੀ, ਅੱਜ ਪੈਸੇ ਖਾਤਰਿ, ਕੋਈ ਜਿਸਮਾਂ ਦੇ ਲਾਲਚ ਵਿੱਚ,ਕਿਤੇ ਨਿੱਜੀਪ੍ਰਤਸੀ ਵਿੱਚ ਅਤੇ ਕਿਤੇ ਪਤੀ-ਪਤਨੀ ਦੇ ਰਿਸ਼ਤੇ ਵੀ ਝੱਟ ਤਿੜਕ ਜਾਂਦੇ ਨੇ.. ਜਿਹੜੇ ਕਿ ਸਾਡੇ ਧਰਮ ਗ੍ਰੰਥਾਂ ਵਿੱਚ ਸੱਭ ਤੋਂ ਪਵਿੱਤਰ ਰਿਸ਼ਤੇ ਮੰਨੇ ਗਏ ਹਨ।







ਹਫਤੇ ਕੁ ਬਾਅਦ ਕੰਵਲ ਮੁੜ ਸੁਪਰੀਤ ਨੂੰ ਮਿਲਿਆ ਅਤੇ ਵਿਆਹ ਵਿੱਚ ਰਿਸ਼ਤੇਦਾਰਾਂ ਵੱਲੋਂ ਵਿਖਾਈ ਗਈ ਕੁੜੀ, ਅਤੇ ਉਸ ਸਮੇ ਵਾਪਰੀ ਉਹ ਘਟਨਾ ਬਾਰੇ ਦੱਸਿਆ.. ਸੁਪਰੀਤ ਬੜਾ ਖਿੜਖਿੜਾ ਕੇ ਹੱਸੀ.. ਪਰ ਫਿਰ ਗੰਭੀਰ ਹੁੰਦੀ ਹੋਈ ਵਿਅੰਗਮਈ ਜਿਹੇ ਅੰਦਾਜ਼ 'ਚ ਬੋਲੀ.. ਪੱਕਾ ਯਾਰ..? ਚੋਰੀ ਤੂੰ ਨਹੀਂ ਸੀ ਨਾ ਕੀਤੀ..?

# ਗਲਤ ਜਾਂ ਠੀਕ

ਉਹ ਸੁਪਰੀਤ ਨੂੰ ਬਹੁਤ ਪਿਆਰ ਕਰਦਾ ਸੀ, ਤੇ ਸੁਪਰੀਤ ਕੰਵਲਬੀਰ ਨੂੰ ਵੀ ਉਨਾਂ ਹੀ ਪਿਆਰ ਕਰਦੀ ਸੀ। ਦੋਹਾਂ ਦਾ ਮੇਲ ਕਾਲਜ ਵਿੱਚ ਬੀ.ਏ. ਪਹਿਲਾ ਸਾਲ ਦੀ ਪੜ੍ਹਾਈ ਦੌਰਾਨ ਹੋਇਆ ਸੀ। ਉਹ ਅਕਸਰ ਹੀ ਇਕੱਠੇ ਘੁੰਮਦੇ ਫਿਰਦੇ, ਖਾਦੇ-ਪੀਂਦੇ ਦੇ ਇੱਕ ਦੂਜੇ ਦੇ ਸੁੱਖ ਦੁੱਖ ਦੇ ਭਾਈਵਾਲ ਬਣੇ ਰਹਿੰਦੇ। ਦੋਵਾਂ ਦੇ ਘਰ ਵਾਲਿਆਂ ਨੂੰ ਇਸ ਬਾਰੇ ਅਜੇ ਕੁੱਝ ਵੀ ਨਹੀਂ ਸੀ ਪਤਾ।

ਦੋਵਾਂ ਦਾ ਸੁਭਾਅ ਬੜਾ ਹਸਮੁੱਖ ਤੇ ਮਿਲਣਸਾਰ ਸੀ। ਦੋਹਾਂ ਦੀ ਸਾਂਝ ਇਸ ਕਦਰ ਸੀ ਕਿ ਜਿਵੇਂ ਰੱਬ ਨੇ ਇੱਕੋ ਸੱਚੇ ਵਿੱਚ ਦੋਹਾਂ ਨੂੰ ਘੜ ਜੇ ਇੱਕ ਨੂੰ ਨਾਰ ਤੇ ਦੂਜੇ ਨੂੰ ਪੁਰਸ਼ ਬਣਾਇਆ ਹੋਵੇ। ਦੋਵੇਂ ਹੀ ਜਾਣਦੇ ਸਨ ਕਿ ਅਸੀਂ ਇੱਕ ਨਹੀਂ ਹੋ ਸਕਦੇ ਜੇ ਕੋਸ਼ਿਸ਼ ਕੀਤੀ ਵੀ ਤਾਂ ਸਮਾਜਕ ਤਾਣੇ ਬਾਣੇ ਅਤੇ ਪਰਿਵਾਰਕ ਮਰਜ਼ੀ ਦੇ ਖਿਲਾਫ ਜਾਣਾ ਉਹਨਾਂ ਵਾਸਤੇ ਇੱਕ ਵੱਡੀ ਸਮੱਸਿਆ ਪੈਦਾ ਕਰ ਸਕਦਾ ਹੈ।

ਖੈਰ! ਬੀ.ਏ ਆਖਰੀ ਸਾਲ ਦੇ ਇਮਤਿਹਾਨ ਹੋਏ ਤੇ ਦੋਵਾਂ ਦੀਆਂ ਮੁਲਾਕਾਤਾਂ ਵਿੱਚ ਵੀ ਘਾਟ ਆ ਗਈ। ਇਹਨੀਂ ਦਿਨੀਂ ਹੀ ਕੰਵਲ ਰਿਸ਼ਤੇਦਾਰੀ ਵਿੱਚ ਕਿਸੇ ਦੇ ਵਿਆਹ ਤੇ ਗਿਆ, ਉੱਥੇ ਹੀ ਉਸਦੀ ਦੂਰ ਦੀ ਇੱਕ ਚਾਚੀ ਨੇ ਆਪਣੀ ਰਿਸ਼ਤੇਦਾਰੀ ਵਿੱਚੋਂ ਇੱਕ ਕੁੜੀ ਕੰਵਲ ਦੇ ਮਾਂ-ਬਾਪ ਨੂੰ ਕੰਵਲ ਦੇ ਰਿਸ਼ਤੇ ਵਾਸਤੇ ਦਿਖਾਈ, ਜੋ ਕੰਵਲ ਦੇ ਮਾਪਿਆਂ ਨੂੰ ਤਾਂ ਕਾਫੀ ਜੱਚ ਗਈ। ਅਵਾਜ਼ ਮਾਰ ਕੇ ਉਹਨਾਂ ਕੰਵਲ ਨੂੰ ਵੀ ਉਕਤ ਲੜਕੀ ਦਿਖਾ ਦਿੱਤੀ। ਕੰਵਲ ਨੂੰ ਤਾਂ ਪਤਾ ਸੀ ਕਿ ਉਹ ਵਿਆਹ ਸੁਪਰੀਤ ਨਾਲ ਕਰਨਾ ਚਾਹੁੰਦਾ ਹੈ, ਪਰ ਮਾਪਿਆਂ ਦੀ ਖਾਤਰ ਅਣਚਾਹੇ ਜੇ ਮਨ ਨਾਲ ਕੁੜੀ ਨੂੰ ਝਾਤ ਮਾਰ ਲਈ। ਕੁੜੀ ਦਾ ਰੰਗ ਰੂਪ ਗੋਰਾ, ਲੰਮੀ ਉੱਚੀ, ਪਤਲੀ ਪਤੰਗ ਅਤੇ ਵੇਖਣ ਨੂੰ ਖੁਸ਼ਮਿਜਾਜ਼ ਜਿਹੀ ਲੱਗ ਰਹੀ ਸੀ।

ਕੰਵਲ ਦੀ ਚਾਚੀ ਨੇ ਇਹੀ ਕਿਹਾ ਕਿ ਲੜਕੀ ਵਾਲਿਆਂ ਨੂੰ ਵੀ ਇੱਥੇ ਹੀ ਮੁੰਡੇ ਦੀ ਝਾਤੀ ਮਰਵਾ ਦਿੰਦੇ ਹਾਂ ਜਿਸਤੇ ਸਰਬਜੀਤ ਸਿੰਘ ਚਾਹਲ (ਕੰਵਲ ਦੇ ਡੈਡੀ)





ਨੇ ਇਜਾਜ਼ਤ ਦੇ ਦਿੱਤੀ। ਪਰ ਇਸ ਬਾਰੇ ਕੰਵਲ ਨੂੰ ਪਤਾ ਨਹੀਂ ਸੀ। ਪੈਲਸ ਦਾ ਸ਼ੋਰ-ਸ਼ਰਾਬਾ, ਡੀ.ਜੇ ਦਾ ਰੌਲਾ ਚੱਲ ਰਿਹਾ ਸੀ ਕਿ ਇਸੇ ਦੌਰਾਨ ਕਿਸੇ ਬਿਨਾਂ ਬੁਲਾਏ ਮਹਿਮਾਨ ਵੱਲੋਂ ਪੈਲਸ ਵਿੱਚ ਵਿਆਹ ਵੇਖ ਰਹੀਆਂ ਕੁੱਝ ਔਰਤਾਂ ਨੇ ਗਹਿਣੇ ਤੇ ਪਰਸ ਚੋਰੀ ਕਰ ਲਏ ਗਏ ਤੇ ਗੇਟ ਵੱਲ ਨੂੰ ਭੱਜ ਪਿਆ। ਬਾਹਰ ਗੱਡੀ ਵਿੱਚੋਂ ਕੁੱਝ ਸਮਾਨ ਲੈਣ ਗਏ ਕੰਵਲ ਦੀ ਨਜ਼ਰ ਉਕਤ ਚੋਰ ਤੇ ਪੈ ਗਈ ਉਸਨੇ ਤੁਰੰਤ ਉਸਦਾ ਪਿੱਛਾ ਕੀਤਾ ਅਤੇ ਬੜੀ ਚਲਾਕੀ  ਨਾਲ ਕਾਰ ਦੀ ਤਾਕੀ ਖੋਲ੍ਹ ਕੇ ਉਸਨੂੰ ਹੇਠਾਂ ਸੁੱਟ ਲਿਆ ਤੇ ਕਾਬੂ ਕਰ ਲਿਆ, ਇਸਤੋਂ ਪਹਿਲਾਂ ਕੇ ਹੋਰ ਲੋਕ ਇਕੱਠੇ ਹੁੰਦੇ ਚੋਰ ਸਾਰਾ ਸਮਾਨ ਛੱਡ ਕੇ ਭੱਜ ਤੁਰਿਆ। ਇਸ ਖਿੱਚ-ਧੂਹ ਵਿੱਚ ਕੰਵਲ ਦਾ ਸੱਜਾ ਹੱਥ ਜ਼ਖਮੀ ਹੋ ਗਿਆ ਅਤੇ ਪਾਏ ਹੋਏ ਕੱਪੜੇ ਵੀ ਇੱਕ ਸਾਈਡ ਤੋਂ ਫੱਟ ਗਏ।

ਪੈਲੇਸ ਦੇ ਬਾਹਰ ਖੜ੍ਹਾ ਗੇਟਕੀਪਰ ਤੁਰੰਤ ਉਸ ਕੋਲ ਭੱਜ ਕੇ ਆਇਆ ਤੇ ਉਸਨੂੰ ਅੰਦਰ ਲਿਜਾਣ ਲੱਗਾ, ਕਿ ਇੰਨੇ ਨੂੰ ਚਾਚੀ ਵੱਲੋਂ ਦੱਸੀ ਕੁੜੀ ਜਾਸਮੀਨ ਆਪਣੀਆਂ ਕੁੱਝ ਸਹੇਲੀਆਂ ਨਾਲ ਬਾਹਰ ਵੱਲ ਨੂੰ ਆ ਰਹੀ ਸੀ, ਕਿ ਉਸਦੀ ਇੱਕ ਸਹੇਲੀ ਨੇ ਚੀਕ ਕੇ ਕਿਹਾ, 'ਜੈਜ਼...! ਉਹ ਦੇਖ ਚੋਰ, ਉਸ ਕੋਲ ਤੇਰਾ ਪਰਸ ਤੇ ਹੋਰ ਪਰਸ.. ਲੱਗਦਾ ਫੜ੍ਹਿਆ ਗਿਆ...

ਚੱਲ ਜਲਦੀ ਅੰਦਰੋਂ ਸਾਰਿਆਂ ਨੂੰ ਬੁਲਾ ਕੇ ਲਿਆਉਂਦੇ ਹਾਂ..

ਤਦ ਤੱਕ ਗੇਟਕੀਪਰ ਅਤੇ ਕੰਵਲ ਪੈਲੇਸ ਦੇ ਦਫਤਰ ਵਿੱਚ ਜਾ ਚੁੱਕੇ ਸਨ। ਇੰਨੇ ਨੂੰ ਦਫਤਰ ਦੇ ਬਾਹਰ ਰੌਲਾ ਪੈਣ ਲੱਗ ਪਿਆ ਮੈਨੇਜਰ ਬਾਹਰ ਆਇਆ ਤਾਂ ਸੱਭ ਤੋਂ ਪਹਿਲਾਂ ਹੀ ਜਾਸਮੀਨ ਹੀ ਬੋਲੀ, 'ਅੰਕਲ, ਉਹ ਚੋਰ ਕਿੱਥੇ ਹੈ, ਜਿਹੜਾ ਸਾਡੇ ਪਰਸ ਚੁੱਕ ਕੇ ਭੱਜਾ ਸੀ..? ਵਿਆਹ ਵਾਲੇ ਮੁੱਖ ਸੱਜਣ ਵੀ ਉੱਥੇ ਆ ਗਏ ਤਾਂ ਅੰਦਰੋਂ ਹੱਥ ਤੇ ਪੱਟੀ ਬੰਨ੍ਹੀ ਕੰਵਲ ਵੀ ਬਾਹਰ ਨਿਕਲ ਆਇਆ..

ਉਹ ਹੈਰਾਨ ਸੀ ਕਿ ਇਹ ਕੀ ਹੋ ਰਿਹਾ ਹੈ? ਇਸ ਤੋਂ ਪਹਿਲਾਂ ਕਿ ਕੋਈ ਹੋਰ ਬੋਲਦਾ ਜਾਸਮੀਨ ਨੇ ਫਿਰ ਬੋਲਣਾ ਸ਼ੁਰੂ ਕੀਤਾ, 'ਤੂੰ ਕੀ ਸੋਚਿਆ ਸੀ ਕਿ ਵਧੀਆ ਕੱਪੜੇ ਪਾ ਕੇ ਪੈਲਸ ਵਿੱਚ ਦਾਖਲ ਹੋ ਕੇ ਤੂੰ ਲੋਕਾਂ ਨੂੰ ਲੁੱਟ ਕੇ ਲੈ ਜਾਵੇਂਗਾ...।' ਕਿ ਇੰਨੇ ਨੂੰ ਭੀੜ ਵਿੱਚੋਂ ਅਵਾਜ਼ ਆਈ, ਓ ਇਹ ਤਾਂ ਚਾਹਲ ਸਾਹਬ ਦਾ ਮੁੰਡਾ ਵਾ, ਚੋਰ ਕਿੱਥੇ ਹੈ...?

ਆਪਣੇ ਸਰਬਜੀਤ ਸਿੰਘ ਚਾਹਲ ਸਾਹਿਬ, ਇੰਨੇ ਨੂੰ ਕੰਵਲ ਦੇ ਪਾਪਾ ਵੀ

ਆ ਗਏ ਤੇ ਮੈਨੇਜਰ ਨੇ ਵੀ ਸਾਰਾ ਮਾਜ਼ਰਾ ਸਪੱਸ਼ਟ ਕਰ ਦਿੱਤਾ.. ਮੈਨੇਜਰ ਨੇ ਗੱਲ ਖਤਮ ਕੀਤੀ ਤੇ ਸਾਰੇ ਖਿੜ-ਖਿੜ ਕੇ ਹੱਸ ਪਏ ਤੇ ਵਿਚਾਰੀ ਜਾਸਮੀਨ ਨੂੰ ਧਰਤੀ ਥਾਂ ਨਾ ਦੇਵੇ...ਬੱਸ ਸੌਰੀ ਕਹਿ ਕੇ ਜਾਸਮੀਨ ਗਾਇਬ ਹੋ ਗਈ।

ਕੰਵਲ ਦੀ ਚਾਚੀ ਨੂੰ ਬੜਾ ਵੱਟ ਚੜ੍ਹਿਆ ਕਿ ਮੈਂ ਇਸ ਨਖੱਤੀ ਦੇ ਰਿਸ਼ਤੇ ਦੀ ਗੱਲ ਚਲਾ ਰਹੀ ਹਾਂ ਤੇ ਇਸ ਨੇ ਉਸਨੂੰ ਹੀ ਚੋਰ ਬਣਾ ਛੱਡਿਆ.. ਹੁਣ ਸੁਆਹ ਰਿਸ਼ਤਾ ਕਰਨਗੇ ਚਾਹਲ ਸਾਹਿਬ.... ਉਹ ਗੱਲੀਂ ਬਾਤੀਂ, ਗੱਲ ਨੂੰ ਗੋਲ ਮੋਲ ਕਰਨ ਲਈ ਮੁੜ ਚਾਹਲ ਸਾਹਬ ਕੋਲ ਆ ਗਈ, ਪਰ ਉਨਾਂ ਨੇ ਇਨ੍ਹਾਂ ਹੀ ਕਿਹਾ ਕਿ ਇਹ ਸੱਭ ਗਲਤਫਹਿਮੀ ਨਾਲ ਹੋਇਆ ਹੈ, ਉਸ ਤਰ੍ਹਾਂ ਬਈ ਕੁੜੀ ਤਾਂ ਹੁਸ਼ਿਆਰ ਆ, ਘੱਟੋ-ਘੱਟ ਕਦੇ ਘਰ ਵਿੱਚ ਕੋਈ ਚੋਰੀ ਤਾਂ ਨਾ ਹੋਊਗੀ... ਇੰਨਾ ਕਹਿੰਦਿਆਂ ਹੀ ਸਾਰੇ ਹੱਸ ਪਏ ਤੇ ਗੱਲ ਆਈ ਗਈ ਹੋ ਗਈ।

ਹਫਤੇ ਕੁ ਬਾਅਦ ਕੰਵਲ ਮੁੜ ਸੁਪਰੀਤ ਨੂੰ ਮਿਲਿਆ ਅਤੇ ਵਿਆਹ ਵਿੱਚ ਰਿਸ਼ਤੇਦਾਰਾਂ ਵੱਲੋਂ ਵਿਖਾਈ ਗਈ ਕੁੜੀ, ਅਤੇ ਉਸ ਸਮੇ ਵਾਪਰੀ ਉਹ ਘਟਨਾ ਬਾਰੇ ਦੱਸਿਆ.. ਸੁਪਰੀਤ ਬੜਾ ਖਿੜਖਿੜਾ ਕੇ ਹੱਸੀ.. ਪਰ ਫਿਰ ਗੰਭੀਰ ਹੁੰਦੀ ਹੋਈ ਵਿਅੰਗਮਈ ਜਿਹੇ ਅੰਦਾਜ਼ 'ਚ ਬੋਲੀ.. ਪੱਕਾ ਯਾਰ..? ਚੋਰੀ ਤੂੰ ਨਹੀਂ ਸੀ ਨਾ ਕੀਤੀ..? ਕਿ ਮਾਹੌਲ ਫਿਰ ਸ਼ਰਾਰਤ ਭਰਿਆ ਜਿਹਾ ਹੋ ਗਿਆ.. ਬੱਸ ਕਰ ਹੁਣ ਮਰਜੇਂ!! ਇੰਨਾ ਹੱਸੀ ਜਾਣ ਦਈਂ ਹੈ..

ਫਿਰ ਦੁਬਾਰਾ ਸੁਪਰੀਤ ਕਹਿਣ ਲੱਗੀ ਮੈਨੂੰ ਨਾਲ ਲੈ ਕੇ ਜਾਣਾ ਸੀ ਵਿਆਹ ਵਿੱਚ, ਫਿਰ ਮੈਂ ਦੱਸਦੀ ਉਸਨੂੰ ਚੋਰ ਕਿਸਨੂੰ ਕਹੀਦਾ ਏ..?

ਅੱਛਾ ਰੀਤ!! ਬੜੀਆਂ ਗੱਲਾਂ ਆਉਣ ਦਈਆਂ ਨੇ ਤੈਨੂੰ, ਕੋਈ ਨਾ ਮੇਰਾ ਵਿਆਹ ਹੋ ਜਾਣਾ, ਉਸ ਨਾਲ ਫਿਰ ਕਦੇ ਘਰ ਆ ਕੇ ਲੜ ਲਵੀਂ ਉਸ ਨਾਲ... ਨਹਿਲੇ ਤੇ ਦਹਿਲਾ ਮਾਰਦਾ ਹੋਏ ਕੰਵਲ ਬੋਲਿਆ...।

ਸੁਪਰੀਤ ਅੱਖਾਂ ਫੈਲਾਉਂਦੀ ਹੋਈ ਬੋਲੀ, ਕੀ ਕੀ.... ਕੀ... ਕੀ ਕਿਹਾ..?

ਹਾਂ.... ਹੁਣ ਆਈ ਨਾ ਲਾਈਨ ਤੇ... ਕਦੋਂ ਮੈਨੂੰ ਥੱਲੇ ਲਾਉਣ ਦਈ ਸੀ.. ਕੰਵਲ ਹੱਸਦਾ ਹੋਇਆ ਬੋਲਿਆ.. ਆਖੀਰ ਇਸ ਛੋਟੀ-ਛੋਟੀ ਨੋਕ ਝੋਕ ਤੋਂ ਹੁੰਦਿਆਂ ਹੋਇਆਂ ਗੱਲ ਸੀਰੀਅਸ ਜਿਹੇ ਮੋੜ ਤੇ ਆ ਪੁੱਜੀ...





ਕੰਵਲ ਕਹਿਣ ਲੱਗਾ ਜਾਂ ਤਾਂ ਭੱਜ ਕੇ ਕੋਰਟ ਮੈਰੀਜ਼ ਕਰਵਾ ਲਈਏ ਤੇ ਜਾਂ ਫਿਰ ਬਜ਼ਾਰ ਜਾ ਕੇ ਸੈਡ ਗਾਣੇ ਸੁਨਣ ਲਈ ਰੀਲਾਂ ਲੈ ਆਈਏ ...

ਕੰਵਲ! ਯਾਰ ਕਦੇ ਤਾਂ ਸੀਰੀਅਸ ਹੋ ਜਾਇਆ ਕਰੋ.. ਸੁਪਰੀਤ ਨੂੰ ਇੱਕ ਦਮ ਗੰਭੀਰ ਹੋਈ ਵੇਖ ਕੇ ਕੰਵਲ ਕਹਿਣ ਲੱਗਾ, ਓ.ਕੇ.. ਤਾਂ ਦੱਸ ਫਿਰ ਕਿੱਦਾਂ ਕਰਨੀ ਹੈ? ਤਾਂ ਅੱਗੋਂ ਇਸ ਸੁਆਲ ਦੇ ਜੁਆਬ ਵਿੱਚ ਸੁਪਰੀਤ ਨੇ ਫਿਰ ਸੁਆਲ ਕਰ ਦਿੱਤਾ, 'ਕੀ ਕੀਤਾ ਜਾਵੇ?'

ਸੁਆਲ ਦੇ ਬਦਲੇ ਸੁਆਲ ਆ ਜਾਣ ਨਾਲ ਜੁਆਬ ਫਿਰ ਨਾ ਲੱਭ ਸਕਿਆ..

ਕੁੱਝ ਦਿਨ ਬੀਤੇ ਤਾਂ ਕੰਵਲ ਦੀ ਚਾਚੀ ਉਹਨਾਂ ਘਰ ਆਈ ਤੇ ਉਸ ਰਿਸ਼ਤੇ ਬਾਰੇ ਗੱਲ ਕੀਤੀ, ਸਰਬਜੀਤ ਸਿੰਘ ਚਾਹਲ ਤੇ ਉਸਦੀ ਘਰਵਾਲੀ ਸੁਰਜੀਤ ਕੌਰ ਨੂੰ ਕਹਿਣ ਲੱਗੀ ਫਿਰ ਕੀ ਸੋਚਿਆ ਰਿਸ਼ਤੇ ਬਾਰੇ.. ? ਕੁੜੀ ਵਾਲਿਆਂ ਵੱਲੋਂ ਤਾਂ ਹਾਂ ਹੈ ਅਤੇ ਉਸ ਦਿਨ ਪੈਲਸ ਵਾਲੀ ਗੱਲ ਤੋਂ ਸਾਰਾ ਪਰਿਵਾਰ ਬਹੁਤ ਸ਼ਰਮਿੰਦਾ ਹੈ ਤੇ ਕੁੜੀ ਨੇ ਵੀ ਮੁਆਫੀ ਮੰਗੀ ਹੈ... ਸੁਰਜੀਤ ਬੋਲਣ ਲੱਗੀ ਕੁੜੀ ਤਾਂ ਸਾਨੂੰ ਪਸੰਦ ਹੈ ਪਰ..

ਪਰ ਕੀ...? ਭੈਣੇ... ਚਾਚੀ ਗੁਰਮੇਜੋ ਬੋਲੀ.. (ਗੁਰਮੇਜ ਕੌਰ ਨੂੰ ਸਾਰੇ ਗੁਰਮੇਜੋ ਚਾਚੀ ਕਹਿ ਕੇ ਹੀ ਬੁਲਾਉਂਦੇ ਸਨ)

ਕੁੱਝ ਨਹੀਂ, ਆਹ ਆਪਣਾ ਕੰਵਲ ਨਹੀਂ ਮੰਨਦਾ.. ਇਹ ਕਿਤੇ ਹੋਰ ਕੁੜੀ ਪਸੰਦ ਕਰ ਬੈਠਾ ਹੈ ਤੇ ਅੱਜ ਕੱਲ ਜ਼ਮਾਨਾ ਬਦਲ ਗਿਆ ਹੈ, ਨਿਆਣਿਆਂ ਦੀ ਪਸੰਦ ਵੀ ਵੇਖਣੀ ਪੈਂਦੀ ਹੈ।

ਚੱਲੋ ਠੀਕ ਆ ਜੀ.. ਪਰ ਚੰਗਾ ਹੁੰਦਾ ਭੈਣ ਜੀ, ਤੁਸੀਂ ਇਹ ਗੱਲ ਮੈਨੂੰ ਪਹਿਲਾਂ ਦੱਸ ਦਿੰਦੇ ਤਾਂ ਮੈਂ ਗੱਲ ਈ ਨਾ ਕਰਦੀ ਉਹਨਾਂ ਨਾਲ ਇਸ ਬਾਰੇ। ਅਗਲੇ ਇੰਨੇ ਸਾਊ ਬੰਦੇ ਨੇ, ਉਹਨਾਂ ਦੀ ਤਾਂ ਬੇਇਜ਼ਤੀ ਹੋ ਜਾਣੀ ਆ ਨਾ ਹੁਣ, ਤੁਹਾਡੇ ਕਰਕੇ।

ਨਾ ਗੁਰਮੇਜੋ! ਇਸ ਵਿੱਚ ਬੇਇੱਜ਼ਤੀ ਵਾਲੀ ਕਿਹੜੀ ਗੱਲ ਆ? ਅਸੀਂ ਕਿਹੜਾ ਕੁੜੀ ਰੋਕ ਕੇ ਛੱਡਣ ਲੱਗੇ ਹਾਂ.. ਬੱਚਿਆਂ ਦੀ ਮਰਜ਼ੀ ਵੀ ਵੇਖਣੀ ਪੈਂਦੀ ਆ, ਅੱਜ ਕੱਲ... ਤੂੰ ਤਾਂ ਸਿਆਣੀ ਹੈ, ਤੇਰੀ ਕੁੜੀ ਪ੍ਰੀਤੋ ਨੇ ਵੀ ਤਾਂ ਆਪਣੀ ਮਰਜ਼ੀ ਨਾਲ

ਈ ਵਿਆਹ ਕਰਵਾਇਆ ਸੀ।

ਇੰਨੀ ਗੱਲ ਸੁਣਦਿਆਂ ਈ, ਗੁਰਮੇਜੋ ਮੱਚ ਉੱਠੀ... ਵਾਹ ਭੈਣੇ ਵਾਹ!! ਸੋਹਣਾ ਮਿਹਣਾ ਮਾਰਿਆ ਈ.. ਤੇਰੀ ਧੀ ਨਹੀਂ ਨਾ ਹੈਗੀ, ਤਾਂ ਈ ਤੈਨੂੰ ਗੱਲਾਂ ਆਉਂਦੀਆਂ ਨੇ.. ਪੁੱਤਾਂ ਵਾਲੀ ਜੁ ਹੋਈ। ਮੈਂ ਤਾਂ ਦੋ ਘਰ ਜੋੜਨੇ ਚਾਹੁੰਦੀ ਸੀ...

ਨਾ ਨੀਂ ਗੁਰਮੇਜੋ! ਇਹ ਕੋਈ ਮਿਹਣਾ ਨਹੀਂ, ਮੈਂ ਤਾਂ ਸਰਸਰੀ ਗੱਲ ਕੀਤੀ ਆ ਕਿ ਹੁਣ ਬੱਚੇ ਅਡਵਾਂਸ ਨੇ.. ਨਾਲੇ ਅਸੀਂ ਕਿਹੜਾ ਕੰਵਲ ਦੇ ਪਸੰਦ ਦੀ ਕੁੜੀ ਨੂੰ ਹਾਂ ਕਰ ਦਿੱਤੀ ਹੈ, ਅਸੀਂ ਵੀ ਅਜੇ ਵੇਖਾਂ-ਚਾਖਾਂਗੇ, ਫਿਰ ਈ ਗੱਲ ਅੱਗੇ ਤੋਰਾਂਗੇ, ਤੂੰ ਤਾਂ ਐਵੇਂ ਈ ਬਾਤ ਦਾ ਬਤੰਗੜ ਬਣਾ ਕੇ ਆਪਸ ਵਿੱਚ ਖਟਾਸ ਪੈਦਾ ਕਰਨ ਲੱਗ ਪਈ ਹੈ, ਇਸ ਤਰ੍ਹਾਂ ਨਾ ਸੋਚ। ਸਾਨੂੰ ਤੇਰੇ ਬਾਰੇ ਕੋਈ ਇਤਰਾਜ਼ ਨਹੀਂ ਹੈ। ਸੁਰਜੀਤ ਬੋਲੀ..

ਚੱਲੋ ਠੀਕ ਆ, ਕੱਲ ਜਾਣਾ ਮੈਂ ਜਾਸਮੀਨ ਦੇ ਘਰ, ਸਮਝਾ ਬੁਝਾ ਆਉਂਗੀ ਗੱਲੀਂ ਬਾਤੀਂ, ਟਾਲ-ਮਟੋਲ ਕਰ ਦੇਵਾਂਗੀ.. ਕਹਿ ਕੇ ਗੁਰਮੇਜੋ ਚਾਹਲ ਸਾਹਬ ਦੇ ਘਰੋਂ ਚਲੀ ਗਈ...।

***

ਜਾਸਮੀਨ....! ਧੀਏ...!!! ਕਿੱਥੇ ਐਂ..? ਮੰਮੀ ਡੈਡੀ ਕਿੱਥੇ ਗਏ ਨੇ ਤੇਰੇ? ਅਗਲੇ ਦਿਨ ਜਾਸਮੀਨ ਦੇ ਘਰ ਦੀ ਦਹਲੀਜ਼ ਲੰਘਦੀ ਹੋਈ ਗੁਰਮੇਜੋ ਬੋਲੀ।

ਆਉ ਆਂਟੀ ਜੀ! ਸਤਿ ਸ੍ਰੀ ਅਕਾਲ, ਉਹ ਸਾਰੇ ਅੱਜ ਇੱਥੇ ਹੀ ਕਿਸੇ ਅਖੰਡਪਾਠ ਸਾਹਿਬ ਦੇ ਭੋਗ ਤੇ ਗਏ ਨੇ ਤੇ ਛੋਟਾ ਵੀਰਾ ਅਜੇ ਕਾਲਜ ਤੋਂ ਨਹੀਂ ਮੁੜਿਆ..।

ਅੱਛਾ ਠੀਕ ਆ... ਹੋਰ ਸੁਣਾ.. ਮੈਂ ਤਾਂ ਕੱਲ੍ਹ ਤੇਰੇ ਵਾਲੇ ਦੇ ਘਰ ਗਈ ਸੀ.. ਜਸਮੀਨ ਨੂੰ ਪਰਖਣ ਦੇ ਮਿਜਾਜ਼ ਵਿੱਚ ਗੁਰਮੇਜੋ ਬੋਲੀ..

ਓ.. ਹੋ.. ਆਂਟੀ ਜੀ ਮੇਰੇ ਵਾਲਾ ਕਿੱਥੋਂ ਹੋ ਗਿਆ..? ਉਹਨਾਂ ਤਾਂ ਉਸ ਪੈਲੇਸ ਵਾਲੀ ਗੱਲ ਕਰਕੇ ਮੇਰੇ ਤੋਂ ਤਾਂ ਖਾਰ ਹੀ ਬੜੀ ਖਾਂਦਾ ਹੋਣਾ... ਪਰ ਆਂਟੀ ਜੀ ਮੈਨੂੰ ਕੀ ਪਤਾ ਸੀ ਕਿ ਉਹ ਕੋਣ ਹੈ..? ਮੈਂ ਤਾਂ ਜੋ ਦੇਖਿਆ ਸਾਰਿਆਂ ਨੂੰ ਦੱਸ ਤਾ... ਪਰ ਮੇਰੇ ਤੋਂ ਗਲਤੀ ਹੋ ਗਈ।





ਚੱਲ ਕੋਈ ਨਾਂਹ, ਗਲਤੀ ਵੀ ਇਨਸਾਨਾਂ ਤੋਂ ਈ ਹੁੰਦੀ ਹੈ। ਮੈਂ ਕੱਲ੍ਹ ਗਈ ਸੀ ਉਹਨਾਂ ਵੱਲ ਮੁੰਡਾ ਤਾਂ ਬੜਾ ਸਾਊ ਹੈ ਤਾਂ ਹੀ ਤਾਂ ਤੇਰੇ ਰਿਸ਼ਤੇ ਦੀ ਗੱਲ ਚਲਾਈ ਸੀ ਉਸ ਨਾਲ..

ਮੇਰੇ ਰਿਸ਼ਤੇ ਦੀ, ਜਾਸਮੀਨ ਇਕ ਦਮ ਬੋਲੀ? ਪਰ ਮੈਨੂੰ ਤਾਂ ਕਿਸੇ ਨੇ ਅਜੇ ਇਸ ਬਾਰੇ ਕੁੱਝ ਦੱਸਿਆ ਹੀ ਨਹੀਂ....

ਤੇਰੇ ਮੰਮੀ ਡੈਡੀ ਨੂੰ ਸੱਭ ਪਤਾ ਹੈ, ਗੁਰਮੇਜੋ ਬੋਲੀ।

ਪਰ ਆਂਟੀ ਜੀ, ਮੈਂ ਉਸ ਨਾਲ ਵਿਆਹ ਨਹੀਂ ਕਰਵਾ ਸਕਦੀ.. ਮੈਂ ਉਸਨੂੰ ਜਾਣਦੀ ਨਹੀਂ ਪਹਿਚਾਣਦੀ ਨਹੀਂ.. ਇਸ ਤਰ੍ਹਾਂ ਕਿੱਦਾਂ ਮੈਂ ਵਿਆਹ ਲਈ ਮੰਨ ਜਾਵਾਂਗੀ..? ਜ਼ਿੰਦਗੀ ਵਿੱਚ ਵਿਆਹ ਸੱਭ ਤੋਂ ਅਹਿਮ ਮੋੜ ਹੁੰਦਾ ਹੈ, ਇਸ ਮੋੜ ਨੂੰ ਕੱਟਣ ਵਾਸਤੇ ਬਹੁਤ ਸੰਜੀਦਗੀ, ਪਰਖ ਅਤੇ ਸੋਚ ਸਮਝ ਕੇ ਕਦਮ ਰੱਖਣਾ ਪੈਂਦਾ ਹੈ, ਪੁਰਾਣੇ ਸਮੇਂ ਲੱਦ ਗਏ ਜਦ ਕੁੜੀਆਂ ਨੂੰ ਜਿੱਥੇ ਮਰਜ਼ੀ ਬੰਨ੍ਹ ਦਿੱਤਾ ਜਾਂਦਾ ਸੀ.. ਕੁੜੀਆਂ ਵੀ ਸਾਰੀ ਉਮਰ ਮਰਦ ਦੀ ਗੁਲਾਮੀ ਕਰਦੀਆਂ ਰਹਿੰਦੀਆਂ ਸਨ,,, ਹਾਂ ਚੰਗੀ ਕਿਸਮਤ ਨੂੰ ਕਈ ਰਾਜ ਵੀ ਕਰਦੀਆਂ ਅਤੇ ਜ਼ਿੰਦਗੀ ਦੇ ਹਰ ਸੁੱਖ ਭੋਗਦੀਆਂ ਸਨ ਪਰ ਬਹੁਤੀਆਂ ਦਾ ਹਾਲ...

ਚਾਚੀ ਕੜਕ ਕੇ ਬੋਲੀ.. ਇਹ ਹੋ ਕੀ ਗਿਆ ਅੱਜ ਕਲ੍ਹ ਲੋਕਾਂ ਨੂੰ, ਮੁੰਡੇ ਵਾਲੇ ਵੀ ਨਵੇਂ ਸਮਾਜ ਦੀਆਂ ਗੱਲਾਂ ਕਰਨ ਦਏ ਸੀ ਤੇ ਮੈਨੂੰ ਲੈਕਚਰ ਦੇ ਰਹੇ ਸੀ ਤੇ ਇੱਥੇ ਤੂੰ...

ਆਂਟੀ ਜੀ, ਇਸ ਵਿੱਚ ਬੁਰਾ ਹੈ ਵੀ ਕੀ..? ਤੁਹਾਡੀ ਬੇਟੀ ਨੇ ਵੀ ਤਾਂ ਆਪਣੀ ਮਰਜ਼ੀ ਨਾਲ ਵਿਆਹ ਕਰਵਾਇਆ ਸੀ...

ਗੁਰਮੇਜੋ ਫਿਰ ਹਾਈਪਰ ਹੋ ਗਈ, ਚੁੱਪ ਕਰ ਕੁੜੀਏ! ਹਰ ਥਾਂ ਮੇਰੀ ਧੀ ਨੂੰ ਵਿੱਚ ਕਿਉਂ ਲੈ ਆਉਂਦੇ ਹੋ, ਧੀ ਦਾ ਮਿਹਣਾ ਕਿਉਂ ਦੇਣ ਲੱਗ ਪੈਂਦੇ ਹੋ ਮੈਨੂੰ.. ਮੈਂ ਅੱਜ ਤੱਕ ਉਸ ਨੱਖਤੀ, ਕੁੱਤੀ ਦਾ ਮੂੰਹ ਤੱਕ ਨਹੀਂ ਵੇਖਿਆ, ਜਿਸ ਦਿਨ ਦਾ ਉਸ ਚੰਦਰੀ ਨੇ ਘਰੋਂ ਬਾਹਰ ਕਦਮ ਰੱਖਿਆ ਸੀ.. ਪਤਾ ਨਹੀਂ ਕਿਹੜੇ ਖਸਮਾਂ ਖਾਣੇ ਨਾਲ ਖੇਹ ਖਾਹ ਕੇ ਉਸਦੀ ਚੁੰਗਲ ਵਿੱਚ ਫਸ ਕੇ ਉਸ ਨਾਲ ਵਿਆਹ ਕਰਵਾਉਣ ਲਈ ਘਰੋਂ ਨਿਕਲ ਗਈ ਸੀ... ਮੇਰੇ ਵਾਸਤੇ ਤਾਂ ਉਹ ਉਸ ਦਿਨ ਹੀ ਮਰ ਗਈ ਸੀ, ਪਰ ਮੇਰਾ

ਖਹਿੜਾ ਕਿਤੇ ਨਹੀਂ ਛੱਡਦੀ...!!

ਆਂਟੀ ਜੀ! ਜਿੰਨੀ ਭੜਾਸ ਕੱਢਣੀ ਹੈ ਕੱਢ ਲਉ, ਪਰ ਮੇਰੀ ਗੱਲ ਵੱਲ ਧਿਆਨ ਦਿਉ.. ਪ੍ਰੀਤ ਨੂੰ ਅੱਜ ਘਰੋਂ ਗਈ ਨੂੰ ਤਿੰਨ ਸਾਲ ਹੋ ਗਏ ਨੇ.. ਤੁਸੀਂ ਇੱਕ ਵਾਰ ਵੀ ਉਸਦੇ ਮਗਰ ਜਾ ਕੇ ਉਸਦਾ ਹਾਲ ਨਹੀਂ ਪੁੱਛਿਆ.. ਪਰ ਤੁਹਾਨੂੰ ਪਤਾ ਵੀ ਹੈ ਉਹ ਕਿੱਥੇ ਹੈ? ਉਸਦੇ ਜਾਣ ਤੋਂ ਬਾਅਦ ਤੁਸੀਂ ਇੱਕ ਵਾਰ ਵੀ ਉਸਨੂੰ ਦੇਖਣ ਦੀ ਕੋਸ਼ਿਸ਼ ਨਹੀਂ ਕੀਤੀ..

ਆਂਟੀ ਜੀ ਮੈਂ ਦੱਸਦੀ ਹਾਂ ਉਸ ਬਾਰੇ, ਉਹ ਮੇਰੇ ਤੋਂ ਇੱਕ ਸਾਲ ਹੀ ਅੱਗੇ ਪੜ੍ਹਦੀ ਸੀ ਤੇ ਮੇਰੇ ਨਾਲ ਫੇਸਬੁੱਕ ਤੇ ਫ੍ਰੈਂਡ ਵੀ ਸੀ। ਜਦੋਂ ਘਰੋਂ ਗਈ ਸੀ ਤਾਂ ਬੀ.ਏ. ਕਰਕੇ ਹਟੀ ਸੀ ਤੇ ਅੱਜ ਉਹ ਐਮ.ਫਿੱਲ ਕਰ ਰਹੀ ਹੈ। ਤੁਸੀਂ ਤਾਂ ਉਸਨੂੰ ਦੱਸਵੀਂ ਤੱਕ ਹੀ ਪੜ੍ਹਾ ਸਕੇ ਸੀ, ਅਗੋਂ ਪੜ੍ਹਾਈ ਉਸਨੇ ਘਰ ਵਿੱਚ ਹੀ ਛੋਟੇ ਮੋਟੇ ਸਿਲਾਈ ਕਢਾਈ ਕਰਕੇ ਇਕੱਠੇ ਕੀਤੇ ਪੈਸਿਆਂ ਨਾਲ ਕੀਤੀ ਤੇ ਘਰ ਦੇ ਵੀ ਖਰਚੇ ਤੋਰੇ ਸੀ। ਸਿਆਣੀ ਕੁੜੀ ਸੀ। ਅੱਜ ਉਹ ਤੇ ਉਸਦਾ ਘਰਵਾਲਾ ਘੱਟੋ-ਘੱਟ ਪੰਝੀ-ਤੀਹ ਹਜ਼ਾਰ ਰੁਪਏ ਮਹੀਨਾ ਪ੍ਰਾਈਵੇਟ ਸੈਕਟਰ ਵਿੱਚ ਇੱਕ ਵੱਡੀ ਕੰਪਨੀ ਵਿੱਚ ਕੰਮ ਕਰਦੇ ਨੇ, ਦੋਹਾਂ ਜੀਆਂ ਕੋਲੋ ਆਪੋ-ਆਪਣੀਆਂ ਕਾਰਾਂ ਨੇ.. ਉਹ ਅੱਜ ਵੀ ਤੁਹਾਨੂੰ ਬਹੁਤ ਯਾਦ ਕਰਦੀ ਹੈ.. ਪਰ ਉਸਦਾ ਉਸ ਵੇਲੇ ਲਿਆ ਗਿਆ ਫੈਸਲਾ ਗਲਤ ਨਹੀਂ ਸੀ, ਮੁੰਡਾ ਬਹੁਤ ਚੰਗਾ ਅਤੇ ਮਿਹਨਤੀ ਪਰਿਵਾਰ ਨਾਲ ਸਬੰਧ ਰੱਖਦਾ ਸੀ, ਤੁਸੀਂ ਇੱਕ ਵਾਰ ਵੀ ਮੁੰਡੇ ਬਾਰੇ ਜਾਨਣ ਦੀ ਕੋਸ਼ਿਸ਼ ਨਹੀਂ ਕੀਤੀ... ਠੀਕ ਹੈ ਪੁਰਾਣੇ ਰੀਤੀ-ਰਿਵਾਜ਼, ਪ੍ਰੰਪਰਾਵਾਂ ਦੀ ਆਪਣੇ ਸਮੇਂ ਵਿੱਚ ਕੋਈ ਮਹੱਤਤਾ ਰਹੀ ਹੋਵੇਗੀ, ਪਰ ਅਜ ਕਲ ਸਮੇਂ ਦੇ ਨਾਲ ਮਨੁੱਖ ਨੂੰ ਆਪਣੀ ਸੋਚ ਸਮਝ ਨਾਲ ਸਹੀ ਫੈਸਲੇ ਲੈਣ ਦੇ ਯੋਗ ਹੋਣਾ ਚਾਹੀਦਾ ਹੈ ਤਾਂ ਕਿ ਭਵਿੱਖ ਵਿੱਚ ਗਲਤੀਆਂ ਨਾ ਹੋਣ। ਭਾਵੇਂ ਕਿ ਸੋਚ ਸਮਝ ਕੇ ਲਿਆ ਫੈਸਲਾ ਵੀ ਗਲਤ ਹੋ ਸਕਦਾ ਹੈ, ਪਰ ਕੋਸ਼ਿਸ਼ ਤਾਂ ਚੰਗੇ ਵਾਸਤੇ ਹੀ ਕਰਨੀ ਚਾਹੀਦੀ ਹੈ ਨਾ..?

ਜਦਕਿ ਦੂਜੇ ਪਾਸੇ ਤੁਸੀਂ ਆਪਣੇ ਮੁੰਡੇ ਦਾ ਵਿਆਹ ਪਿਛਲੇ ਸਾਲ ਕੀਤਾ ਹੈ। ਬੱਸ ਸੋਹਣੀ ਕੁੜੀ ਵੇਖ ਕੇ ਮੁੰਡਾ ਵਿਆਹਤਾ। ਹੁਣ ਦੱਸੋ ਉਹ ਸਾਰਾ ਦਿਨ ਤਿਆਰ ਹੋ ਕੇ ਫੱਬ ਕੇ ਬੈਠੀ ਰਹਿੰਦੀ ਹੈ, ਤੁਹਾਡੀ ਕੋਈ ਗੱਲ ਉਹ ਨਹੀਂ ਸੁਣਦੀ, ਚੌਂਕਾ ਚੁੱਲਾ ਤੁਹਾਨੂੰ ਆਪ ਕਰਨਾ ਪੈਂਦਾ ਹੈ, ਨੂੰਹ ਆਪਣੀ ਸੇਵਾ ਕਰਵਾਉਣ ਲਈ





ਲਿਆਂਦੀ ਸੀ ਜਾਂ ਉਸਦੀ ਸੇਵਾ ਕਰਨ ਨੂੰ..

ਹੁਣ ਤੀਜੀ ਗੱਲ ਸੁਣੋ!! ਕੰਵਲ ਜਿਸ ਕੁੜੀ ਨੂੰ ਪਿਆਰ ਕਰਦਾ ਹੈ, ਉਸਦਾ ਨਾਮ ਸੁਪਰੀਤ ਹੈ, ਬਹੁਤ ਹੀ ਸ਼ਰੀਫ, ਸੁੱਘੜ-ਸਿਆਣੀ, ਸਹਿਨਸ਼ੀਲ ਅਤੇ ਬਹੁਤ ਹੀ ਚੰਗੇ ਪਰਿਵਾਰ ਵਿੱਚੋਂ ਹੈ.. ਉਸ ਦਿਨ ਜਦ ਪੈਲੇਸ ਵਿੱਚ ਮੈਂ ਬੇਵਕੂਫੀ ਕੀਤੀ ਸੀ ਤਾਂ ਉਸ ਕੋਲੋਂ ਮੁਆਫੀ ਮੰਗਣ ਲਈ ਮੈਂ ਉਸਦਾ ਨਾਮ ਅਤੇ ਉਸਦਾ ਪਤਾ ਕਰਵਾ ਕੇ ਉਸ ਬਾਰੇ ਨੈੱਟ ਤੋਂ ਉਸਦਾ ਮੋਬਾਇਲ ਨੰਬਰ ਲੈ ਲਿਆ ਸੀ ਤੇ ਉਸ ਨਾਲ ਗੱਲ ਕਰ ਲਈ ਸੀ.. ਪਰ ਇਸ ਬਾਰੇ ਦੱਸਿਆ ਕਿਸੇ ਨੂੰ ਨਹੀਂ। ਮੈਨੂੰ ਵੀ ਉਸੇ ਨੇ ਦੱਸਿਆ ਸੀ ਕਿ ਗੁਰਮੇਜੋ ਚਾਚੀ ਤੇਰੀ ਦੱਸ ਮੇਰੇ ਲਈ ਪਾ ਰਹੀ ਹੈ ਤੇ ਉਸਨੇ ਸੁਪਰੀਤ ਬਾਰੇ ਦੱਸਿਆ ਅਤੇ ਮੈਂ ਸੁਪਰੀਤ ਨੂੰ ਪਹਿਲਾਂ ਤੋਂ ਜਾਣਦੀ ਸੀ ਕਿਉਂਕਿ ਅਸੀਂ ਦੋਵੇਂ ਕੰਪਿਊਟਰ ਡਿਪਲੋਮਾ ਇਕੱਠੀਆਂ ਇਕੋ ਜਗ੍ਹਾ ਤੋਂ ਕਰਦੀਆਂ ਪਈਆਂ ਹਾਂ।

ਚਾਚੀ ਦਾ ਤਾਂ ਮੂੰਹ ਹੀ ਖੁੱਲ੍ਹਾ ਰਹਿ ਗਿਆ... ਪਰ ਅੱਜ ਉਸਨੂੰ ਜਸਮੀਨ ਨੇ ਉਸ ਵੱਲੋਂ ਕੀਤੀਆਂ ਗਈਆਂ ਜਾਂ ਅਣਜਾਣੇ ਵਿੱਚ ਹੋਈਆਂ ਗਲਤੀਆਂ ਦਾ ਅਹਿਸਾਸ ਕਰਵਾ ਦਿੱਤਾ।

ਗੁਰਮੇਜੋ ਬੋਲੀ! ਕਮਾਲ ਦੀਆਂ ਨੇ ਤੁਹਾਡੀਆਂ ਪੜ੍ਹਾਈਆਂ, ਤੇ ਆਹ ਤੁਹਾਡੀਆਂ ਟਕਨੌਲਜੀਆਂ, ਜੋ ਹਰ ਬੰਦੇ ਬਾਰੇ ਝੱਟ ਹੀ ਸੱਭ ਕੁੱਝ ਪਤਾ ਕਰ ਲੈਂਦੇ ਜੇ... ਸਹੀ ਗੱਲ ਆ, ਸਾਨੂੰ ਚੰਗੇ ਵਾਸਤੇ ਤੇ ਭਵਿੱਖ ਬਾਰੇ ਸੋਚਣਾ ਚਾਹੀਦਾ ਹੈ ਅਤੇ ਕੀ ਠੀਕ ਜਾਂ ਕੀ ਗਲਤ ਦਾ ਅੰਦਾਜ਼ਾ ਲੰਮੀ ਸੋਚ ਤੋਂ ਲਗਾਉਣਾ ਚਾਹੀਦਾ ਨਾ ਕਿ ਢੀਠਤਾਈ ਤੋਂ...

ਮੈਂ ਵੀ ਜਲਦੀ ਆਪਣੀ ਧੀ ਤੇ ਜਵਾਈ ਨੂੰ ਮਿਲ ਕੇ ਆਊਂਗੀ ...

ਧੰਨਵਾਦ ਰੱਬਾ! ਜੋ ਅੱਜ ਇਸ ਨਿੱਕੀ ਕੁੜੀ ਨੇ ਮੇਰੀਆਂ ਅੱਖਾਂ ਖੋਲ੍ਹ ਦਿੱਤੀਆਂ..

ਕੀ ਗਲਤ ਜਾਂ ਕੀ ਠੀਕ ਇਹ ਤਾਂ ਰੱਬ ਦੇ ਹੱਥ ਵਿੱਚ ਹੁੰਦਾ ਹੈ, ਸਾਨੂੰ ਸੋਚ ਸਮਝ ਕੇ ਹਰ ਪੱਖ ਤੋਂ ਚੰਗੀ ਤਰ੍ਹਾਂ ਵਿਚਾਰ ਕੇ ਫੈਸਲੇ ਲੈਣੇ ਚਾਹੀਦੇ ਨੇ ਨਾ ਕਿ ਪ੍ਰੰਪਰਾਵਾਦੀ ਜਾਂ ਰੂੜੀਵਾਦੀ ਸੋਚ ਦੇ ਪ੍ਰਭਾਵ ਥੱਲੇ ਰਹਿ ਕੇ।

# ਜ਼ਿੰਦਗੀ ਦੇ ਪਹਿਲੂ

- 'ਧਰਮ ਵਿਖਾ ਕੇ ਵੰਡਣ ਦੀ ਥਾਂ, ਧਰਮ ਕਮਾ ਕੇ ਵੰਡਿਆ ਜਾਵੇ, ਤਾਂ ਸਮਾਜ ਆਪਣੇ ਆਪ ਸੁਧਰ ਸਕਦਾ ਹੈ।'
- 'ਧਰਮ ਕਮਾਉਣ ਵਾਲੀ ਚੀਜ਼ ਹੈ, ਤੇ ਅਸੀਂ ਵਿਖਾਉਣ ਵਾਲੀ ਬਣਾ ਛੱਡੀ ਹੈ.. ਸ਼ਾਇਦ ਇਹੀ ਕਾਰਣ ਹੈ ਕਿ ਧਰਮ ਦੀ ਆੜ ਹੇਠ ਪਾਪ ਹੁੰਦੇ ਨੇ।'
- 'ਜੇ ਕਿਸੇ ਗਰੀਬ ਦਾ ਦੁੱਖ ਧਿਆਨ ਨਾਲ ਸੁਣ ਲਿਆ ਜਾਵੇ ਤਾਂ ਅੱਧਾ ਘੱਟ ਜਾਂਦਾ ਹੈ।'
- 'ਜਦ ਵੀ ਕਿਸੇ ਦੀ ਤਰੀਫ ਕਰੋ ਤਾਂ ਪਿੱਠ ਪਿੱਛੇ, ਪਰ ਜੇ ਉਸੇ ਦੀ ਗਲਤੀ ਕੱਢਣੀ ਹੋਵੇ ਤਾਂ ਉਸਦੇ ਮੂੰਹ 'ਤੇ, ਪਰ ਉਦੋਂ ਜਦੋਂ ਉਹੋ ਇਕੱਲਾ ਹੋਵੇ ਤੇ ਬੇਇੱਜ਼ਤ ਮਹਿਸੂਸ ਨਾ ਕਰੇ।
- 'ਧਰਮ ਅੰਦਰੋਂ ਪੈਦਾ ਹੁੰਦਾ ਹੈ, ਬਾਹਰੋਂ ਦਿਖਾਇਆ ਜਾਣ ਵਾਲਾ ਧਰਮ, ਧਰਮ ਨਹੀਂ, ਧਾਰਮਿਕ ਪਾਖੰਡ ਜ਼ਰੂਰ ਹੋ ਸਕਦਾ ਹੈ'।
- 'ਜ਼ਰੂਰੀ ਨਹੀਂ ਕਿ ਧਰਮ ਦੀ ਗੱਲ ਕਰਨ ਵਾਲੇ ਦਾ ਪਹਿਰਾਵਾ ਵੀ ਧਾਰਮਿਕ ਹੋਵੇ ਅਤੇ ਧਾਰਮਿਕ ਪਹਿਰਾਵੇ ਵਾਲਾ ਹਰ ਸਖਸ਼ ਧਾਰਮਿਕ ਹੋਵੇ।'
- 'ਜਦ ਖੁਸ਼ੀ ਦਾ ਇੱਕ ਦਰਵਾਜ਼ਾ ਬੰਦ ਹੁੰਦਾ ਹੈ ਤਾਂ ਦੂਜਾ ਖੁੱਲ੍ਹ ਜਾਂਦਾ ਹੈ, ਪਰ ਅਕਸਰ ਇਨਸਾਨੀ ਫਿਤਰਤ ਬੰਦ ਦਰਵਾਜ਼ੇ ਨੂੰ ਹੀ ਵੇਖਦੀ ਰਹਿੰਦੀ ਹੈ।'
- 'ਜਿਸ ਘਰ ਵਿੱਚ ਖਾਣ-ਪੀਣ ਵਾਲੀਆ ਵਸਤੂਆਂ ਨੂੰ ਤਾਲਾ ਮਾਰ ਕੇ ਰੱਖਣ ਦੀ ਆਦਤ ਹੋਵੇ, ਉਸ ਘਰ ਵਿੱਚ ਕੋਈ ਵੀ ਸਿਹਤਮੰਦ ਅਤੇ ਤੰਦਰੁਸਤ ਨਹੀਂ ਹੋ ਸਕਦਾ।' -





- 'ਬਹੁਤ ਘੱਟ ਲੋਕ ਸਫਲ ਇਨਸਾਨ ਦੇ ਬਰਾਬਰ ਜਾਂ ਉਸ ਤੋਂ ਅੱਗੇ ਲੰਘਣ ਦੀ ਸੋਚਦੇ ਹਨ ਜਦਕਿ ਬਹੁਤੇ ਲੋਕ ਸਫਲ ਇਨਸਾਨ ਨੂੰ ਡੇਗ ਕੇ ਆਪਣੇ ਬਰਾਬਰ ਲਿਆਉਣ ਲਈ ਯਤਨਸ਼ੀਲ ਹੁੰਦੇ ਹਨ।'
- 'ਗੁਰਮਤਿ ਦਾ ਪ੍ਰਚਾਰ ਕਰਨ ਦੀ ਥਾਂ ਆਪਣੇ ਉੱਪਰ ਗੁਰਮਤਿ ਪੂਰੀ ਤਰ੍ਹਾਂ ਲਾਗੂ ਕਰ ਲਈ ਜਾਵੇ ਤਾਂ ਗੁਰਮਤਿ ਦਾ ਪ੍ਰਚਾਰ ਆਪਣੇ ਆਪ ਸ਼ੁਰੂ ਹੋ ਜਾਵੇਗਾ।'
- ਮਜ਼ਾਕ ਕਰਨ ਵਾਲੇ ਨਾਲੋਂ, ਮਜ਼ਾਕ ਸਹਿਣ ਵਾਲਾ ਜਿਆਦਾ ਵੱਡਾ ਹੁੰਦਾ ਹੈ।
- ਜਿੰਦਗੀ ਉਹ ਨਹੀਂ ਜੋ ਅਸੀਂ ਫੜ੍ਹੀ ਹੋਈ ਹੈ, ਜਿੰਦਗੀ ਤਾਂ ਉਹ ਹੈ ਜੋ ਅਸੀਂ ਛੱਡੀ ਹੋਈ ਹੈ।
- ਜਿਸ ਸਮਾਜ ਤੋਂ ਅਸੀਂ ਡਰਦੇ ਹਾਂ, ਉਹ ਬਾਹਰ ਨਹੀਂ, ਦਰਅਸਲ ਸਾਡੇ ਅੰਦਰ ਹੀ ਹੈ।
- ਅਜ਼ਾਦ ਹੋ ਕੇ ਵੀ, ਅਸੀਂ ਸਮਾਜਿਕ ਕੈਦੀ ਵਜੋਂ ਜਿੰਦਗੀ ਜਿਉਂਦੇ ਹਾਂ।

# ਅਲਵਿਦਾ

ਦੋਸਤੋ ! ਹੁਣ ਅਲਵਿਦਾ ਕਹਿਣ ਦਾ ਸਮਾਂ ਆ ਗਿਆ ਹੈ। ਹੋ ਸਕਦਾ ਹੈ ਪੁਸਤਕ ਵਿਚਲੀਆਂ ਕਹਾਣੀਆਂ ਦੇ ਕਈ ਪਾਤਰਾਂ ਨੂੰ ਕਿਸੇ ਨਾ ਕਿਸੇ ਹੋਰ ਰੂਪ ਵਿੱਚ ਤੁਸੀਂ ਆਪਣੀ ਜ਼ਿੰਦਗੀ ਵਿੱਚ ਪਹਿਲਾਂ ਕਦੇ ਮਿਲ ਚੁੱਕੇ ਹੋਵੇ, ਜਾਂ ਜਾਣਦੇ ਹੋਵੇ ਤੇ ਜਾਂ ਫਿਰ ਭਵਿੱਖ ਵਿੱਚ ਮਿਲ ਸਕੋ। ਜ਼ਿੰਦਗੀ ਦੇ ਵਿੱਚ ਬਹੁਤ ਸਾਰੀਆਂ ਘਟਨਾਵਾਂ ਸਾਡੇ ਆਲੇ ਦੁਆਲੇ ਵਾਪਰਦੀਆਂ ਰਹਿੰਦੀਆਂ ਹਨ, ਜੋ ਕਈ ਵਾਰ ਸਾਨੂੰ ਧੁਰ ਅੰਦਰ ਤੱਕ ਛੂਹ ਜਾਂਦੀਆਂ ਹਨ। ਇਸ ਦੁਨੀਆ ਵਿੱਚ ਅਸੀਂ ਬਹੁਤ ਕੁੱਝ ਇੱਕ ਦੂਜੇ ਤੋਂ ਸਿੱਖਦੇ ਹਾਂ, ਕਈ ਵਾਰ ਬਹੁਤ ਟੁੱਟ ਜਾਂਦੇ ਹਾਂ ਤੇ ਕਈ ਵਾਰ ਬਹੁਤ ਖੁਸ਼ ਹੋ ਜਾਂਦੇ ਹਾਂ। ਹਰ ਇੱਕ ਦੀ ਜ਼ਿੰਦਗੀ ਵਿੱਚ ਕੋਈ ਨਾ ਕੋਈ ਦੁੱਖ ਕਿਸੇ ਨਾ ਕਿਸੇ ਰੂਪ ਵਿੱਚ ਹਮੇਸ਼ਾਂ ਰਹਿੰਦਾ ਹੈ, ਜੋ ਇਸ ਉਤੇ ਜਿੱਤ ਪ੍ਰਾਪਤ ਕਰ ਲੈਂਦੇ ਹਨ, ਉਹ ਜ਼ਿੰਦਗੀ ਦਾ ਆਨੰਦ ਮਾਣ ਜਾਂਦੇ ਹਨ, ਜੋ ਹਾਰ ਜਾਂਦੇ ਹਨ, ਉਹ ਸਾਰੀ ਜ਼ਿੰਦਗੀ ਨਿਰਾਸ਼ਤਾ ਭਰੇ ਆਲਮ ਵਿੱਚ ਗੁਜ਼ਾਰ ਲੈਣ ਤੋਂ ਬਾਅਦ ਕੁੱਝ ਵੀ ਪ੍ਰਾਪਤ ਨਹੀਂ ਕਰ ਸਕਦੇ।

ਮੈਂ ਸਮਝਦਾ ਹਾਂ ਕਿ ਜੋ ਲੋਕ ਜ਼ਿੰਦਗੀ ਵਿੱਚ ਆਉਣ ਵਾਲੀ ਹਰ ਮੁਸ਼ਕਿਲ ਨੂੰ ਖਿੜੇ ਮੱਥੇ ਜੀ ਆਇਆਂ ਆਖਦੇ ਹਨ ਅਤੇ ਮੁਸ਼ਕਲਾਂ ਨਾਲ ਉਲਝਣ ਵਿੱਚ ਵੀ ਅਨੰਦਿਤ ਮਹਿਸੂਸ ਕਰਦੇ ਹਨ, ਉਹੀ ਵਿਅਕਤੀ ਜ਼ਿੰਦਗੀ ਨੂੰ ਅਸਲ ਰੂਪ ਵਿੱਚ ਜਿਉਂਦੇ ਹਨ। ਭਾਵੇਂ ਕਿ ਕਈ ਵਾਰ ਇਸ ਤਰ੍ਹਾਂ ਹੁੰਦਾ ਹੈ ਕਿ ਅਜਿਹੀ ਸਥਿਤੀ ਬਣ ਜਾਂਦੀ ਹੈ 'ਜਦ ਦੁੱਖ ਇਸ ਗੱਲ ਦਾ ਨਹੀਂ ਹੁੰਦਾ ਕਿ ਸਾਡੇ ਕੋਲ ਆਤੀਤ ਵਿੱਚ ਬਹੁਤ ਕੁੱਝ ਗੁਆਚ ਗਿਆ ਹੈ ਪਰ ਦੁੱਖ ਇਸ ਗੱਲ ਦਾ ਹੁੰਦਾ ਹੈ ਕਿ ਭਵਿੱਖ ਵਿੱਚ ਪਾਉਣ ਲਈ ਵੀ ਕੁੱਝ ਨਹੀਂ ਰਿਹਾ', ਸਾਨੂੰ ਉਸ ਵਕਤ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਅਸੀਂ ਇਸ ਦੁਨੀਆ ਵਿੱਚ ਇਕੱਲੇ ਆਏ ਸੀ ਅਤੇ ਇੱਕ ਦਿਨ ਇਕੱਲੇ ਹੀ ਚਲੇ ਜਾਣਾ ਹੈ, ਇਹ ਰਿਸ਼ਤੇ-ਨਾਤੇ, ਸਾਕ-ਸਬੰਧੀ ਕੇਵਲ ਜ਼ਿੰਦਗੀ ਦਾ ਇਹ ਪੰਧ ਮੁਕਾਉਣ ਵਾਸਤੇ ਇੱਕ ਮੁਸਾਫਿਰ ਦੀ ਤਰ੍ਹਾਂ ਹੁੰਦੇ ਹਨ ਅਤੇ ਮੁਸਾਫਿਰਾਂ ਨੇ ਵੀ ਆਪੋ-





ਆਪਣੇ ਰਾਹ ਪੈਣਾ ਹੁੰਦਾ ਹੈ, ਕਿਸੇ ਵੀ ਮੁਸਾਫਰ ਨੇ ਸਾਡੇ ਨਾਲ ਆਖੀਰ ਤੱਕ ਨਹੀਂ ਜਾਣਾ ਹੁੰਦਾ। ਸੋ ਕਿਉਂ ਨਾ ਇਸ ਸਫਰ ਦਾ ਆਨੰਦ ਮਾਣਦੇ ਹੋਏ ਉਸ ਪ੍ਰਭੂ-ਪ੍ਰਮਾਤਮਾ ਦਾ ਧੰਨਵਾਦ ਕਰਦੇ ਹੋਏ ਜ਼ਿੰਦਗੀ ਨੂੰ ਜੀਅ ਲਈਏ ਜਿਸ ਨੇ ਤੁਹਾਨੂੰ ਹੀ ਯੋਗ ਜਾਣ ਕੇ ਹੋਰਨਾਂ ਜਾਤੀਆਂ ਵਿੱਚ ਪਾਉਣ ਦੀ ਥਾਂ ਤੁਹਾਨੂੰ ਮਨੁੱਖਾ ਦੇਹੀ ਬਖਸ਼ਿਸ਼ ਕੀਤੀ ਤਾਂ ਕਿ ਤੁਸੀਂ ਇਸ ਦੁਨੀਆਂ ਦੇ ਰੰਗ-ਤਮਾਸ਼ੇ ਵੇਖਦੇ ਹੋਏ ਆਪਣੀ ਜ਼ਿੰਦਗੀ ਦੇ ਮਨੋਰਥ ਨੂੰ ਸਫਲ ਕਰਦੇ ਹੋਏ, ਪ੍ਰਮਾਤਮਾ ਨਾਲ ਇੱਕ ਮਿਕ ਹੋ ਸਕੋ।

ਆਪਣੀ ਮਰਜ਼ੀ ਦੇ ਮਾਲਕ ਆਪ ਬਣੋ, ਸੋਚ ਸਮਝ ਕੇ ਆਪਣੇ ਫੈਸਲੇ ਖੁਦ ਕਰੋ। ਜ਼ਿੰਦਗੀ ਵਿੱਚ ਉਤਰਾਅ-ਚੜਾਅ ਆਉਣੇ ਲਾਜ਼ਮੀ ਹਨ। ਕਿਉਂਕਿ ਕਈ ਵਾਰ ਮੈਂ ਮਹਿਸੂਸ ਕਰਦਾ ਹਾਂ ਕਿ ਜ਼ਿੰਦਗੀ ਉਹ ਨਹੀਂ ਜੋ ਅਸੀਂ ਜਿਉਂਦੇ ਹਾਂ, ਬਲਕਿ ਜ਼ਿੰਦਗੀ ਤਾਂ ਉਹ ਹੈ ਜੋ ਅਸੀਂ ਜਿਉਣੀ ਹੈ, ਪਰ ਕਿਸੇ ਇੱਕ ਚੀਜ਼ ਬਦਲੇ ਬਹੁਤੀਆਂ ਨਹੀਂ ਛੱਡ ਦੇਈਦੀਆਂ ਤੇ ਬਲਕਿ ਬਹੁਤੀਆਂ ਦੇ ਬਦਲੇ ਇੱਕ ਛੱਡਣੀ ਪਵੇ ਤਾਂ ਜ਼ਰੂਰ ਛੱਡ ਦੇਣੀ ਚਾਹੀਦੀ ਹੈ। ਯਾਦ ਰੱਖੋ ਜਦ ਖੁਸ਼ੀ ਦਾ ਇੱਕ ਦਰਵਾਜ਼ਾ ਬੰਦ ਹੋ ਜਾਂਦਾ ਹੈ ਤਾਂ ਦੂਸਰਾ ਨਾਲ ਹੀ ਖੁੱਲ ਜਾਂਦਾ ਹੈ, ਪਰ ਇਨਸਾਨੀ ਫਿਤਰਤ ਹੈ ਕਿ ਉਹ ਬੰਦ ਦਰਵਾਜ਼ੇ ਵੱਲ ਹੀ ਅੱਖਾਂ ਵਿਛਾ ਜੇ ਵੇਖਦੀ ਰਹਿੰਦੀ ਹੈ।

ਸੋਚ ਨੂੰ ਪੂਰੀ ਤਰ੍ਹਾਂ ਆਜ਼ਾਦ ਅਤੇ ਵਿਸ਼ਾਲ ਰੱਖੋ। ਆਉ ! ਸਮਾਜ ਪ੍ਰਤੀ ਨਜ਼ਰੀਆ ਬਦਲੀਏ, ਸੋਚ ਬਦਲੀਏ, ਜ਼ਿੰਦਗੀ ਬਦਲੀਏ।

ਅਲਵਿਦਾ..

**ਇਕਵਾਕ ਸਿੰਘ ਪੱਟੀ**



ਇਕਵਾਕ ਸਿੰਘ ਪੱਟੀ

ਨੌਜਵਾਨ ਲੇਖਕ ਸ. ਇਕਵਾਕ ਸਿੰਘ ਪੱਟੀ ਨੇ ਆਪਣੀ ਸਖ਼ਤ ਮਿਹਨਤ ਅਤੇ ਲਗਨ ਨਾਲ ਆਪਣੀ ਖਾਸ ਪਹਿਚਾਣ ਬਣਾਈ ਹੈ। ਬਤੌਰ ਇੱਕ ਸਫਲ ਲੇਖਕ ਹੋਣ ਦੇ ਨਾਲ ਇੱਕ ਵਧੀਆ ਸੰਪਾਦਕ, ਰੇਡੀਉ ਆਰਟਿਸਟ, ਤਬਲਾ ਵਾਦਕ ਅਤੇ ਬੁਲਾਰੇ ਵੱਜੋਂ ਜਾਣੇ ਜਾਂਦੇ ਇਸ ਨੌਜਵਾਨ ਨੂੰ ਮੈਂ ਪਿਛਲੇ ਲੰਮੇ ਸਮੇਂ ਤੋਂ ਜਾਣਦਾ ਹਾਂ।

ਇਸ ਦਾ ਮੌਜੀ ਜਿਹਾ ਸੁਭਾਅ, ਖੁਸ਼-ਮਿਜਾਜ਼ ਅੰਦਾਜ ਅਤੇ ਬਾ-ਕਮਾਲ ਦੀ ਲੇਖਣੀ ਹਰ ਕਿਸੇ ਨੂੰ ਆਪਣੇ ਵੱਲ ਖਿੱਚਣ ਦੀ ਤਾਕਤ ਰੱਖਦੀ ਹੈ। ਇਸਦੀ ਪਹਿਲੀ ਸੰਪਾਦਿਤ ਕੀਤੀ ਪੁਸਤਕ 'ਨਸੀਬ' ਪੜ੍ਹਨ ਤੋਂ ਬਾਅਦ ਹੱਥਲੀ ਪੁਸਤਕ 'ਕਾਗਜ਼' ਦਾ ਬਹੁੱਤ ਇੰਤਜ਼ਾਰ ਸੀ। ਆਖੀਰ ਇੰਤਜ਼ਾਰ ਖਤਮ ਹੋਇਆ ਹੈ। ਇਕਵਾਕ ਸਿੰਘ ਪੱਟੀ ਵੱਲੋਂ ਰਚਿਤ ਕਹਾਣੀਆਂ ਨਾਲ ਪਾਠਕ ਇਸ ਤਰ੍ਹਾਂ ਜੁੜ ਜਾਂਦੇ ਹਨ, ਜਿਵੇਂ ਉਹਨਾਂ ਦੀਆਂ ਆਪਣੀਆਂ ਹੀ ਕਹਾਣੀਆਂ ਹੋਵਣ। ਸਮਾਜਿਕ ਵਲਵਲਿਆਂ ਨੂੰ ਸਿੱਧੇ ਅਤੇ ਸਪੱਸ਼ਟ ਰੂਪ ਵਿਚ ਪੇਸ਼ ਕਰਨ ਦੀ ਮੁਹਾਰਤ ਜੋ ਇਕਵਾਕ ਸਿੰਘ ਪੱਟੀ ਕੋਲ ਹੈ ਉਹ ਸ਼ਾਇਦ ਹੀ ਕਿਸੇ ਕੋਲ ਹੋਵੇ।

ਇਕਵਾਕ ਸਿੰਘ ਪੱਟੀ ਵੱਲੋਂ ਰਚਿਤ ਕਹਾਣੀਆਂ ਸਿਰਫ ਸਮਾਜ ਤੱਕ ਹੀ ਸੀਮਿਤ ਨਹੀਂ ਰਹਿੰਦੀਆਂ, ਸਗੋਂ ਆਪਣੇ ਆਲੇ-ਦੁਆਲੇ, ਘਰ-ਪਰਿਵਾਰ, ਰਿਸ਼ਤੇ-ਨਾਤੇ ,ਆਂਢ-ਗੁਆਂਢ ਵਿਚ ਆ ਚੁਕੀਆਂ ਕਮੀਆਂ ਨੂੰ ਵੀ ਦਰਸਾਉਂਦੀਆਂ ਹਨ ਅਤੇ ਇਹਨਾਂ ਕਮੀਆਂ ਜਾਂ ਘਾਟਾਂ ਨੂੰ ਦੂਰ ਕਰਨ ਲਈ ਉਤਸ਼ਾਹਿਤ ਕਰਦੀਆਂ ਹਨ।

ਹੱਥਲੀ ਪੁਸਤਕ ਵਿੱਚ ਦਰਜ਼ ਕਾਫੀ ਕਹਾਣੀਆਂ ਸਮਾਜ ਦੇ ਅਹਿਮ ਮੁੱਦਿਆਂ ਬਾਰੇ ਗੰਭੀਰ ਰੂਪ ਵਿੱਚ ਸੋਚਣ ਲਈ ਮਜ਼ਬੂਰ ਕਰਦੀਆਂ ਹਨ, ਉਥੇ ਨੌਜਵਾਨ ਪੀੜ੍ਹੀ ਅਤੇ ਪੁਰਾਣੀ ਪੀੜ੍ਹੀ ਵਿਚਲੇ ਆ ਰਹੇ ਬਦਲਾਵ ਬਾਰੇ ਵੀ ਬਹੁਤ ਕੁੱਝ ਦੱਸਦੀਆਂ ਹਨ। ਆਖੀਰ ਚੜ੍ਹਦੀ ਕਲਾ ਦੀ ਅਰਦਾਸ ਕਰਦੇ ਹੋਏ, ਇਕਵਾਕ ਸਿੰਘ ਪੱਟੀ ਦੀ ਤੰਦਰੁਸਤੀ ਦੀ ਦੁਆ ਅਕਾਲ ਪੁਰਖ ਅੱਗੇ ਕਰਦੇ ਹਾਂ। ਆਮੀਨ!

- ਦਮਨਦੀਪ ਸਿੰਘ, ਅੰਮ੍ਰਿਤਸਰ।

**Rattan Brothers**
Jodh Nagar, Sultanwind Road,
Amritsar. Punjab

ISBN : 978-93-5265-727-8

www.PunjabiLibrary.com

ਕਾਗਜ਼

ਇਕਵਾਕ ਸਿੰਘ ਪੱਟੀ

# ਕਾਗਜ਼



ਇਕਵਾਕ ਸਿੰਘ ਪੱਟੀ

www.PunjabiLibrary.com